# ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਪਹਿਲਾ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ : 2010**

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

*ਛਾਪਕ :*

**ਪ੍ਰਿੰਟਵੈੱਲ**

146, ਇੰਡੀਸਟ੍ਰੀਅਲ ਫੋਕਲ ਪੁਆਇੰਟ,

ਅੰਮ੍ਰਿਤਸਰ

# ਤਤਕਰਾ


| | |
|---|---|
| ਤੇ ਸਹਿਜ ਸੁਹੇਲੇ ਗੁਣਹਿ ਅਮੋਲੇ ਜਗਤ ਉਧਾਰਣ ਆਏ | 11 |
| ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ ਬਾਬਾ ਜੀ ਬਾਰੇ ਭਵਿੱਖਤ ਬਚਨ | 15 |
| ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ | 16 |
| ਭਗਤਿ ਭਗਤਨ ਹੂੰ ਬਨਿ ਆਈ | 28 |
| ਏਕ ਟੇਕ ਗੋਵਿੰਦ ਕੀ ਤਿਆਗੀ ਅਨੁ ਆਸ | 30 |
| ਭਵਿੱਖ ਬਾਰੇ ਮਾਤਾ ਪਿਤਾ ਨਾਲ ਬਚਨ | 32 |
| ਪ੍ਰਭ ਜੀ ਬਸਹਿ ਸਾਧ ਕੀ ਰਸਨਾ | 35 |
| ਘਰੋਂ ਬਾਹਰ ਇਕਾਂਤ ਵਿੱਚ ਰਹਿਣਾ | 37 |
| ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥ | 39 |
| ਸੰਤ ਰਾਮ ਸਿੰਘ ਜੀ ਸੂਸ਼ਾਂ ਵਾਲਿਆਂ ਨਾਲ ਮਿਲਾਪ | 40 |
| ਨਿਝਰਾਂ ਦੀ ਪੰਡੋਰੀ | 44 |
| ਸ੍ਰੀ ਅੰਮ੍ਰਿਤਸਰ ਨਿਵਾਸ ਦਰਸ਼ਨ ਹੋਣੇ ਤੇ ਘਰ ਪਹੁੰਚਣਾ | 48 |
| ਘਰੇ ਟਿਕਾਣਾ, ਫਿਰ ਘਰੋਂ ਚਲੇ ਜਾਣਾ | 53 |
| ਕਪੂਰਲੇ ਪਹੁੰਚਣਾ | 55 |
| ਸਾਧ ਕੈ ਸੰਗਿ ਨਹੀ ਕਛੁ ਘਾਲ ॥ | 58 |
| ਦਰਸਨੁ ਭੇਟਤ ਹੋਤ ਨਿਹਾਲ ॥ | 58 |
| ਊਨੇ ਬੇਦੀ ਸਾਹਿਬਜ਼ਾਦੇ ਨਾਲ ਮਿਲਾਪ | 61 |
| ਊਨੇ ਸਾਹਿਬ ਤੋਂ ਚੱਲ ਕੇ ਜੰਗਲ ਵਿੱਚ | 62 |
| ਹੋਰ ਕਈ ਅਸਥਾਨਾਂ ਤੇ ਵਿਚਰ ਕੇ ਘਰ ਘਰੋਂ ਫਿਰ ਬਾਹਰ | 64 |
| ਇੱਕ ਮੁਸਲਮਾਨ ਫ਼ਕੀਰ ਨਾਲ ਮੇਲ | 65 |
| ਜਗਰਾਂਓ ਪੀਰ ਲੱਪੇ ਸ਼ਾਹ ਕੋਲ ਅਤੇ ਇਸ ਦੇ ਆਸੇ ਪਾਸੇ | 70 |
| ਜਗਰਾਵਾਂ ਤੋਂ ਹਠੂਰ ਵੱਲ | 72 |
| ਹਠੂਰ ਦੀ ਵਾਰਤਾ | 73 |
| ਸਤਲੁਜ ਦੇ ਕਿਨਾਰੇ | 75 |
| ਸਤਲੁਜ ਕਿਨਾਰੇ ਤੋਂ ਬਰਨਾਲੇ ਵੱਲ | 78 |
| ਬਾਬਾ ਜੀ ਨੇ ਧਨੌਲੇ ਪਹੁੰਚਨਾ | 81 |
| ਡਿਉਢਾ ਦੁਵਈਆ | 82 |

| | |
|---|---|
| ਕੋਰੜਾ ਛੰਦ | 83 |
| ਸਿਰ ਖਿੰਡੀ ਛੰਦ | 84 |
| ਜਿਮੀਂਦਾਰ ਤੇ ਕ੍ਰਿਪਾ ਕਰਨੀ | 85 |
| ਸੰਤ ਗੰਗਾ ਰਾਮ ਨਾਲ ਮਿਲਾਪ | 87 |
| ਸੰਤ ਮੰਡਲੀ ਨਾਲ ਗਿਆਨ ਚਰਚਾ | 89 |
| ਇੱਕ ਦੁਖੀਏ ਦਾ ਦੁੱਖ ਦੂਰ ਕਰਨਾ | 92 |
| ਨਾਮ ਮਹਾਤਮਾ ਅਤੇ ਰਿਧ ਸਿਧ | 94 |
| ਇਕ ਜਿਮੀਂਦਾਰ ਤੇ ਕਿਰਪਾ ਕਰਨੀ | 98 |
| ਭਾਰੀ ਤਪੱਸਿਆ ਕਰਨੀ | 104 |
| ਭਗਤੇ ਪਹੁੰਚਨਾ | 112 |
| ਵਿਚਾਰ | 113 |
| ਸਿਰੀਏ ਵਾਲੇ ਦੀ ਵਾਰਤਾ | 115 |
| ਕੋਠਾ ਗੁਰੂ ਦੇ ਮਲੂਕੇ ਦੀ ਵਾਰਤਾ | 117 |
| ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਜੰਡਾਂ ਵਾਲੇ ਦਾ ਬ੍ਰਿਤਾਂਤ | 124 |
| ਚੋਰਾਂ ਤੋਂ ਸਾਧ | 127 |
| ਸੇਵਕੁ ਕੀਨੋ ਸਦਾ ਨਿਹਾਲੁ ॥ ਜੰਡਾਂ ਵਾਲੇ ਤੋਂ ਤੁਰਨਾ | 131 |
| ਭੋਲੂ ਵਾਲਾ | 132 |
| ਡੇਰਾ ਬਾਬਾ ਰੂਮੀ ਵਾਲਾ ਭੁਚੋ ਕਲਾਂ | 133 |
| ਸੰਤ ਬਾਬਾ ਸੁਖਦੇਵ ਸਿੰਘ ਜੀ ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ | 134 |


***

# ਅਰਦਾਸ

ਦੁਖੀਆ ਦਰਦ ਵੰਦ ਦਰ ਉਤੇ,
ਦੂਰੋਂ ਚਲਕੇ ਆਇਆ॥
ਦਰ ਦਰ ਭਟਕੇ ਠੋਕਰ ਖਾਵੇ,
ਕਿਤੋਂ ਜਵਾਬ ਨਾ ਪਾਇਆ॥
ਕਰ ਮਿਹਰਾਮਤ ਆਪਣੀ ਸਾਂਈ,
ਆਪਣੇ ਚਰਨ ਲਗਾਲੈ॥
ਮਾਂ ਲਾਲੀ ਪਿਓ ਲਾਲਾ,
ਹਉ ਲਾਲੇ ਕਾ ਜਾਇਆ॥


## ਲੇਖਕ ਸਤਿਨਾਮ ਸਿੰਘ

ਪਿੰਡ ਤੇ ਡਾ. ਡਰੌਲੀ ਭਾਈ
ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ


ਅਸੀਸਾਂ ਬਾਬਾ ਖੇਮ ਸਿੰਘ ਜੀ ਡੇਰਾ ਬਾਬਾ ਰੁੰਮੀ ਵਾਲਾ
ਵੱਲੋਂ:-ਮੌਜੂਦਾ ਮਹਾਂਪੁਰਸ਼ ਬਾਬਾ ਸੁਖਦੇਵ ਸਿੰਘ ਜੀ ਡੇਰਾ ਬਾਬਾ ਰੁੰਮੀ ਵਾਲਾ

# ਸਮਰਪਨ

ਇਸ ਧਰਤੀ ਦਾ ਮਾਲਕ ਆਪੇ, ਆਪੇ ਬਾਗ ਲਗਾਇਆ॥
ਆਪੇ ਪਾਣੀ ਰਿਹਾ ਲਗਾਉਂਦਾ, ਆਪੇ ਫੁੱਲ ਖਿੜਾਇਆ॥
ਖਿੜੇ ਫੁੱਲ ਖਸ਼ਬੂਆਂ ਆਈਆਂ, ਮਹਿਕ ਉਠੀ ਸਭ ਧਰਤੀ॥
ਬੁਲਬਲ ਬੋਲੀ ਭੌਰੇ ਗੂੰਜਣ, ਸਭ ਦਾ ਮਨ ਨਸ਼ਿਆਇਆ॥੧॥
ਖਿੜੇ ਬਾਗ ਵਿੱਚ ਮਾਲਕ ਬੈਠਾ, ਆਪਣਾ ਆਸਣ ਲਾਕੇ॥
ਹਾਜਰ ਸਭ ਸੇਵਕ ਚਰਨਾਂ ਵਿੱਚ, ਬੈਠੇ ਅਦਬ ਬਜਾ ਕੇ॥
ਦਾਨੇ[1] ਦੀਵਾਨ[2] ਤੇ ਮਸਤਾਨੇ[3], ਪਏ ਆਨੰਦ ਵਿੱਚ ਝੂਮਣ॥
ਹੋਰ ਬੇ-ਅੰਤ ਨਾ ਗਿਣਤੀ ਆਵੇ, ਬੈਠੇ ਸੀਸ ਨਿਵਾ ਕੇ॥੨॥
ਇੱਕ ਨਿਮਾਣਾ ਬੰਦਾ[4] ਗੰਦਾ, ਨਾਲ ਗੁਨਾਹਾ ਭਰਿਆ॥
ਨਾ ਕੋਈ ਸੇਵਾ ਸਿਮਰਣ ਜਪ ਤਪ, ਜਿਸ ਤੋਂ ਕੁਝ ਨਾ ਸਰਿਆ।
ਭਾਗਾਂ ਵਾਲੇ ਸੇਵਾ ਕਰ ਗਏ, ਦਰਸ਼ਨ ਕਰ ਮਨ ਠਾਰੇ।
ਮੰਦਭਾਗੇ ਨੂੰ ਦਰਸ ਨਾ ਹੋਇਆ, ਨਾ ਜਿਉਂਦਾ ਦਾ ਨਾ ਮਰਿਆ।
ਉਸ ਮੰਦੇ ਨੂੰ ਮਿਲ ਕੇ ਸਭ ਨੇ, ਇੱਕ ਇੱਕ ਫੁੱਲ ਫੜਾਇਆ।
ਬਾਬਾ ਜੀ ਨੇ ਜੁਗਤੀ ਦਸ ਕੇ ਗੁਲਦਸਤਾ ਬਣਵਾਇਆ।
ਅੱਗੇ ਜੀ ਜੋ ਤੇਰੀ ਸੈ ਹੈ ਤੈਨੂੰ ਕੀ ਕਰਿ ਦੇਵਾਂ।
ਤੇਰਾ ਤੇਰੇ ਚਰਨਾਂ ਅੰਦਰ ਤੈਂ ਹੀ ਲਿਆ ਰਖਾਇਆ।

---

*1. ਬਾਬਾ ਅਨੰਦ ਸਿੰਘ ਜੀ ਕਲੇਰਾਂ ਵਾਲੇ। 2. ਸੰਤ ਬਹਾਲ ਦਾਸ ਜੀ। 3. ਸੰਤ ਅਚਿੰਤ ਰਾਮ ਜੀ। 4. ਇਸ਼ਾਰਾ ਲੇਖਕ ਵੱਲ ਹੈ।*

# ੧ੴ ਸਤਿਗੁਰ ਪ੍ਰਸਾਦਿ

ਸ੍ਰੀ ਵਾਹਿਗੁਰੂ ਜੀ ਕੀ ਫਤਹਿ

੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

**॥ ਜਪੁ ॥**

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

**ਸਲੋਕ**

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥

(**ਗਉੜੀ ਬ: ਅ: ਮ ੫**) (੨੫੬)

## ਬਿਲਾਵਲੁ ਮ: ੪

ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥

ਤੁਮਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥

## ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ ॥

ਜਨ ਊਪਰਿ ਕਿਰਪਾ ਪ੍ਰਭਿ ਧਾਰੀ ਮਿਲਿ ਸਤਿਗੁਰ ਪਾਰਿ ਪਰਾ ॥੧॥ ਰਹਾਉ

ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ ॥

ਤੁਮਰੈ ਸੰਗਿ ਲਗੇ ਸੇ ਉਧਰੇ ਜਿਉ ਸੰਗ ਕਾਸਟ ਲੋਹ ਤਰਾ ॥੨॥

ਸਾਕਤ ਨਰ ਹੋਛੀ ਮਤਿ ਮਧਿਮ ਜਿਨ ਹਰਿ ਹਰਿ ਸੇਵ ਨਾ ਕਰਾ ॥

ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥੩॥

ਜਿਨ ਕਉ ਤੁਮ ਹਰਿ ਮੇਲਹੁ ਸੁਆਮੀ ਤੇ ਨਾਏ ਸੰਤੋਖ ਗੁਰ ਸਰਾ ॥

ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥

(੭੯੯)

## ॥ ਦਸ ਪਾਤਸ਼ਾਹੀ ਮੰਗਲਾਂ ਚਰਨ ॥

### ਕੁੰਡਲੀਆ

ਗੁਰ ਨਾਨਕ ਅੰਗਦ ਗੁਰੂ ਅਮਰ ਦਾਸ ਰਾਮਦਾਸ॥
ਸ੍ਰੀ ਅਰਜੁਨ ਅਰਜੁਨ ਸੁਨੋ ਕਰੋ ਸੁਮੱਤ ਪ੍ਰਕਾਸ਼॥
ਕਰੋ ਸੁਮੱਤ ਪ੍ਰਕਾਸ ਹਰ ਗੋਬਿੰਦ ਗੁਰ ਪੂਰੇ॥
ਹਰਿ ਰਾਇ ਹਰ ਰੂਪ ਸਰਬ ਰਹਿਆ ਭਰਪੂਰੇ॥
ਸਿਰ ਛਟੀ ਰਾਖ ਨਿਜ ਹਾਥ ਕੀ ਜਿਸ ਮੂਰਖ ਕੀਨੋ ਚਤੁਰ॥
ਨਿਜ ਦਾਸ ਜਾਨ ਬਲ ਬੁਧ ਸ੍ਰੀ ਦੇਹ ਹਰਿ ਕ੍ਰਿਸ਼ਨ ਸਮ੍ਰਥ ਗੁਰ॥

### (ਚੌਪਈ)

ਸ੍ਰੀ ਗੁਰੂ ਹਰ ਗੋਬਿੰਦ ਕੇ ਨੰਦਨ॥ ਦਾਸਨ ਕੇ ਅਘ ਓਘ ਨਿਕੰਦਨ॥
ਜਿਨ ਕੇ ਨਾਮ ਸਿਮਰ ਸੁਖ ਪਾਇ॥ ਦੁਖ ਦਰਿਦ ਖਿਨ ਮਹਿ ਮਿਟ ਜਾਇ॥
ਕਰਣਾ ਕਰੈ ਗ੍ਰੰਥ ਹੋਇ ਪੂਰਨ॥ ਬਿਘਨ ਕਲੇਸ ਹਰੈ ਸਭ ਤੂਰਨ॥
ਤੇਗ ਬਹਾਦਰ ਜਿਨਕੈ ਨਾਮ॥ ਜੋਰ ਹਾਥ ਤਿਨ ਚਰਨ ਪ੍ਰਣਾਮ॥

### (ਕਬਿਤ)

ਅੰਮ੍ਰਿਤ ਕੇ ਦਾਤੇ, ਬਾਰੇ ਸਦਾ, ਬੀਰ ਰਸ ਰਾਤੇ
ਚਾਰੋਂ ਕੁੰਟ ਮਹਿ ਜਾਤੇ, ਧੰਨ ਸ੍ਰੀ ਦਸਮੇਸ਼ ਜੀ।
ਬਿਘਨ ਹਰਨ ਦਾਸ ਰਾਖਯੋ ਸਰਨ
ਗੁਰੂ ਤਾਰਨ ਤਰਨ, ਜਾਨੇ ਮਹਿਮਾ ਨਾ ਸ਼ੇਸ਼ ਜੀ।
ਪੰਥ ਖਾਲਸਾ ਸਜਾਇਓ, ਧਰਮ ਹਿੰਦ ਕੋ ਬਚਾਇਓ
ਜਗ ਜੁਲਮ ਮਿਟਾਇਓ, ਕੀਏ ਕਾਰਜ ਵਿਸ਼ੇਸ਼ ਜੀ।
ਕਰ ਬੰਦੇ ਸੀਸ ਨਾਇ, ਕਰੋ ਦਾਸ ਕੀ ਸਹਾਇ

ਦਿਹੋ ਬਿਘਲ ਨਸਾਇ ਇਹੋ ਬਿਨੈ ਜਗਤੇਜ਼ ਜੀ।
ਮਹਾ ਪੁਰਖ ਮੰਗਲਾ ਚਰਨ

**(ਸਵੈਯਾ)**

ਭਵਕ[1] ਭਵ[2] ਬੰਧ ਨਿਵਾਰਨ[3] ਕਉ, ਜਪਿਉ ਜਿਨ ਆਠੋ[4] ਜਾਮ ਹਰੀ॥
ਨਿਸ[5] ਬਾਸੁਰ ਜਾਗਤ ਜੋਤ ਜਪੀ, ਵਸਿਓ ਰਿਦ ਮਹਿ ਸਤਿਨਾਮਿਹਰੀ॥
ਹਰਿ ਨਾਮ ਜਪਤ ਹਰਿਨਾਮਿ ਭਏ, ਸਭ ਮੈ ਪੇਖਉ ਅਭਿਰਾਮ[6] ਹਰੀ॥
ਗੁਣ[7] ਬ੍ਰਿੰਦ ਗਹੀਰ ਸਰੀਰ ਧਰਿਉ, "ਹਰਨਾਮ ਹਰੀ" ਹਰਨਾਮ ਹਰੀ॥
ਦੋਹਰਾ: ਨਾਮੁ ਜਪਤ ਹਰਨਾਮ ਸਿੰਘ ਭਏ ਰੂਪ ਹਰਿਨਾਮੁ॥
ਜੋਰ ਹਾਥ ਸਿਰ ਨਾਇਕੈ ਕਰੌ ਚਰਨ ਪਰਨਾਮ॥

**(ਕਬਿਤ)**

ਵਿਸ਼ਨੂੰ ਦਾ ਰੂਪ ਜਾਣ ਪੂਜਿਆ ਸ੍ਰੀ ਰਾਮ ਸਿੰਘ
ਮੰਨ ਕੇ ਬਚਨ ਤਿਨ ਰਿੱਧ ਸਿੱਧ ਪਾਈ ਹੈ॥
ਚਿੰਤ ਰਾਮ ਬਹਾਲ ਦਾਸ ਆਖਦੇ ਬਦੇਹ ਬਾਬਾ
ਆਪ ਭੀ ਬਿਦੇਹ ਹੋਏ ਤ੍ਰਿਸ਼ਨਾ ਭਲਾਈ ਹੈ॥
ਨਾਨਕ ਗੁਰੂ ਦਾ ਰੂਪ ਮੰਨਿਆ ਬਾਬੇ ਨੰਦ ਸਿੰਘ
ਮੰਨ ਕੇ ਬਚਨ ਕੀਤੀ ਕਠਨ ਕਮਾਈ ਹੈ॥
ਭਾਵਨਾ ਅਧੀਨ, ਕੀਤੇ ਸੇਵਕ ਪ੍ਰਧੀਨ, ਧੰਨ ਬਾਬਾ ਹਰਨਾਮ ਸਿੰਘ ਤੇਰੀ ਵਡਿਆਈ ਹੈ।

*1. ਸੰਸਾਰ ਦੇ ਜਨਮ ਮਰਨ ਦੇ ਬੰਧਨ। 2. ਅਠੋ ਪਹਿਰ। 3. ਕਟਣ ਲਈ। 4. ਹਰ ਵੇਲੇ। 5. ਦਿਨ ਰਾਤ। 6. ਸੁੰਦਰ। 7. ਸਾਰੇ ਗੁਣਾ ਦਾ ਘਰ।*

## (ਕਬਿਤ)

**ਸੰਤ ਰੂਪ ਧਾਰਕੈ ਪ੍ਰਗਟ ਭਏ ਜਗ ਮਹਿ ਸਤਿ ਰੂਪ ਸਤਿਨਾਮ ਰਿਦੇ ਮਾਹਿ ਧਾਰਿਓ ॥ ਦੇ ਕੇ ਉਪਦੇਸ਼ ਸਭ ਕੱਟ ਤੇ ਕਲੇਸ਼ ਨਿਜ ਦਾਸਨ ਕੇ ਲੋਕ ਪ੍ਰਲੋਕ ਕੋ ਸਵਾਰਿਓ ਰਿਧਿ ਸਿਧਿ ਹਾਥ ਜੋਰ ਠਾਡੀ ਰਹੈ ਦੁਆਰ ਅੱਗੇ, ਜੋਈ ਕਹੈ ਸੋਈ ਹੋਵੈ ਟਰਤ ਨਾ ਟਾਰਿਓ ॥**

ਚਰਨ ਕਮਲ ਪਰ ਬੰਦਨਾ ਕਰਤ ਦਾਸ ਕਰਿਕੇ ਮੇਹਰ ਸਭ ਬਿਘਨ ਨਿਵਾਰਿਓ॥

## ਅੜਿਲ

ਸ੍ਰੀ ਹਰਨਾਮ ਸ੍ਰਗਿੰਦ ਜਗਤ ਮਹਿ ਅਮਤਰੇ।
ਦਾਸਨ ਬਿਘਨ ਨਿਕੰਦ ਭਗਤ ਭਵਜਲ ਹਰੇ।
ਜਿਨ ਲੀਉ ਉਪਦੇਸ ਸ਼ਬਦ ਕਮਾਇਓ।
ਹੋ ਦੁਖ ਦਰਦ ਭੌ ਨਿਕਟ ਨਾ ਤਿਨਕੇ ਆਇਓ।?

## ਸਵੈਯਾ

ਸੰਤਨ ਸੰਗ ਬਨੇ ਸਤ ਸੰਗਤ
ਪੰਗਤ ਨਾਮ ਉਚਾਰਨ ਕਉ-
ਜਿਹ ਭਾਗ ਭਲੇ ਨਰ ਤਾਹਿ ਮਿਲੇ
ਸ਼ੁਭ ਥਾਨ ਸੋ ਪਾਪ ਬਿਦਾਰਨ ਕਓ-
ਮਨ ਇਛਤ ਪਾਵਤ ਹੈ ਤਿਹ ਤੇ
ਮੇਹ ਆਦਕ ਦੂਖ ਵਿਸਾਰਨ ਕਉ-
ਹਰਨਾਮ ਰੂਪ "ਹਰਿਨਾਮੁ ਹਰੀ"
ਭਏ ਬੋਹਿਥ ਪਾਰ ਉਤਾਰਨ ਕਉ-

# ਤੇ ਸਹਿਜ ਸੁਹੇਲੇ ਗੁਣਹਿ ਅਮੋਲੇ ਜਗਤ ਉਧਾਰਣ ਆਏ

ਐਸੀਆਂ ਹਸਤੀਆਂ ਜਿਨ੍ਹਾਂ ਦੀ ਜੀਵਨ ਜਮੀਨੀ ਨਹੀਂ ਹੈ, ਉਹਨਾਂ ਬਾਰੇ ਵਰਨਣ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ। ਜਿਨ੍ਹਾਂ ਮੰਜ਼ਲਾਂ ਤੇ ਉਹ ਪਹੁੰਚੇ ਹੁੰਦੇ ਹਨ ਉਨ੍ਹਾਂ ਤਕ ਸਾਡੀ ਪਹੁੰਚ ਨਹੀਂ। ਉਹ ਅਮਲੋਕ ਹਸਤੀਆਂ ਹੁੰਦੀਆਂ ਹਨ। ਕੁਲ ਮਾਲਕ ਇਨਸਾਨੀ ਸ਼ਕਲ ਧਾਰ ਕੇ ਸਾਡੇ ਦੁਖ ਦਰਦ ਸੁਨਣ ਵਾਸਤੇ ਅਵਤਾਰ ਧਾਰਦੇ ਹਨ। ਇੱਕ ਇਨਸਾਨ ਮਹਾਂਪੁਰਖ ਦੀ ਤਾਲੀਮ, ਤਰੀਫ, ਮਿਸ਼ਨ, ਆਦਰਸ਼, ਲੋਕ ਪਰਲੋਕ ਸ਼ਕਤੀਆਂ, ਰਿੱਧੀਆਂ ਸਿੱਧੀਆਂ ਬਾਰੇ ਬਿਆਨ ਤਾਂ ਕੀ ਕਰ ਸਕਦਾ ਹੈ, ਉਨ੍ਹਾਂ ਦੇ ਕੁਝ ਦੇਖੇ ਜਾਂ ਸੁਣੇ ਕੌਤਕ ਹੀ ਕਲਮਬੰਦ ਕਰ ਸਕਦਾ ਹੈ। ਮਹਾਂਪੁਰਖਾਂ ਦਾ ਜੀਵਨ ਲਿਖਣਾ ਆਮ ਇਨਸਾਨੀ ਸੋਚ (ਬੁੱਧੀ) ਨਾਲ ਸੁਮੇਲ ਨਹੀਂ ਕਿਉਂਕਿ ਇਹ ਤਾਂ ਦਿਨ ਵੇਲੇ ਸੂਰਜ ਦੀ ਰੌਸ਼ਨੀ ਵਿੱਚ ਦੀਪਕ ਲੈ ਕੇ ਤੁਰਨ ਦੇ ਸਮਾਨ ਹੈ। ਮਹਾਂਪੁਰਖ ਦੀ ਜਿੰਦਗੀ ਸ੍ਰੇਸ਼ਟ ਬੁੱਧੀ ਦੇ ਵਿਚਾਰਣ ਤੋਂ ਕੋਟੀ ਅਪਰੰ-ਅਪਾਰ ਹੈ। ਸਾਰਾ ਸੰਸਾਰ ਮਨ ਦੀ ਘਾਟ ਤੇ ਸੋ ਰਿਹਾ ਹੈ। ਮਹਾਂਪੁਰਸ਼ ਇਹੀ ਕਹਿਣ ਆਉਂਦੇ ਹਨ। ਜਾਗੋ ! ਉਠਕੇ ਖੜੇ ਹੋਵੋ ਉਸ ਵਕਤ ਤਕ ਨਾ ਠਹਿਰੋ ਜਦ ਤੱਕ ਮੰਜਲੇ ਮਕਸੂਦ ਕੋ ਨਾ ਪਾਓ।

ਇਨਸਾਨ ਆਵਾਗਮਨ ਦਾ ਚੱਕਰ ਜਾਣਦਾ ਹੋਇਆ ਵੀ ਅਣਜਾਣ ਬਣ ਜਾਂਦਾ ਹੈ, ਮਨੁੱਖ ਰੂਪ ਦੀ ਹੋਂਦ ਵਿੱਚ ਆ ਕੇ ਪ੍ਰਮੇਸ਼ਰ ਇਨਸਾਨ ਨੂੰ ਪੁਕਾਰ ਕੇ ਆਖਦਾ ਹੈ ਕਿ ਦੁਨੀਆਂ ਆਵਾਗਮਨ ਦਾ ਚੱਕਰ ਹੈ ਇਹ ਅਸਥਿਰ ਹੈ। ਪੰਜ ਵਿਕਾਰਾਂ ਦੀ ਲਾਲਸਾ ਤਿਆਗ ਕੇ ਪ੍ਰਭੂ ਦੀ ਸ਼ਰਨ ਵਿੱਚ ਆਓ।ਮਹਾਂਪੁਰਖ ਤਾਂ ਗੰਦੇ ਪਾਣੀ ਵਿੱਚ ਵੀ ਆਪਣੀ ਛਾਇਆ ਛੱਡ ਜਾਂਦੇ ਹਨ, ਪਰ ਇਨਸਾਨ "ਮੈਂ" ਵਿੱਚ ਖਚਤ ਰਹਿੰਦਾ ਹੈ। "ਮਨ" ਵਿੱਚ ਮੈਲ ਹੋਵੇ ਤਾਂ ਜੀਵਨ ਦੀ ਘੜੀ ਘੁੰਗਰੂਆਂ ਵਾਂਗ ਬਿਖਰ ਜਾਂਦੀ ਹੈ ਪਰ ਦਿਖਾਈ ਨਹੀਂ ਦਿੰਦੀ। ਭਗਵਾਨ ਮਿਲੇਗਾ ਆਤਮਾ ਦੇ ਟਟੋਲਨ ਨਾਲ। ਭਗਵਾਨ ਨੂੰ

ਪਾਉਣਾ ਹੈ ਤਾਂ ਅੰਤਰ ਨੂੰ ਜਗਾਓ। ਸੱਚੇ ਦਿਲ ਦੀ ਆਵਾਜ਼ ਗੂੰਜਦੀ ਹੈ ਤਾਂ ਦੀਵਾਰਾਂ ਹਿਲਾ ਦਿੰਦੀ ਹੈ। ਸਾਧੂ ਯੋਗ ਨਾਲ ਬਣੇ ਤਾਂ ਸੱਚ, ਜੇ ਕਮਜੋਰੀ ਜਾਂ ਡਰ ਨਾਲ ਬਣੇ ਤਾਂ ਝੂਠ। ਸੱਚ ਨੂੰ ਪਰਤੱਖ ਕਰਨ ਵਾਲੇ ਮਹਿਲਾਂ ਦੇ ਮਾਲਕ ਰਾਮ ਨੂੰ ਜੰਗਲਾਂ ਵਿੱਚ ਭਟਕਣਾ ਪਿਆ। ਪ੍ਰਮੇਸ਼ਰ ਤੋਂ ਬਖਸ਼ੀ ਹੋਈ ਕਰਮਯੋਗ ਦੀ ਭੱਠੀ ਵਿੱਚ ਸਾਨੂੰ ਸਭ ਨੂੰ ਜਲਨਾ ਹੋਵੇਗਾ। ਕਰਮਗਤੀ ਟਲ ਨਹੀਂ ਸਕਦੀ, ਟਾਲਣ ਦਾ ਪ੍ਰਤੱਖ ਸਾਧਨ ਹੈ ਮਹਾਂਪੁਰਖ ਦੀ ਸੰਗਤ ਜੋ ਅੰਤਰ ਸ਼ਕਤੀ ਨੂੰ ਉਜਾਗਰ ਕਰਦੀ ਹੈ। ਬ੍ਰਹਮ ਗਿਆਨ ਮੰਦਰ ਵਿੱਚ ਘੜਿਆਲ, ਮਸਜਦ ਵਿੱਚ ਨਿਮਾਜ ਕਰਨ ਨਾਲ ਨਹੀਂ ਮਿਲਦਾ ਹੈ। ਜਾਣ ਵਾਲੇ ਮੁਸਾਫਿਰ ਲਈ ਰੋਗ ਇੱਕ ਬਹਾਨਾ ਹੁੰਦਾ ਹੈ। ਕਰਮਯੋਗ ਦੀ ਭੱਠੀ ਦੀ ਗਰਮੀ ਨੂੰ ਹਰ ਆਦਮੀ ਨੇ ਸਹਿਨ ਕਰਨਾ ਹੋਵੇਗਾ। ਰਾਮ ਨਾਮ ਦੀ ਸ਼ਕਤੀ ਨਾਲ ਪਾਣੀ ਤੇ ਪੱਥਰ ਤੈਰਨ ਲੱਗ ਜਾਂਦੇ ਹਨ।

ਇਨਸਾਨੀ ਸਰੀਰ, ਰੂਹ ਅਤੇ ਆਤਮਾ ਦਾ ਇੱਕ ਪਿੰਜਰਾ ਹੈ। ਆਤਮਾ, ਰੂਹ ਨੁਮਾ ਪੰਛੀ ਪਿੰਜਰੇ ਵਿੱਚ ਕੈਦ ਹਨ। ਪੰਛੀ ਪਿੰਜਰੇ ਵਿਚੋਂ ਨਿਕਲਦਾ ਹੈ ਤਾਂ ਪਿੰਜਰਾ ਕੰਬਦਾ ਹੈ, ਪੰਛੀ ਉਡ ਗਿਆ ਤਾਂ ਪਿੰਜਰਾ ਖਾਲੀ ਰਹਿ ਗਿਆ। ਇਹ ਅੰਤਰ ਆਤਮਾ ਨੂੰ ਜਗਾਉਣ ਲਈ ਮਹਾਂਪੁਰਖ ਮਨੁੱਖੀ ਸਰੀਰ ਵਿੱਚ ਧਰਤੀ ਦੀ ਕੰਡ ਤੇ ਜੀਵਨ ਜੁਗਤੀ ਦੱਸਣ ਲਈ ਆਉਂਦੇ ਹਨ। ਇਨ੍ਹਾਂ ਮਹਾਂਪੁਰਖਾਂ ਵਿੱਚੋਂ ਇੱਕ ਮਹਾਂਪੁਰਖ ਬਾਬਾ ਮਹਾਂ ਹਰਿਨਾਮ ਸਿੰਘ ਜੀ ਸੱਚ ਦਾ ਮਾਰਗ ਦਰਸਾਉਣ ਲਈ ਧਰਤੀ ਤੇ ਮਨੁੱਖੀ ਜੀਵਾਂ ਦੇ ਦੁੱਖ ਦੀ ਭੜਕਦੀ ਜਵਾਲਾ ਨੂੰ ਬੁਝਾਉਣ ਲਈ ਅਵਤਾਰ ਧਾਰ ਕੇ ਆਏ। ਇਨ੍ਹਾਂ ਦੇ ਜੀਵਨ ਦੇ ਕੁਝ ਕੌਤਕ ਕਲਮਬੰਦ ਹਨ।

ਬਾਬਾ ਜੀ ਦਾ ਜਨਮ ਤਕਰੀਬਨ ਉਨੀਵੀਂ ਸਦੀ ਦੇ ਅਖੀਰ ਵਿੱਚ ਬਿਕ੍ਰਮੀ ਸੰਮਤ 1870 ਜਾਂ 80 (1813 ਜਾਂ 1823 ਈਸਵੀਂ) ਪਿੰਡ ਮਨਸੂਰਵਾਲ ਰਿਆਸਤ ਕਪੂਰਥਲਾ (ਜਿਲ੍ਹਾ ਕਪੂਰਥਲਾ) ਜਿੱਥੇ ਅੱਜ ਕੱਲ ਜਲੰਧਰ ਅੰਮ੍ਰਿਤਸਰ ਰੇਲਵੇ ਲਾਇਨ, ਬਿਆਸ ਸਟੇਸ਼ਨ ਤੋਂ ਉੱਤਰ ਪੂਰਬ ਦੀ ਨੁਕਰ ਵਿੱਚ ਢਿਲਵਾਂ ਬੱਸ ਅੱਡੇ ਤੋਂ ਤਿੰਨ ਕੁ ਮੀਲ ਦੇ ਫਾਸਲੇ ਤੇ ਸਥਿੱਤ ਹੈ, ਬਾਬਾ ਬੂੜ ਸਿੰਘ ਜੀ ਦੇ ਗ੍ਰਹਿ ਮਾਤਾ ਪ੍ਰਧਾਨ ਕੌਰ ਦੀ ਕੁੱਖੋਂ ਹੋਇਆ (ਪੇਕਿਆਂ ਦੇ ਘਰ ਮਾਤਾ ਜੀ ਦਾ ਨਾਮ ਭਾਨੀ ਸੀ) ਬਾਬਾ ਜੀ ਦੇ ਤਿੰਨ ਭਾਈ ਵੱਡੇ

ਸਨ। ਬੱਗਾ ਸਿੰਘ, ਦਸੌਂਦਾ ਸਿੰਘ ਅਤੇ ਨਿਧਾਨ ਸਿੰਘ। ਬਾਬਾ ਜੀ ਦਾ ਨਾਮ ਮਾਤਾ ਪਿਤਾ ਨੇ ਨਿਹਾਲ ਸਿੰਘ ਰੱਖਿਆ ਸੀ ਅਤੇ ਦਸੌਂਦਾ ਸਿੰਘ ਅਤੇ ਧਿਆਨ ਸਿੰਘ ਨੂੰ ਆਲਾ ਸਿੰਘ ਅਤੇ ਫੱਲਾ ਸਿੰਘ ਦੇ ਨਾਮ ਨਾਲ ਵੀ ਪੁਕਾਰਦੇ ਸਨ। ਬਾਬਾ ਜੀ ਦੇ ਨਾਨਾ ਜੀ ਦਾ ਨਾਮ ਕਾਹਨ ਸਿੰਘ, ਨਾਨੀ ਦਾ ਨਾਮ ਨੰਦ ਕੌਰ ਸੀ ਦੋ ਮਾਮੇ ਸਨ ਵੱਡਾ ਮਾਮਾ ਮਤਾਬ ਸਿੰਘ ਅਤੇ ਛੋਟਾ ਗੁਲਾਬ ਸਿੰਘ। ਰੰਧਾਵਾ ਨਾਨਕਿਆਂ ਦੀ ਗੋਤ ਸੀ। ਨਾਨਕੇ ਵੀ ਰੰਧਾਵਾ ਪਿੰਡ ਹੀ ਸਨ। ਬਾਬਾ ਜੀ ਦਾ ਗੋਤ ਬੱਲ ਜਿਮੀਂਦਾਰਾ ਸੀ। ਅੱਜ ਕੱਲ੍ਹ ਵੀ ਪਿੰਡ ਮਨਸੂਰਵਾਲ ਤਿੰਨ ਘਰ ਹੀ ਬੱਲ ਜਿਮੀਂਦਾਰਾਂ ਦੇ ਹਨ। ਛੋਟੀ ਉਮਰ ਵਿੱਚ ਮਾਤਾ ਜੀ, ਬਾਬਾ ਜੀ ਨੂੰ ਮਸਤਾਨਾ ਕਹਿ ਕਿ ਹੀ ਜਿਆਦਾ ਬੁਲਾਂਦੇ ਸਨ। ਆਮ ਪਿੰਡ ਦੇ ਲੋਕ ਜਾਂ ਹਾਣੀ "ਮਾਦੂ" ਕਮਲਾ ਕਹਿੰਦੇ ਹੁੰਦੇ ਸਨ ਕਿਉਂਕਿ ਆਪ ਸਦਾ ਹੀ ਮਸਤ ਰਹਿੰਦੇ ਸਨ।

ਆਪ ਜੀ ਦੇ ਵੱਡੇ ਭਾਈ ਤਾਂ ਪਿਤਾ ਜੀ ਨਾਲ ਖੇਤੀਬਾੜੀ ਦੇ ਕੰਮ ਵਿੱਚ ਹਿੱਸਾ ਲੈਂਦੇ ਸਨ ਪਰ ਆਪ ਹਰ ਸਮੇਂ ਚੁਪਚਾਪ, ਜਿਥੇ ਬੈਠੇ ਹਨ ਉਥੇ ਹੀ ਬੈਠੇ ਰਹਿਣਾ। ਗਰਮੀ, ਸਰਦੀ, ਭੁੱਖ ਤਰੇਹ ਦੀ ਪ੍ਰਵਾਹ ਨਹੀਂ ਸਨ ਕਰਦੇ। ਹੋਰ ਬਾਲਕਾਂ ਵਾਲੀਆਂ ਗੱਲਾਂ, ਖੇਡਣਾ, ਹੱਸਣਾ, ਰੋਣਾ ਭਾਵ ਸਭ ਬਚਪਨ ਦੀਆਂ ਗੱਲਾਂ ਤੋਂ ਨਿਰਲੇਪ ਹੀ ਸਨ।

ਭੋਲੇ ਭਾਲੇ ਅਤੇ ਮਸਤ ਹੋਣ ਕਰਕੇ ਇਨ੍ਹਾਂ ਦਾ ਬਹੁਤਾ ਖਿਆਲ ਮਾਤਾ ਜੀ ਹੀ ਕਰਿਆ ਕਰਦੇ ਸਨ। ਰੋਟੀ ਪਾਣੀ ਖੁਆਉਣਾ ਇਸ਼ਨਾਨ ਆਦਿ ਕਿਉਂਕਿ ਆਪਣੇ ਆਪ ਕੁਝ ਨਹੀਂ ਕਰਦੇ ਸਨ। ਇੱਕ ਤਾਂ ਛੋਟੇ ਹੋਣ ਕਰਕੇ, ਸਿੱਧੇ ਸਾਦੇ ਹੋਣ ਕਰਕੇ ਮਾਤਾ ਜੀ ਆਪ ਨੂੰ ਹੀ ਬਹੁਤ ਪਿਆਰ ਕਰਦੇ ਸਨ। ਕਦੇ ਕਦੇ ਆਪਣੇ ਸੁਭਾਅ ਅਨੁਸਾਰ ਕੁਝ ਬੋਲਦੇ ਵੀ ਸਨ, ਪਰ ਕਿਸੇ ਨੂੰ ਸਮਝ ਨਹੀਂ ਆਉਂਦੀ ਸੀ।

ਮਹਾਂ ਪੁਰਖ ਵਾਹਿਗੁਰੂ ਦੇ ਰੰਗ ਵਿੱਚਰੱਤਾ ਹੋਇਆ "ਜੇਤਾਂ ਬੋਲਣ ਤੇਤਾ ਗਿਆਨ ਹੁੰਦਾ ਹੈ ਪਰੰਤੂ ਉਸ ਗਿਆਨ ਨੂੰ ਸਮਝਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ। ਮਾਇਆ ਵਿੱਚ ਮਸਤ ਹੋਈ ਦੁਨੀਆ ਇਨ੍ਹਾਂ ਗੱਲਾਂ ਤੋਂ ਬੇਪਰਵਾਹ ਹੀ ਰਹਿੰਦੀ ਹੈ। ਇਹੋ ਹੀ ਕਾਰਣ ਹੈ ਕਿ ਮਹਾਂਪੁਰਖਾਂ ਨੂੰ ਘਰ ਵਿੱਚ ਰਹਿੰਦਿਆਂ ਹੀ ਇਸ ਤਰ੍ਹਾਂ ਇਕਾਂਤ ਹੋਣ ਦਾ ਮੌਕਾ ਮਿਲ ਜਾਂਦਾ ਹੈ।

**ਭਗਤਾ ਕੀ ਚਾਲ ਨਿਰਾਲੀ**

**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**

**ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**

**(ਅੰਗ ੯੧੮)**

ਜਿਸ ਮਹਾਂਪੁਰਖ ਦਾ ਮਨ ਲਿਵਲੀਨਤਾ ਵਿੱਚ ਹੈ, ਜਿਸ ਦੀ ਸੁਰਤ ਨਾਮ ਵਿੱਚ ਹੈ ਉਸ ਕੋਲ ਬੋਲਣ ਦਾ ਸਮਾਂ ਹੀ ਕਿੱਥੇ ਹੈ ? ਬੋਲਦਾ ਕੌਣ ਹੈ ? ਕਬੀਰ ਜੀ ਦਾ ਕਥਨ ਹੈ,

ਕਹੁ ਕਬੀਰ ਛੂਛਾ ਘਟੁ ਬੋਲੈ।

ਭਰਿਆ ਹੋਇ ਸੁ ਕਬਹੁ ਨਾ ਡੋਲੈ॥

**(ਅੰਗ ੮੭੦)**

(ਗੋਂਡ ਬਾਣੀ ਕਬੀਰ ਜੀ)

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ

ਵਾਹਿਗੁਰੂ ਗੁਰੁ ਸ਼ਬਦੁ ਲੈ

ਪਿਰਮ ਪਿਆਲਾ ਚੁਪਿ ਚਬੋਲਾ।

**ਵਾਰ ੧ ॥ ਪਉੜੀ ੧੭ ॥**

ਦੇ ਕਥਨ ਅਨੁਸਾਰ ਮਸਤ ਅਡੋਲ ਹੀ ਰਹਿੰਦੇ ਸਨ। ਕੁਝ ਵੱਡੀ ਉਮਰ ਹੋ ਜਾਣ ਤੋਂ ਬਾਅਦ ਜੇ ਕਿਤੇ ਭਰਾਵਾਂ ਨੇ ਕੋਈ ਕੰਮ ਕਰਨ ਲਈ ਆਖਣਾਂ ਤਾਂ ਆਪਨੇ ਚੁਪਚਾਪ ਹੀ ਬੈਠੇ ਰਹਿਣਾ। ਕਈ ਵਾਰ ਤਾਂ ਗਰਮੀ ਸਰਦੀ ਵਿੱਚ ਬਾਹਰ ਬੈਠੇ ਰਹਿਣਾ। ਇੱਕ ਵਾਰ ਮਾਤਾ ਜੀ ਨੇ ਰਾਤ ਨੂੰ ਮੰਜੇ ਤੇ ਬੈਠੇ ਹੋਇਆਂ ਨੂੰ ਦੇਖਿਆ। ਸਭ ਘਰ ਦੇ ਜੀਅ ਸੁਤੇ ਪਏ ਹੋਣ ਕਰਕੇ ਆਵਾਜ ਦੇ ਕੇ ਕਿਹਾ।

"ਮਸਤਾਨਿਆਂ, ਤੂੰ ਸੁੱਤਾ ਨਹੀਂ ? ਤੈਨੂੰ ਨੀਂਦ ਨਹੀਂ ਆਉਂਦੀ ?

ਅੱਗੋਂ ਹੱਸ ਕੇ ਬੋਲੇ "ਮਾਂ, ਸਾਰੀ ਦੁਨੀਆਂ ਸੁੱਤੀ ਪਈ ਹੈ। ਕਿਸੇ ਨੂੰ ਆਪਣੇ ਆਪ ਦੀ ਸੁਰਤ ਨਹੀਂ ਹੈ।"

"ਸਭ ਮਦ ਮਾਤੇ ਕੋਈ ਨਾ ਜਾਗ" ਇਸ ਤਰ੍ਹਾਂ ਦਾ ਬਚਨ ਕਰਦੇ ਹੁੰਦੇ ਸਨ ਜਦੋਂ ਕਦੇ ਕਰਨਾ।

# ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ
# ਬਾਬਾ ਜੀ ਬਾਰੇ ਭਵਿੱਖਤ ਬਚਨ

(ਅੰਗ ੧੦੯੬)

ਇੱਕ ਦਿਨ ਆਪ ਇੱਕਲੇ ਹੀ ਵਿਹੜੇ ਵਿੱਚ ਬੈਠੇ ਸਨ। ਇੱਕ ਰਮਤਾ ਸਾਧੂ ਨਗਰ ਵਿੱਚ ਭਿਖਿਆ ਮੰਗਦਾ-ਮੰਗਦਾ ਘਰ ਆ ਗਿਆ। ਜਿਸ ਵਕਤ ਦਰਵਾਜੇ ਅੱਗੇ ਆ ਕੇ ਭਿਖਿਆ ਲੈਣ ਲਈ ਸਦਾ ਕੀਤੀ, ਕੋਈ ਘਰ ਨਾ ਹੋਣ ਕਰਕੇ ਉਸ ਨੂੰ ਭਿਖਿਆ ਪਾਉਣ ਲਈ ਕੋਈ ਨਾ ਆਇਆ। ਤਾਂ ਕੁਝ ਚਿਰ ਉਡੀਕਣ ਪਿਛੋਂ ਸਾਧੂ ਵੇਹੜੇ ਵਿੱਚ ਆ ਗਿਆ। ਅੱਗੇ ਆਪ ਮੰਜੀ ਉਤੇ ਬੈਠੇ ਸਨ। ਉਨ੍ਹਾਂ ਸੰਤਾਂ ਨੇ ਆਪ ਜੀ ਨੂੰ ਇੱਕ ਦੋ ਵਾਰੀ ਬੁਲਾਇਆ ਪਰ ਆਪ ਜੀ ਨੇ ਜਦੋਂ ਸੰਤਾਂ ਵੱਲ ਤੱਕਿਆ ਤਾਂ ਉਹ ਮਹਾਤਮਾ ਉਸੇ ਵੇਲੇ ਜਮੀਨ ਤੇ ਬੈਠ ਗਏ। ਚੰਗੀ ਤਰ੍ਹਾਂ ਸਰੀਰ ਦੇ ਚਿੰਨ੍ਹ ਚੱਕਰ ਹੱਥਾਂ ਅਤੇ ਪੈਰਾਂ ਦੀਆਂ ਰੇਖਾ ਦੇ ਨਿਸ਼ਾਨ ਦੇਖਣ ਲਗ ਪਏ। ਉਸੇ ਵੇਲੇ ਮਾਤਾ ਜੀ ਆ ਗਏ। ਵੇਖਿਆ ਕਿ ਸੰਤ ਜਮੀਨ ਤੇ ਬੈਠੇ ਹਨ ਅਤੇ ਮੇਰਾ ਲੜਕਾ ਮੰਜੇ ਉਤੇ ਬੈਠਾ ਹੈ। ਛੇਤੀ ਬਾਬਾ ਜੀ ਦੇ ਕੋਲ ਆ ਕੇ ਕਹਿਣ ਲਗੀ, "ਵੇ ਮਸਤਾਨਿਆ, ਸੰਤ ਜਮੀਨ ਤੇ ਬੈਠੇ ਹਨ ਤੇ ਤੂੰ ਮੰਜੇ ਉਤੇ ਬੈਠਾ ਹੈ।" ਬਾਂਹ ਫੜ ਕੇ ਹੇਠਾਂ ਬਿਠਾਨ ਲਗੀ। ਆਪ ਨੇ ਤਾਂ ਕੋਈ ਉੱਤਰ ਨਹੀਂ ਦਿੱਤਾ ਪਰ ਮਹਾਤਮਾਂ ਨੇ ਪੁਛਿਆ "ਮਾਤਾ ਇਹ ਬਾਲਕ ਤੇਰਾ ਹੈ ?" ਮਾਤਾ ਨੇ "ਹਾਂ" ਵਿੱਚ ਉੱਤਰ ਦਿੱਤਾ ਅਤੇ ਦੱਸਿਆ ਕਿ ਇਹ ਮਸਤ ਜਿਹਾ ਰਹਿੰਦਾ ਹੈ। ਕਿਸੇ ਨਾਲ ਬੋਲਦਾ ਚਾਲਦਾ ਨਹੀਂ। ਖਾਣ ਪੀਣ ਦੀ ਵੀ ਕੋਈ ਚਿੰਤਾ ਫਿਕਰ ਨਹੀ ਕਰਦਾ। ਅੱਗੋਂ ਸੰਤਾਂ ਨੇ ਦੱਸਿਆ ਮਾਤਾ ਇਸ ਦੀ ਬਾਬਤ ਕੋਈ ਚਿੰਤਾ ਫਿਕਰ ਨਾ ਕਰ। ਇਹ ਤਾਂ ਕੋਈ ਵੱਡੀ ਕਮਾਈ ਵਾਲਾ ਪੁਰਖ ਹੈ। ਇਸ ਨੂੰ ਕਮਲਾ ਨਾ ਸਮਝੀਂ, ਇਹ ਦੁਨਿਆਵੀ ਬੱਚਿਆਂ ਵਰਗਾ ਬੱਚਾ ਨਹੀਂ ਹੈ। ਫਿਰ ਮਹਾਤਮਾ ਬੋਲੇ ਅੱਛਾ ਮਾਤਾ ਤੂੰ ਇਕ ਗੱਲ ਦਸ, "ਤੈਂ ਕਿਤੇ ਇਸ ਨੂੰ ਆਮ ਬੱਚਿਆਂ

ਵਾਂਗ ਰੋਂਦੇ, ਹੱਸਦੇ ਦੇਖਿਆ ਹੈ ਜਿਵੇਂ ਕਿ ਬੱਚੇ ਦਾ ਸੁੱਤੇ ਹੀ ਸੁਭਾ ਹੁੰਦਾ ਹੈ।" ਮਾਤਾ ਨੇ ਕਿਹਾ "ਜੀ ਨਹੀਂ"। ਫਿਰ ਮਹਾਤਮਾਂ ਕਹਿਣ ਲੱਗੇ "ਇਥੋਂ ਹੀ ਸਭ ਕੁਝ ਸਮਝ ਲੈ। ਅਸੀਂ ਝੂਠ ਨਹੀਂ ਬੋਲਦੇ। । ਜੋ ਇਹ ਆਪਣੀ ਖੁਸ਼ੀ ਨਾਲ ਕਰਨ, ਕਰੀ ਜਾਣ ਦਿਓ। ਇਹ ਉੱਚੀ ਕਮਾਈ ਵਾਲੇ ਮਹਾਂਪੁਰਖ ਹਨ। ਅਸੀਂ ਤਾਂ ਇਨ੍ਹਾਂ ਦਾ ਦਰਸ਼ਨ ਕਰਕੇ ਕ੍ਰਿਤਾਥ ਹੋ ਗਏ ਹਾਂ।" ਇਉ ਬਚਨ ਕਰਕੇ ਸੰਤ ਉੱਠਣ ਲੱਗੇ ਤਾਂ ਮਾਤਾ ਜੀ ਨੇ ਕਿਹਾ ਬੈਠੋ "ਪ੍ਰਸ਼ਾਦਾ ਛੱਕ ਕੇ ਜਾਇਉ" ਫਿਰ ਸੰਤ ਜੀ ਪ੍ਰਸ਼ਾਦਾ ਛੱਕ ਕੇ, ਇਤਨੇ ਬਚਨ ਕਰਦੇ ਹੋਏ ਚਲੇ ਗਏ ।

## ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿੰਰਦੇ

ਇਹ ਉਹ ਸਮਾਂ ਸੀ ਜਿਸ ਸਮੇਂ ਇੱਕ ਉਦਾਸੀ ਤੇ ਸਾਧੂ ਸੰਪ੍ਰਦਾਵਾਂ ਗੁਰਮਤਿ ਦਾ ਪ੍ਰਚਾਰ ਗੁਰਬਾਣੀ ਕੀਰਤਨ, ਕਥਾ ਰਾਹੀਂ ਸਾਰੇ ਭਾਰਤ ਵਿੱਚ ਫਿਰ ਕੇ ਥਾਂ ਪਰ ਥਾਂ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਸਨ ਤੇ, ਦੂਸਰੇ ਸਨ ਨਿਰਮਲੇ। ਇਹ ਦੋਵੇਂ ਪਹੀਏ ਹੁੰਦੇ ਹਨ। ਦੋਵੇਂ ਪਹੀਆਂ ਦੇ ਵਿਚਕਾਰ ਇੱਕ ਧੁਰਾ ਹੁੰਦਾ ਹੈ। ਦੋਵੇਂ ਪਹੀਏ ਇੱਕ ਧੁਰੇ ਵਿੱਚ ਲੱਗੇ ਹੋਏ ਵੱਡੀ ਤੋਂ ਵੱਡੀ ਮੰਜਿਲ ਤਹਿ ਕਰਕੇ ਜਿੱਥੇ ਜਾਣਾ ਹੋਵੇ ਮੁਸਾਫਰਾਂ ਨੂੰ ਪਹੁੰਚਾ ਸਕਦੇ ਹਨ। ਇਸੇ ਤਰ੍ਹਾਂ ਉਦਾਸੀ ਤੇ ਨਿਰਮਲੇ ਸੰਤ ਸਨ। ਹਰ ਇੱਕ ਪ੍ਰਾਣੀ ਮਾਤ੍ਰ ਨੂੰ ਦੇਸ਼ ਪ੍ਰਦੇਸ਼ ਵਿਚ ਵਿਚਰ ਕੇ ਨਗਰਾਂ ਅਤੇ ਸ਼ਹਿਰਾਂ ਵਿੱਚ ਗੁਰ ਸ਼ਬਦ ਦਾ ਉਪਦੇਸ਼ ਅੰਮ੍ਰਿਤਪਾਨ ਕਰਾਉਂਦੇ ਸਨ। ਇਨ੍ਹਾਂ ਦੋਵੇਂ ਸੰਪ੍ਰਦਾਵਾਂ ਦੇ ਪਿੰਡਾਂ ਵਿੱਚ ਡੇਰੇ ਵੀ ਬਣੇ ਹੁੰਦੇ ਸਨ। ਇਨ੍ਹਾਂ ਡੇਰਿਆਂ ਵਿਚ ਵੀ ਕਥਾ ਕੀਰਤਨ, ਪਾਠ ਅਤੇ ਗੁਰ ਇਤਿਹਾਸ ਦੀ ਪੂਰੀ ਪੜ੍ਹਾਈ ਕਰਾਈ ਜਾਂਦੀ ਸੀ। ਇਸ ਪੜ੍ਹਾਈ ਦੇ ਸਮੇਂ ਸੰਸਕ੍ਰਿਤ, ਬਿਰਜ ਭਾਸ਼ਾ ਅਤੇ ਹੋਰ ਅਨੇਕ ਪ੍ਰਕਾਰ ਦੇ ਮੱਤਾਂ ਦੇ ਗ੍ਰੰਥ ਵੀ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹੁੰਦੇ ਸਨ।

ਇਹ ਵਿਦਿਆਰਥੀ ਵਿਦਿਆ ਪੜ੍ਹਨ ਸਮੇਂ ਸੇਵਾ ਅਤੇ ਸਿਮਰਨ ਦੀ ਰੁਹਾਨੀ ਖੁਰਾਕ ਵੀ ਪ੍ਰਾਪਤ ਕਰਦੇ ਸਨ। ਇਹ ਮਹਾਂਪੁਰਖ ਉੱਚੀ ਸੁੱਚੀ ਕਰਨੀ, ਕਮਾਈ ਵਾਲੇ ਹੁੰਦੇ ਸਨ। ਇਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਵਿਦਿਆਰਥੀ ਵੀ ਉਚੇ ਜੀਵਨ ਵਾਲੇ ਹੋ ਜਾਂਦੇ ਸਨ।

"ਵਿਦਿਆ ਵੀਚਾਰੀ ਤਾਂ ਪਰਉਪਕਾਰੀ"

(ਅੰਗ ੩੫੬)

ਵਾਲੀ ਗੱਲ ਤਾਂ ਇਨ੍ਹਾਂ ਮਹਾਤਮਾ ਤੇ ਪੂਰੀ ਢੁੱਕਦੀ ਸੀ। ਮਹਾਂਪੁਰਖ ਦਸਵੇਂ ਪਾਤਸ਼ਾਹ ਜੀ ਦੇ ਸਮੇਂ ਗੁਰੂ ਦੇ ਹੁਕਮ ਨਾਲ ਸਿੱਖੀ ਪ੍ਰਚਾਰ ਵਾਲੇ ਪਾਸੇ ਲੱਗੇ ਸਨ। ਕਈ ਦਸਵੇ ਪਾਤਸ਼ਾਹ ਦੇ ਹਜ਼ੂਰੀ ਸਿੱਖਾਂ ਅਤੇ ਗੁਰੂ ਕੇ ਹੁਕਮ ਅਨੁਸਾਰ ਇਸ ਪਾਸੇ ਲੱਗੇ ਸਨ। ਕਈ ਦਸਵੇ ਪਾਤਸ਼ਾਹ ਤੋਂ ਪਹਿਲੇ ਸਤਿਗੁਰਾਂ ਦੇ ਸਮੇਂ ਨਾਲ ਸੰਬੰਧ ਰੱਖਦੇ ਸਨ। ਕਈ ਤਾਂ ਰਮਤੇ ਫਿਰ ਤੁਰ ਕੇ ਪਿੰਡਾ ਵਿੱਚ ਪ੍ਰਚਾਰ ਕਰਦੇ ਸਨ ਤੇ ਕਈਆਂ ਦੇ ਡੇਰੇ ਪਿੰਡਾਂ ਵਿੱਚ ਸਨ। ਸੋ ਐਸੇ ਗੁਰਸਿੱਖ ਮਹਾਂਪੁਰਖ ਆਤਮਿਕ ਜੀਵਨ ਵਾਲੇ ਬੇਪ੍ਰਵਾਹ ਤੇ "ਬੇਗਰਜ਼ ਬੇਪਰਵਾਹ ਸਦਾ ਰੰਗਿ ਹਰ ਕੈ" ਰਹਿਣ ਵਾਲੇ ਹੁੰਦੇ ਸਨ। ਇਨ੍ਹਾਂ ਮਹਾਂਪੁਰਖਾਂ ਦੀ ਸੰਗਤ ਵਿੱਚ ਰਹਿ ਕੇ ਕੋਈ ਨਾ ਕੋਈ ਵਿਦਿਆਰਥੀ ਗੁਰਮੁੱਖ ਜੀਵਨ ਵਾਲਾ ਪੈਦਾ ਹੋ ਜਾਂਦਾ ਸੀ ਤੇ ਇਨ੍ਹਾਂ ਅਸਥਾਨਾਂ ਨੂੰ ਸੰਭਾਲ ਕੇ ਅੱਗੇ ਤੋਂ ਅੱਗੇ ਚਲਾਈ ਜਾਂਦੇ ਸਨ। ਦੀਵੇ ਤੋਂ ਦੀਵਾ ਜਗਣ ਵਾਲੀ ਮਿਸਾਲ ਸੀ। ਕਈ ਮਹਾਂਪੁਰਖ ਮੰਡਲੀਆਂ ਰਾਹੀਂ ਫਿਰ ਤੁਰਕੇ ਇਹੋ ਪ੍ਰਚਾਰ ਜਾਰੀ ਰੱਖਦੇ ਸਨ। ਇਨ੍ਹਾਂ ਵਿਦਿਆਰਥੀਆਂ ਨੂੰ ਲੰਗਰ ਵਿਚੋਂ ਪ੍ਰਸ਼ਾਦਾ ਤੇ ਤਨ ਢਕਣ ਨੂੰ ਕਪੜਾ ਮਿਲ ਜਾਣ ਕਰਕੇ ਗਰੀਬ ਤੋਂ ਗਰੀਬ ਘਰ ਦਾ ਵਿਦਿਆਰਥੀ ਵੀ "ਸੰਤਨ ਕਾ ਦਾਨਾ ਰੂਖਾਂ ਸੋ ਸਰਬ ਨਿਧਾਨ" ਖਾ ਕੇ ਪੇਟ ਭਰ ਲੈਂਦਾ ਸੀ ਅਤੇ "ਭਗਤ ਜਨਾਂ ਕਾ ਲੂਗਰਾ ਉਢ ਨਗਨ ਨਾ ਹੋਈ ਅਨੁਸਾਰ ਸਰੀਰ ਢੱਕ ਲੈਂਦਾ ਸੀ। ਸਬਰ ਸ਼ੁਕਰ ਵਿੱਚ ਰਹਿ ਕੇ ਵਿਦਿਆ ਅਭਿਆਸ ਸੇਵਾ ਸਿਮਰਨ ਵਿੱਚ ਲੱਗ ਕੇ ਹਰ ਪੱਖ ਤੋਂ ਪੂਰਨ ਹੋ ਜਾਂਦੇ ਸਨ। ਇਸੇ ਤਰ੍ਹਾਂ ਦੋਵੇ ਹੀ ਸੰਪ੍ਰਦਾਵਾਂ ਭਾਵੇਂ ਡੇਰੇਦਾਰ ਸੀ, ਭਾਵੇਂ ਫਿਰ ਤੁਰਕੇ ਮੰਡਲੀਆਂ ਰਾਹੀਂ ਵਿਦਿਆ ਪੜ੍ਹਾਉਣ ਵਾਲੇ ਉਨ੍ਹਾਂ ਦਾ ਇਕੋ ਹੀ ਮੰਤਵ-ਮੁਖ ਸੀ ਕਿ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਨਾਮ ਬਾਣੀ ਦੇ ਲੜ ਲਾਇਆ ਜਾਵੇ। ਇਹ ਦੋਵੇਂ ਹੀ ਸੰਪ੍ਰਦਾਵਾਂ ਗੁਰੂ ਘਰਾਂ ਨਾਲ ਗੂੜ੍ਹਾ ਸਬੰਧ ਰੱਖਦੀਆ ਹਨ। ਸਤਿਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਹੋਏ ਹਨ। ਉਨ੍ਹਾਂ ਨੇ ਵੀ ਦੇਸ਼ਾਂ ਪ੍ਰਦੇਸ਼ਾਂ ਵਿੱਚ ਗੁਰੂ ਨਾਮ ਸ਼ਬਦ ਸੋਹਲਾ ਸੁਣਾਇਆ। ਭਾਵੇਂ ਆਪ ਸਰੀਰਕ ਤੌਰ ਤੇ ਅਤੀਤ ਰਹੇ ਫਿਰ ਵੀ ਸਾਰੇ ਸਤਿਗੁਰਾਂ ਨਾਲ ਮੇਲ ਮਿਲਾਪ ਰਿਹਾ ਅਤੇ ਸਾਰੇ ਸਤਿਗੁਰੂ ਇਨ੍ਹਾਂ ਦਾ ਅਦਬ ਸਤਿਕਾਰ ਕਰਦੇ ਰਹੇ। ਬਾਬਾ ਸ੍ਰੀ ਚੰਦ ਜੀ ਨੇ ਆਪਣੇ ਅੰਤ ਸਮੇਂ ਵਿੱਚ ਜਿਵੇਂ

ਕਿ ਗੁਰ ਪ੍ਰਤਾਪ ਸੂਰਜ ਵਿੱਚ ਲਿਖਿਆ ਹੈ ਕਿ ਗੁਰੂ ਹਰ ਗੋਬਿੰਦ ਸਾਹਿਬ ਤੋਂ ਆਪ ਨੇ ਪੁੱਛਿਆ ਕਿ ਤੁਹਾਡੇ ਕਿਤਨੇ ਸਾਹਿਬਜਾਦੇ ਹਨ ਤਾਂ ਹਜੂਰ ਨੇ ਕਿਹਾ ਕਿ ਪੰਜ ਹਨ। ਇੱਕ ਪ੍ਰਲੋਕ ਗਮਨ ਕਰ ਗਿਆ ਅਤੇ ਚਾਰ ਬਾਕੀ ਹਨ। ਫਿਰ ਬਾਬਾ ਸ੍ਰੀ ਚੰਦ ਨੇ ਪੁਛਿਆ "ਬਾਬੇ ਕਿਆਂ ਨੂੰ ਕਿਹੜਾ ਪੁੱਤਰ ਦੇਣਾ ਹੈ? ਤਾਂ ਸਤਿਗੁਰਾਂ ਨੇ ਬਚਨ ਕੀਤਾ "ਕਿ ਸਾਰੇ ਹੀ ਬਾਬੇ ਕੇ ਹਨ।" ਤਾਂ ਬਾਬਾ ਸ੍ਰੀ ਚੰਦ ਜੀ ਨੇ ਕਿਹਾ ਕਿ ਵੱਡਾ ਸਹਿਬਜ਼ਾਦਾ ਭਾਵ ਟਿੱਕਾ ਸਾਨੂੰ ਦੇ ਦਿਓ। ਉਸ ਸਮੇਂ ਸਤਿਗੁਰੂ ਜੀ ਨਾਲ ਚਾਰ ਪੁੱਤਰ ਮੌਜੂਦ ਸਨ। ਬਾਬਾ ਗੁਰਦਿੱਤਾ ਮੱਲ ਪਹਿਲੇ, ਬਾਬਾ ਸੂਰਜ ਮੱਲ ਦੂਜੇ, ਬਾਬਾ ਅਣੀ ਰਾਏ ਤੀਜੇ ਤੇ ਬਾਬਾ ਤੇਗ ਬਹਾਦਰ ਚੌਥੇ। ਅਤੇ ਛੇਵੇਂ ਪਾਤਸ਼ਾਹ ਨੇ ਬਾਬਾ ਗੁਰਦਿੱਤਾ ਮੱਲ ਨੂੰ ਇਸ਼ਾਰਾ ਕਰਕੇ ਬਾਬਾ ਸ੍ਰੀ ਚੰਦ ਜੀ ਦੇ ਅਗੇ ਮੱਥਾ ਟਿੱਕਾ ਦਿੱਤਾ। ਬਾਬਾ ਸ੍ਰੀ ਚੰਦ ਨੇ ਆਪਣੇ ਆਸਣ ਤੇ ਬਿਠਾ ਕੇ ਆਪਣੀ ਸ੍ਹੇਲੀ ਤੇ ਟੋਪੀ ਬਖ਼ਸ਼ ਕੇ ਬਚਨ ਕੀਤਾ "ਬਾਬਾ ਗੁਰਦਿੱਤਾ ਦੀਨ ਦੁਨੀ ਦਾ ਟਿੱਕਾ, "ਸੋਢੀ ਘਰ ਦਾ ਕੀਆ ਸੁਲਤਾਨ ਇਸ ਜੁਗਤੀ ਨਾਲ ਬਾਬਾ ਸ੍ਰੀ ਚੰਦ ਜੀ ਨੇ ਆਪਣੀ ਸੰਪ੍ਰਦਾ ਸਦਾ ਲਈ ਆਪਣੇ ਪਿਤਾ ਗੁਰੂ ਨਾਨਕ ਦੇ ਮੱਤ ਨਾਲ ਮਿਲਾ ਦਿੱਤੀ। ਅੱਗੋਂ ਬਾਬਾ ਗੁਰਦਿੱਤਾ ਮੱਲ ਜੀ ਦੇ ਚਾਰ ਸੇਵਕ ਹੋਏ ਸ਼੍ਰੀ ਬਾਲੂ ਹਸਨਾ ਜੀ, ਸ੍ਰੀ ਹਰਫੂਲ ਜੀ, ਸ੍ਰੀ ਗੋਂਦਾ ਜੀ ਅਤੇ ਚੌਥੇ ਸ੍ਰੀ ਅਲਮਸਤ ਜੀ। ਪ੍ਰਸਿੱਧ ਨਾਮ ਇਨ੍ਹਾਂ ਦੇ ਇਹ ਸਨ।

ਉਦਾਸੀ ਸੰਪ੍ਰਦਾ ਦੇ ਮਹਾਂ ਪੁਰਖ ਨਾਮ ਜੰਤ੍ਰ ਪਹਿਲੀ ਪਉੜੀ(ਮੂਲਮੰਤਰ) ੧ਓ ਸਤਿਨਾਮੁ ਕਰਤਾ ਪੁਰਖ........... ਹੀ ਜਪਨ ਵਾਸਤੇ ਦਿੰਦੇ ਸਨ। ਜਦੋਂ ਮੁੱਢ ਹੀ ਇੱਕ ਬਣ ਗਿਆ ਫਿਰ ਫਰਕ ਕੀ ਰਹਿ ਗਿਆ। ਸਰੀਰਕ ਚਿੰਨ ਤਾਂ ਭਾਵੇਂ ਵਖਰੇ-ਵਖਰੇ ਬਣ ਗਏ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਉਦੋਂ ਤੋਂ ਹੀ ਵੱਡੇ-ਵੱਡੇ ਗੁਰ ਧਾਮਾਂ ਦੀ ਸੇਵਾਂ ਸੰਭਾਲ ਉਦਾਸੀ ਮਹਾਪੁਰਖ ਹੀ ਕਰਦੇ ਰਹੇ।

ਨਿਰਮਲ ਪੰਥ ਦੇ ਬਾਰੇ ਭਾਈ ਗੁਰਦਾਸ ਸਾਹਿਬ ਜੀ ਨੇ ਲਿਖਿਆ ਹੈ ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ। ਦਸਵੇਂ ਪਾਤਸ਼ਾਹ ਨੇ ਸਰਬ ਲੋਹ ਗ੍ਰੰਥ ਵਿੱਚ ਨਿਰਮਲ ਪੰਥੁ ਦੇ ਬਾਬਤ ਬਹੁਤ ਵਰਨਣ ਕੀਤਾ ਹੈ।

ਹੁਣ "ਪੰਥ ਪ੍ਰਕਾਸ਼" ਵਿੱਚੋਂ ਨਿਰਮਲ ਪੰਥ ਬਾਰੇ ਕੁਝ ਨਮੂਨਾ

ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਅਨੁਸਾਰ ਨਿਰਮਲ ਪੰਥ ਦੀ ਉਤਪਤੀ ਗੁਰੂ ਨਾਨਕ ਦੇ ਸਮੇਂ ਤੋਂ ਹੋਈ ਹੈ ਅਤੇ ਗਿਆਨੀ ਗਿਆਨ ਸਿੰਘ ਜੀ ਨੇ ਭਾਈ ਗੁਰਦਾਸ ਦੀ ਇਸ ਪਉੜੀ ਤੋਂ ਆਰੰਭ ਕੀਤਾ ਹੈ।

**ਫਿਰਿ ਬਾਬਾ ਆਇਆ ਕਰਤਾਰਪੁਰ ਭੇਖੁ ਉਦਾਸੀ, ਸਗਲ ਉਤਾਰਾ**
**ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥**

**(ਵਾਰ, ਪਉੜੀ ੩੮)**

ਉਹ ਉਦਾਸੀ ਭੇਖ ਭਾਵ ਭਗਵੇਂ ਬਸਤ੍ਰ ਜਿਨ੍ਹਾਂ ਸਿੱਖਾਂ ਨੂੰ ਬਖਸ਼ਸ ਹੋਈ ਉਹ ਸਿੱਖ ਨਿਰਮਲੇ ਕਹਾਉਣ ਲੱਗੇ।

ਅਤੇ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਪੁਸਤੋਂ ਪੁਸ਼ਤੀ ਨਾਲ ਰਹੇ ਸੇਵਾ ਸਿਮਰਨ ਕਰਦੇ ਰਹੇ ਸਮੇਂ ਅਨੁਸਾਰ ਜਿਸ ਤਰ੍ਹਾਂ ਸਿੱਖ ਸੰਗਤਾਂ ਦੀ ਸਤਿਗੁਰਾਂ ਵਲੋਂ ਪਰਖ ਹੁੰਦੀ ਰਹੀ, ਇਹ ਵੀ ਸਮੇਂ ਸਮੇਂ ਕਸਵੱਟੀਆਂ ਉੱਤੇ ਪਰਖੇ ਜਾਂਦੇ ਔਰ ਪੂਰੇ ਉਤਰਦੇ ਰਹੇ। ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੇ।

ਇੱਕ ਦਿਨ ਕਰ ਤਿਨਿ ਮਤਾ ਕਰਾਰਾ। ਭਾਈ ਚੰਦਨ ਲੂਟਿਓ ਮਾਰਾ।

ਜਿਸ ਵਕਤ ਦਸਮ ਪਾਤਸ਼ਾਹ ਨੂੰ ਪਤਾ ਲਗਿਆ ਹੁਕਮ ਦੇ ਕੇ ਉਹ ਸਾਰੇ ਹੀ ਫੜ ਲਏ। ਫਿਰ ਭਾਈ ਚੰਦਨ ਨੂੰ ਸੱਦਕੇ ਪੁਛਿਆ ਕਿ ਚੰਦਨ ਇਨ੍ਹਾਂ ਨੂੰ ਕੀ ਸਜਾ ਦੇਈਏ ਚੰਦਨ ਨੇ ਹੱਥ ਜੋੜ ਕੇ ਬੇਨਤੀ ਕੀਤੀ ਗਰੀਬ ਨਿਵਾਜ ਜੀ।

**ਮਾਰੈ ਰਾਖੈ ਏਕੋ ਆਪਿ। ਮਾਨੁਖ ਕੈ ਕਿਛੁ ਨਾਹੀ ਹਾਥਿ॥**

ਇਸ ਤੋਂ ਸਾਬਤ ਹੁੰਦਾ ਹੈ ਨਿਰਮਲ ਪਦ ਸਤਿਗੁਰ ਨੇ ਕਿੰਨੀ ਆਤਮਕ ਉਚਤਾਈ ਵਾਲੇ ਸਿੱਖਾ ਪ੍ਰਤੀ ਉਚਾਰਨ ਕੀਤਾ ਹੈ "ਤੀਜੀ ਬਖਸ਼ਸ" ਉਦੋਂ ਹੋਈ ਜਦੋਂ ਪਾਉਂਟੇ ਸਾਹਿਬ ਵਿਖੇ ਪੰਜ ਸਿੱਖ 'ਰਘੁਨਾਥ' ਪੰਡਿਤ ਕੋਲ ਪੜ੍ਹਨ ਲਈ ਭੇਜੇ। ਉਸਨੇ ਸਿੱਖਾਂ ਦੀ ਜਾਤ ਪੁੱਛ ਕੇ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਫਿਰ ਸਤਿਗੁਰ ਜੀ ਨੇ ਪੰਡਤ ਨੂੰ ਪੁੱਛਿਆ। ਪੰਡਿਤ ਦੇ ਫਿਰ ਪੜਾਉਣ ਵਲੋਂ ਇਨਕਾਰ ਕਰਨ ਉਤੇ ਗੁਰੂ ਕਾ ਬਚਨ ਹੋਇਆ ਜਿਹੜਾ "ਸਬ੍ਰ ਲੋਹ ਗ੍ਰੰਥ" ਵਿੱਚ ਦਰਜ਼ ਹੈ।

ਗੁਰੂ ਜੀ ਨੇ ਬਚਨ ਕੀਤਾ ਹੇ ਪੰਡਤ ਮੈਂ ਇਨ੍ਹਾ ਸਿੱਖਾਂ ਨੂੰ ਚੌਦਾ ਪ੍ਰਕਾਰ

ਦੀ ਵਿਦਿਆ ਬਖਸ਼ੀ ਹੈ। ਚੌਦਾ ਲੋਕ ਦੀ ਵਿਦਿਆ ਇਨ੍ਹਾਂ ਨੂੰ ਬਖਸ਼ੀ ਹੈ। ਹੇ ਪੰਡਤ ਜੀ ਸੁਣੋ ਜਿਨ੍ਹਾਂ ਨੂੰ ਤੂੰ ਸ਼ੂਦ੍ਰ ਕਿਹਾ, ਬ੍ਰਾਹਮਣ ਲੋਕ ਇਨਾਂ ਤੋਂ ਵਿਦਿਆ ਪੜ੍ਹਿਆ ਕਰਨਗੇ। ਉਸ ਤੋਂ ਬਾਅਦ ਉਨ੍ਹਾਂ ਪੰਜਾਂ ਸਿੱਖਾਂ ਨੂੰ ਸੱਦ ਕੇ ਹੁਕਮ ਕੀਤਾ ਪੁਨ ਸਤਿਗੁਰ ਪੰਜ ਸਿੱਖ ਬੁਲਾਏ। ਕਹਿਓ ਪੜ੍ਹੋ ਤੁਮ ਕਾਸ਼ੀ ਜਾਏ। ਪੁਨ ਸਿਖਨ ਕਰ ਜੋਰ ਸੁਨਾਵਾ। ਤਹਿ ਭੀ ਕਬ ਹਮ ਤਈ ਪੜ੍ਹਾਵਾ। ਬਸੂਨਸੁਕਲ ਪਿਖ ਜਾਤੀ ਸੁਨ ਕੇ। ਦਿਜ ਨਾ ਪੜ੍ਹਾਵੇ ਸ਼ੂਦ੍ਰ ਗੁਨ ਕੈ।

ਸਿੱਖਾਂ ਨੇ ਬੇਨਤੀ ਕੀਤੀ ਜੀ ਭਗਵੇਂ ਬਸਤ੍ਰ ਕਿਸ ਤਰ੍ਹਾਂ ਤਾ ਸਤਿਗੁਰ ਨੇ ਬਚਨ ਕੀਤਾ।

**ਬਸਲ ਕਖਾਇ ਧਰੇ ਗੁਰ ਆਦਿ। ਲਖ ਰਿਖਿਆਨ ਕਾ ਵੇਸ ਅਨਾਦੈ ॥**

ਪਹੁੰਚੇ ਕਾਸੀਪੁਰੀ ਮ੍ਝਾਰ। ਚੇਤਨ ਮਟ, ਮੈ ਰਹੇ ਬਿਚਾਰ। ਜਾਣ ਲਗਿਆ ਸਤਿਗੁਰ ਨੇ ਅਸੀਸ ਦਿੱਤੀ ਉਹੀ ਪੁਸਤਕ ਗਾਤਰਿਆਂ ਵਿੱਚ ਪਾਕੇ ਭਗਵੇਂ ਰੰਗ ਦੇ ਬਸਤ੍ਰ ਪਹਿਨਾਕੇ (ਗਿਲਤੀਆਂ) ਦੇ ਕੇ ਭਰੇ ਦਰਬਾਰ ਇਉ ਬਚਨ ਕੀਤਾ।

"ਜਾਉ ਮੇਰੇ ਪੁਤਰੋ, ਤੁਹਾਡੀ ਪਾਲਣਾ ਆਪ ਅਕਾਲ ਪੁਰਖ ਕਰੈ। ਮੈਂ ਸਭ ਧਨ ਪਦਾਰਥ ਤੁਹਾਥੋਂ ਕੁਰਬਾਨ ਕਰਦਾ ਹਾਂ। ਕਾਮ ਆਦਕਾਂ ਦਾ ਤਿਆਗ ਕਰਕੇ ਹਰ ਤਰ੍ਹਾਂ ਦੇ ਰਸ਼ਾਂ ਕਸਾਂ ਨੂੰ ਛੱਡ ਕੇ ਹਰਿ ਰੁਖੀ ਰੋਟੀ ਖਾਇ ਸਮਾਲੇ" ਕੇ ਕਥਨ ਅਨੁਸਾਰ "ਦਰਵੇਸਾਂ ਨੋ ਲੋੜੀਐ ਰੁਖਾ ਦੀ ਜੀਰਾਂਦ।" ਛੱਪਰੀਆਂ ਵਿੱਚ ਬੈਠ ਕੇ ਸਮਾਂ ਬਤੀਤ ਕਰਨਾ। ਸਹੀ ਅਰਥਾਂ ਵਿੱਚ ਅਸਲੀ ਸੰਨਿਆਸੀ ਅਤੇ ਬੈਰਾਗੀ ਕੌਣ ਹੈ ਤੁਸੀਂ ਇੱਕ ਨਮੂਨਾ ਪੇਸ਼ ਕਰਨਾ ਹੈ। ਸੰਸਾਰ ਵਿੱਚ ਸਭ ਆਸ਼੍ਰਮਾਂ ਵਾਲੇ ਤੁਹਾਡਾ ਜੀਵਨ ਵੇਖ ਕੇ ਸਿਖਿਆ ਪਰਾਪਤ ਕਰਨ। ਵਿਦਵਾਨ ਤਾਂ ਸੰਸਾਰ ਵਿੱਚ ਬੜੇ ਹਨ, ਨਿਰਾ ਪੜਿਆ ਹੀ ਕਿਸੇ ਕੰਮ ਨਹੀਂ, ਕਿਉਂ? ਪੜਿਆ ਮੂਰਖ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ਜਦੋਂ ਤੁਸੀਂ ਇਸ ਤਰ੍ਹਾਂ ਦੇ ਆਤਮਕ ਜੀਵਨ ਵਾਲੇ ਹੋ ਜਾਉਗੇ ਤਾਂ ਫਿਰ ਤੁਹਾਡਾ ਚੰਦ੍ਰਮਾ ਅਤੇ ਸੂਰਜ ਨਾਲੋਂ ਭੀ ਉੱਚਾ ਮਰਤਬਾ ਹੋ ਜਾਏਗਾ। ਸੋ ਇਸ ਤਰਾਂ ਅਸੀਸਾਂ ਦੇ ਕੇ ਜਗਤ ਗੁਰੂ ਦਸਮੇਸ ਜੀ ਨੇ ਬਨਾਰਸ ਪੜ੍ਹਨ ਲਈ ਘੱਲੇ। ਜਿਸ ਵੇਲੇ ਇਹ ਸਿੱਖ ਬਨਾਰਸ ਤੋਂ ਪੜ੍ਹਕੇ ਆਏ ਫਿਰ ਇਨ੍ਹਾਂ ਨੂੰ ਅਮ੍ਰਿਤ ਪਾਨ ਕਰਾਕੇ 'ਗੰਡਾ ਸਿੰਘ' 'ਕਰਮ ਸਿੰਘ' 'ਸੈਣਾ ਸਿੰਘ' 'ਬੀਰ ਸਿੰਘ' 'ਰਾਮ ਸਿੰਘ' ਆਦਿਕ ਨਾਮ ਰਖ

ਦਿੱਤੇ। ਇੱਕ ਸਮੇਂ ਅਨੰਦਪੁਰ ਵਿੱਚ ਕੜਾਹ ਪ੍ਰਸ਼ਾਦ ਦੀ ਦੇਗ ਕਰਕੇ ਹੁਕਮ ਦਿੱਤਾ "ਕਿ ਲੁਟ ਲਵੋ!" ਤਿੰਨ ਵਾਰ ਪ੍ਰਸ਼ਾਦ ਕਰਕੇ ਤਿੰਨ ਵਾਰ ਹੀ ਲੁਟ ਲੈਣ ਦਾ ਹੁਕਮ ਦਿੱਤਾ। ਜਿਹੜੇ ਸਿੰਘ ਤਿੰਨ ਵਾਰ ਨਹੀਂ ਉਠੇ, ਉਨ੍ਹਾਂ ਦੀ ਮਨੋ ਅਵਸਥਾ ਵੇਖ ਕੇ ਪ੍ਰਸੰਨ ਹੋ ਕੇ ਬਚਨ ਕੀਤਾ।

**"ਪੰਥ ਨਿਰਮਲਾ ਏਹ ਮਮਚਾਲੈ। ਪੂਜਨੀਕ ਸਭ ਹੇਤ ਬਿਸਾਲੇ।**
**ਇੰਉਂ ਬਰ ਦੇ ਗੁਰੂ ਛੰਦ ਉਚਾਰੇ। ਸਰਬ ਲੋਹਮੈ ਲੇਹੁ ਨਿਹਾਰੇ॥**

**(ਪੰਥ ਪ੍ਰਕਾਸ਼)**

ਇਸ ਸਮੇਂ ਜਿਹੜੇ ਸਿੰਘ ਲੁੱਟਣ ਲਈ ਨਹੀਂ ਉਠੇ, ਸਾਰੀ ਸੰਗਤ ਵਿੱਚ ੧੩ (ਤੇਰਾ) ਸਿੱਖ ਸਨ। 'ਕਰਮ ਸਿੰਘ' 'ਧਰਮ ਸਿੰਘ' 'ਗੱਜਾ ਸਿੰਘ' 'ਧੰਨਾ ਸਿੰਘ' 'ਚੰਦਨ ਸਿੰਘ' 'ਮੰਨਾ ਸਿੰਘ' ਝੰਡਾ ਸਿੰਘ ਲਖਬੀਰ ਸਿੰਘ। ਇਨ੍ਹਾਂ ਸਿੰਘ ਨੂੰ ਦਸਮੇਸ ਜੀ ਨੇ "ਨਿਰਮਲੇ" ਕਹਿ ਕੇ ਸੰਬੰਧਨ ਕੀਤਾ। ਉਸ ਤੋਂ ਉਪਰੰਤ ਇੱਕ ਦਿਨ ਤੜਕੇ ਸਤਿਗੁਰਾਂ ਨੇ ਸਭ ਸਿੱਖਾਂ ਵਿੱਚ ਜਾ ਕੇ ਗੁਪਤ ਰੂਪ ਵਿੱਚ ਪੜਤਾਲ ਕੀਤੀ ਕਈ ਸਿੰਘ ਸੁਤੇ ਪਏ, ਕਈ ਸੰਸਾਰੀ ਗੱਲਾਂ ਬਾਤਾਂ ਕਰ ਰਹੇ ਸਨ। ਜੋ ਗੁਰਸਿੱਖ ਨਾਮ ਜਪ ਰਹੇ ਸਨ ਉਨ੍ਹਾਂ ਨੂੰ ਨਿਰਮਲੇ ਸਿੱਖ ਆਖ ਕੇ ਨਿਵਾਜਿਆ। ਇੱਕ ਵਾਰ ਗੁਰੂ ਕੇ ਦਰਬਾਰ ਹੁਕਮ ਅਨੁਸਾਰ ਭੰਡਾਂ ਨੇ ਕੋਈ ਸ਼ਿੰਗਾਰ ਰਸ ਭਾਵ ਮਨ ਨੂੰ ਲੁਭੋਣ ਵਾਲੀ ਨਕਲ ਕੀਤੀ। ਜਿਨ੍ਹਾਂ ਸਿੰਘਾਂ ਦੇ ਮਨ ਨਾ ਭਰਮੇਂ ਉਨ੍ਹਾਂ ਨੂੰ ਨਿਰਮਲੇ ਸੰਤ ਆਖ ਕੇ ਸੰਬੋਧਨ ਕੀਤਾ। ਇੱਕ ਵਾਰ ਦਸਮ ਪਾਤਸ਼ਾਹ ਜੀ ਨੇ ਦੀਵਾਨ ਵਿੱਚ ਸਾਰੀ ਸੰਗਤ ਨੂੰ ਹੁਕਮ ਕੀਤਾ "ਮੰਗੋ ਕੀ ਮੰਗਦੇ ਹੋ" (ਪੰਥ ਪ੍ਰਕਾਸ਼ ਗਿਆਨ ਸਿੰਘ)

ਜਿਨ੍ਹਾਂ ਨੂੰ ਸਤਿਗੁਰਾਂ ਨੇ ਨਿਰਮਲੇ ਪਦ ਬਖਸ਼ਿਆ ਉਨਾਂ ਦੀ ਇਹ ਆਤਮਕ ਅਵਸਥਾ ਸੀ।

**ਅਬ ਤਬ ਅਵਰੁ ਨ ਮਾਗਉ ਹਰਿ ਪਹਿ**
**ਨਾਮੁ ਨਿਰੰਜਨ ਦੀਜੈ ਪਿਆਰਿ॥**
**ਨਾਨਕ ਚਾਤ੍ਰਿਕ ਅੰਮ੍ਰਿਤ ਜਲੁ ਮਾਗੈ**
**ਹਰਿ ਜਸੁ ਦੀਜੈ ਕਿਰਪਾ ਧਾਰਿ॥**

**ਗੁਜਰੀ ਮਃ ੧**

ਇਥੇ ਇੱਕ ਹੋਰ ਪ੍ਰਸੰਗ ਲਿਖਣਾ ਠੀਕ ਹੀ ਹੋਵੇਗਾ ਕਿ ਇੱਕ ਵਾਰ ਸਬ੍ ਉਪਮਾਂ ਯੋਗ ਸ੍ਰੀ ੧੦੮ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਸੰਗਤ ਬੈਠੀ

ਹੋਈ ਤੋਂ ਸ੍ਰੀ ਬਾਬਾ ਆਨੰਦ ਸਿੰਘ ਜੀ ਨੂੰ ਬਚਨ ਕੀਤਾ 'ਰਿਖੀ ਜੀ ਕੁਝ ਮੰਗ ਲਓ ?' ਬਾਬਾ ਅਨੰਦ ਸਿੰਘ ਜੀ ਨੇ ਹੱਥ ਜੋੜ ਕੇ ਬਚਨ ਕੀਤਾ ਕਿ 'ਗੁਰਦੇਵ ਮੈਨੂੰ ਤਾਂ ਬਿਨਾਂ ਮੰਗਣ ਤੋਂ ਹੀ ਸਭ ਕੁਝ ਮਿਲ ਗਿਆ ਹੈ ਜੇ ਦੇਣਾ ਹੀ ਹੈ ਤਾਂ

**ਹਮਾਰੈ ਏਹ ਕਿਰਪਾ ਕੀਜੈ ॥ ਅਲਿ ਮਕਰੰਦ ਚਰਨ ਕਮਲ ਸਿਉਂ ॥**
**ਮਨੁ ਫੇਰਿ ਫੇਰਿ ਰੀਝੈ ॥੧॥ ਰਹਾਉ ॥**
**ਆਨ ਜਲਾ ਸਿਉ ਕਾਜੁ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥**
**ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ ।**

**ਕਲਿਆਣ ਮਃ ੫.੧੩੨੯**

ਫਿਰ ਦੂਜੀ ਵਾਰ ਬਚਨ ਹੋਇਆ 'ਕੁਝ ਹੋਰ ਮੰਗ ਲਓ'। ਦੂਜੀ ਵਾਰੀ ਵੀ ਹੱਥ ਜੋੜ ਕੇ ਇਹੋ ਹੀ ਬੇਨਤੀ ਕੀਤੀ। ਪਰ ਤੀਸਰੀ ਵਾਰ ਫਿਰ ਹੁਕਮ ਹੋਇਆ 'ਨਹੀਂ', ਜ਼ਰੂਰ ਮੰਗੋ। ਤੀਸਰਾ ਬਚਨ ਹੈ, ਖਾਲੀ ਨਾ ਜਾਵੇ। ਤਾਂ ਫਿਰ ਹੱਥ ਜੋੜ ਕੇ ਬੇਨਤੀ ਕੀਤੀ ਕਿ "ਗਰੀਬ ਨਿਵਾਜ ਤਿੰਨਾ ਲੋਕਾਂ ਵਿੱਚ ਸੂਈ ਦੇ ਨੱਕੇ ਜਿਨ੍ਹੀਂ ਚੀਜ ਉੱਤੇ ਵੀ ਮੇਰੀ ਮੇਰ ਨਾ ਹੋਵੇ। ਜੇ ਮੈਂ ਕਿਸੇ ਵੀ ਚੀਜ਼ ਉਤੇ ਮੇਰ ਕਰਾਂ ਤਾਂ ਮੈਨੂੰ ਗੁਰ ਸਿੱਖੀ ਤੋਂ ਖਾਰਜ ਕਰ ਦੇਣਾ।"

**ਜਾ ਕਉ ਆਇਓ ਏਕੁ ਰਸਾ।**
**ਖਾਨ ਪਾਨ ਆਨ ਨਹੀਂ ਖੁਧਿਆ ਤਾ ਕੈ ਚਿਤਿ ਨ ਬਸਾ॥ ਰਹਾਉ ॥**

**ਅੰਗ ੬੭੨**

ਬਾਕੀ ਪ੍ਰਸੰਗ ਤਾਂ ਕਿਸੇ ਥਾਂ ਸਿਰ ਦਿੱਤਾ ਜਾਏਗਾ ਸੋ ਇਹ ਹੈ ਪੂਰਨ ਪੁਰਖਾਂ ਦੀ ਮੇਹਕ ਸਦਕਾ ਮਨ ਦੀ ਅਵਸਥਾ।

**ਸ਼ਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥**
**ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖ ਦਰਦੁ ਭ੍ਰਮੁ ਹਿਰਿਆ ॥**

**(ਸਾ. ਮ. ੫) ੧੨੧੯**

ਹੇ ਅਰਜਨ ਬ੍ਰਹਮ ਲੋਕ ਤੋਂ ਲੈ ਕੇ ਜਿਤਨੇ ਲੋਕ, ਪੁਨਰਾਂਵਰਤੀ ਸੁਭਾ ਵਾਲੇ ਹਨ, ਭਾਵ ਜੋ ਲੋਕ ਪੁੰਨ ਕਰਕੇ ਇਨ੍ਹਾਂ ਦੀ ਪ੍ਰਾਪਤੀ ਕਰਦੇ ਹਨ, ਪੁੰਨ ਖਤਮ ਹੋ ਜਾਣ ਬਾਦ ਉਥੇ ਰਹਿ ਨਹੀਂ ਸਕਦੇ।

**ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥**

**ਧਨਾਸਰੀ ਭ: ਕਬੀਰ ੬੯**

ਪਰ ਇਸ ਨੂੰ ਉਹੀ ਸਮਝਦੇ ਹਨ ਜਿਨ੍ਹਾਂ ਨੂੰ ਇਹ ਰਸ ਆਇਆ ਹੈ। ਜਿਸ ਨੂੰ ਆਇਆ ਹੀ ਨਹੀਂ ਉਹ ਕੀ ਜਾਣੇ ਅੱਜ ਦੇ ਮਨੁੱਖ ਨੂੰ ਰਸ ਆਇਆ ਹੈ ਸੋਨੇ ਦਾ, ਚਾਂਦੀ ਦਾ, ਵਿਕਾਰਾਂ ਦਾ, ਨਿੰਦਿਆ ਦਾ, ਚੁਗਲੀ ਦਾ, ਦਿਨ ਰਾਤ ਇਨ੍ਹਾਂ ਨੂੰ ਭੋਗਦਾ ਹੈ ਔਰ ਹੋਰ ਨਵੇਂ ਨਵੇਂ ਰਸ ਲੈਣ ਦੇ ਉਦਮ ਕਰਦਾ ਰਹਿੰਦਾ ਹੈ।

**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥**
**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥**
**ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥**

**ਸਿਰੀਰਾਗ ਮ ੧੧੫**

ਬਾਬਾ ਜੀ ਦੀ ਛੋਟੀ ਉਮਰ ਸਮੇਂ ਇੱਕ ਸੰਤ ਮੰਡਲੀ ਬਾਬਾ ਜੀ ਦੇ ਜਨਮ ਨਗਰ ਪਿੰਡ ਮਨਸੂਰਵਾਲ ਆਈ। ਨਗਰ ਵਲੋਂ ਜੀ ਆਇਆ ਆਖਣ ਤੋਂ ਬਾਅਦ ਸੰਘਣੀ ਬ੍ਰਿਛਾਂ ਦੀ ਛਾਂ ਹੇਠ ਡੇਰਾ ਲਾ ਦਿੱਤਾ। ਨਗਰ ਵਿਚੋਂ ਦੁੱਧ, ਅੰਨ ਪਾਣੀ ਲੋੜ ਅਨੁਸਾਰ ਪਹੁੰਚ ਗਿਆ ਅਤੇ ਸਭ ਨੇ ਛੱਕ ਲਿਆ। ਰੋਜ ਦੇ ਨਿੱਤ ਨੇਮ ਅਨੁਸਾਰ ਦੋ ਵੇਲੇ ਕਥਾ ਕੀਰਤਨ ਦਾ ਪ੍ਰੋਗਰਾਮ ਹੁੰਦਾ ਸੀ। ਉਸੇ ਤਰ੍ਹਾਂ ਇਸੇ ਪਿੰਡ ਮਨਸੂਰਵਾਲ ਵੀ ਹੋਇਆ। ਨਗਰ ਦੀ ਸੰਗਤ ਕਥਾ ਕੀਰਤਨ ਸੁਨਣ ਲਈ ਗਈ। ਬਾਬਾ ਜੀ ਦੇ ਮਾਤਾ ਪਿਤਾ ਵੀ ਗਏ ਆਪਣੇ ਪਿਤਾ ਨਾਲ ਉਂਗਲ ਫੜ ਕੇ ਆਪ ਵੀ ਚਲੇ ਗਏ। ਸੰਗਤ ਦੇ ਪਹੁੰਚਣ ਤੋਂ ਬਾਅਦ ਕਥਾ ਕੀਰਤਨ ਅਰੰਭ ਹੋ ਗਿਆ। ਬਾਅਦ ਵਿੱਚ ਇਸ ਮੰਡਲੀ ਦੇ ਪੂਜਨੀਕ ਮਹਾਤਮਾ ਵੀ ਸੰਗਤ ਵਿੱਚ ਆ ਕੇ ਬੈਠ ਗਏ। ਸੰਗਤ ਨੇ ਸੰਤਾਂ ਨੂੰ ਅਦਬ ਨਾਲ ਨਮਸਕਾਰ ਕੀਤੀ। ਅਤੇ ਸੰਤਾਂ ਨੇ ਸੰਗਤਾਂ ਨੂੰ ਨਮਸਕਾਰ ਕੀਤੀ ਅਤੇ ਬੈਠ ਗਏ ਅਤੇ ਮਹਾਤਮਾ ਦੇ ਨਜਦੀਕ ਹੀ ਬਾਬਾ ਜੀ ਆਪਣੇ ਪਿਤਾ ਜੀ ਦੀ ਗੋਦ ਵਿੱਚ ਬੈਠੇ ਹੋਏ ਸਨ। ਕੀਰਤਨ ਦੇ ਭੋਗ ਤੋਂ ਬਾਅਦ ਮਹਾਤਮਾ ਜੀ ਨੇ ਕਥਾ ਆਰੰਭ ਕੀਤੀ। ਉਸ ਵੇਲੇ ਉਨ੍ਹਾਂ ਨੇ ਸਾਰੀ ਸੰਗਤ ਵੱਲ ਦੇਖਿਆ ਅਤੇ ਬਾਬਾ ਜੀ ਦੇ ਪਿਤਾ ਨੇੜੇ ਬੈਠੇ ਹੋਣ ਕਰਕੇ ਬਾਬਾ ਜੀ ਵੱਲ ਨੀਝ ਲਾ ਕੇ ਦੇਖਿਆ ਅਤੇ ਫਿਰ ਕਥਾ ਆਰੰਭ ਕਰ ਦਿਤੀ। ਕਥਾ ਕਰਦੇ ਕਈ ਵਾਰੀ ਬਾਬਾ ਜੀ ਵੱਲ ਦੇਖਦੇ ਰਹੇ ਪਰ ਆਪ ਜਿਵੇਂ ਮੁੱਢ ਤੋਂ ਆ ਕੇ ਸੰਗਤ ਵਿੱਚ ਬੈਠੇ ਸਨ ਅਖੀਰ ਤੱਕ ਉਸੇ ਤਰ੍ਹਾਂ ਮਸਤ ਹਾਲਤ ਵਿੱਚ ਬੈਠੇ ਰਹੇ। ਕਥਾ ਦੀ ਸਮਾਪਤੀ ਪਿਛੋਂ ਸੰਤਾਂ ਨੇ ਕੋਲ ਬੈਠੇ ਇੱਕ ਸੇਵਕ ਨੂੰ ਇਸ਼ਾਰਾ

ਕਰਕੇ ਸੱਦ ਲਿਆ ਤੇ ਬਾਬਾ ਜੀ ਦੇ ਪਿਤਾ ਜੀ ਨੂੰ ਬੁਲਾਣ ਲਈ ਕਿਹਾ। ਜਿਸ ਵਕਤ ਬਾਬਾ ਬੂੜ ਸਿੰਘ ਜੀ ਸੰਤਾਂ ਪਾਸ ਗਏ ਤਾਂ ਨਮਸਕਾਰ ਕਰਕੇ ਬੈਠ ਗਏ ਤਾਂ ਆਪ ਵੀ ਕੋਲ ਬੈਠ ਗਏ ਤਾਂ ਸੰਤਾਂ ਨੇ ਪੁਛਿਆ ਕਿ ਭਾਈ ਸਿੱਖਾਂ ਕੀ ਨਾਮ ਹੈ। ਆਪ ਜੀ ਦੇ ਪਿਤਾ ਜੀ ਨੇ ਆਪਣਾ ਨਾਮ ਦਸ ਦਿੱਤਾ ਤਾਂ ਫਿਰ ਕਹਿਣ ਲੱਗੇ ਇਹ ਬਾਲਕ ਤੇਰਾ ਹੈ ਤਾਂ ਅੱਗੋਂ ਹਾਂ ਵਿੱਚ ਕਹਿਣ ਤੋਂ ਬਾਦ ਆਪ ਜੀ ਦਾ ਨਾਮ ਪੁਛਿਆ। ਪਿਤਾ ਜੀ ਨੇ ਦਸਿਆ ਕਿ ਅਸੀਂ ਨਾਮ ਤਾਂ 'ਨਿਹਾਲ' ਰਖਿਆ ਹੈ ਪਰ ਸਿੱਧਾ ਸਾਧਾ ਹੋਣ ਕਰਕੇ ਅਸੀਂ ਇਸ ਨੂੰ ਮਸਤਾਨਾਂ ਕਹਿ ਕੇ ਬੁਲਾਂਦੇ ਹਾਂ। ਤਾਂ ਸੰਤ ਚੁਪ ਕਰ ਗਏ। ਬਾਬਾ ਜੀ ਦੇ ਪਿਤਾ ਨੇ ਪੁਛਿਆ ਕਿ ਮਹਾਰਾਜ ਕੀ ਗੱਲ ਹੈ, ਕੁਝ ਦਸੋ ਤਾਂ ਸਹੀ, ਤਾਂ ਮਹਾਤਮਾ ਬੋਲੇ ਸੁਣ ਲੈ ਭਾਈ, ਤੁਸੀਂ ਬੇਸ਼ਕ ਮਸਤਾਨਾ ਕਹੋ ਜਾਂ ਹੋਰ ਕੁਛ, ਪਰ ਸਾਡੀ ਸਮਝ ਅਨੁਸਾਰ ਇਹ ਸਧਾਰਨ ਬਾਲਕ ਨਹੀਂ। ਇਸ ਵਕਤ ਬਾਲ ਅਵਸਥਾ ਹੋਣ ਕਰਕੇ ਤੁਸੀ ਕਿਸੇ ਨਿਰਣੇ ਤੇ ਨਹੀਂ ਪਹੁੰਚ ਸਕਦੇ। ਸਮਝ ਆ ਸਕਣੀ ਮੁਸ਼ਕਲ ਹੈ ਜਦੋਂ ਦਾ ਇਹ ਤੇਰੇ ਨਾਲ ਆਇਆ ਹੈ, ਇਸ ਨੇ ਕੋਈ ਅੰਗ ਨਹੀਂ ਹਿਲਾਇਆ। ਅਗੋਂ ਪਿਤਾ ਨੇ ਕਿਹਾ ਕਿ ਇਹ ਤਾਂ ਘਰ ਵਿਚ ਵੀ ਇਸੇ ਤਰ੍ਹਾਂ ਹੀ ਰਹਿੰਦਾ ਹੈ। ਗਰਮੀ, ਸਰਦੀ, ਨੀਂਦ, ਭੁੱਖ ਦੀ ਕੋਈ ਪ੍ਰਵਾਹ ਨਹੀਂ ਕਰਦਾ। ਸੰਤਾਂ ਨੇ ਕਿਹਾ ਕਿ ਜੋ ਅਸੀਂ ਤੈਨੂੰ ਦਸਿਆ ਹੈ ਠੀਕ ਹੀ ਹੈ। ਜੇ ਕੋਈ ਬੱਚਾ ਸਿੱਧਾ ਸਾਧਾ ਹੋਵੇ ਤਾਂ ਉਸਨੂੰ ਗਰਮੀ ਸਰਦੀ ਤਾਂ ਲਗਦੀ ਹੈ। ਬੋਲੇ ਤੋਂ ਬਿਨਾਂ ਤਾਂ ਉਹ ਵੀ ਨਹੀਂ ਰਹਿ ਸਕਦਾ। ਜੋ ਤੁਸੀਂ ਅੰਦਾਜਾ ਲਗਾਉਂਦੇ ਹੋ, ਉਹ ਗਲਤ ਹੈ। ਇਸ ਤਰ੍ਹਾਂ ਦੀਆਂ ਸੋਚਾਂ ਵਿਚਾਰ ਛੱਡ ਦਿਓ। ਜਿਥੇ ਇਨ੍ਹਾਂ ਦੀ ਬ੍ਰਿਤੀ ਟਿਕੀ ਹੈ ਟਿੱਕੀ ਰਹਿਣ ਦਿਓ। ਤੁਹਾਡੇ ਵਲੋਂ ਕੋਈ ਐਸੀ ਗੱਲ ਨਾ ਹੋਵੇ ਜਿਸ ਕਰਕੇ ਇਨ੍ਹਾਂ ਦੇ ਮਨ ਨੂੰ ਕੋਈ ਖੋਭ ਹੋਵੇ। ਸਮਾਂ ਆਏਗਾ ਇਹ ਉਚ ਕੋਟੀ ਦੇ ਮਹਾਂਪੁਰਖ ਹੋਣਗੇ ਸਰੀਰਕ ਦੁਖਾਂ ਸੁਖਾਂ ਵਿੱਚ ਇਨ੍ਹਾਂ ਦੀ ਚਿਤ ਬ੍ਰਿਤੀ ਨਹੀਂ ਹੈ। ਇਹ ਕਿਸੇ ਵਿਰਲੇ ਮਹਾਂਪੁਰਖ ਦੀ ਅਨੰਦਮਈ ਵਿਵਸਥਾ ਹੁੰਦੀ ਹੈ। ਪਰ ਉਨ੍ਹਾਂ ਦੀ ਪਹਿਚਾਨ ਵੀ ਕਿਸੇ ਵਿਰਲੇ ਨੂੰ ਹੁੰਦੀ ਹੈ। ਭਾਈ ਨੰਦ ਲਾਲ ਸਾਹਿਬ ਨੇ ਦਸਿਆ ਹੈ :-

**ਪ੍ਰੇਮੀ ਬਾਝੋਂ ਯਾਰ ਲਬਾਂ ਦੀ ਕੋਈ ਕਦਰ ਕੀ ਜਾਣੇ-ਸੋ ਸਿਆਣੇ॥**
**ਇੱਕ ਯਾਕੂਤ ਸੁਚੇ ਦੀ ਕੀਮਤ ਜੌਹਰੀ ਅੱਖ ਪਛਾਣੇ ਹੋ ਕੁਰਬਾਣੇ॥**

ਇਸ ਕਰਕੇ ਇਨ੍ਹਾਂ ਦੀ ਬਾਲਕ ਅਵਸਥਾ ਹੈ ਅਜੇ ਇਵੇਂ ਹੀ ਰਹਿਣਗੇ। ਇਨ੍ਹਾਂ ਦੀ ਸੁਰਤ ਬਹੁਤ ਉੱਚੀ ਹੈ। ਫਿਰ ਮਹਾਤਮਾ ਕਹਿਣ ਲੱਗੇ ਸਿਮਰਨ ਕਰਨ ਵਾਲੇ ਨੂੰ ਸਭ ਤੋਂ ਪਹਿਲਾਂ ਸਰੀਰ ਦੀ ਸਾਧਨਾ ਵਾਲੇ ਨੂੰ ਚੌਂਕੜੀ ਮਾਰ ਕੇ ਬੈਠਣਾ ਜ਼ਰੂਰੀ ਹੈ। ਭਾਵ ਜੋ ਚੌਂਕੜੀ ਮਾਰ ਕੇ ਬੈਠ ਨਹੀਂ ਸਕਦਾ ਉਸ ਦੀ ਸੁਰਤ ਨਹੀਂ ਇਕਾਗਰ ਹੋ ਸਕਦੀ। ਸੁਰਤੀ ਇਕਾਗਰ ਬਿਨਾਂ ਨੀਂਦ ਭੁੱਖ ਗਰਮੀ ਸਰਦੀ ਸਰੀਰਕ ਲੋੜਾਂ ਵਲੋਂ ਬੇਪ੍ਰਵਾਹ ਨਹੀਂ ਹੋਇਆ ਜਾਂਦਾ। ਵੱਡੀਆਂ-ਵੱਡੀਆਂ ਕਠਨ ਸਾਧਨਾਂ ਕਰਕੇ ਇਹ ਅਵਸਥਾ ਬਣਦੀ ਹੈ। ਉਹ ਵੀ ਕਿਸੇ ਵਿਰਲੇ ਦੀ ਹੈ ਹਰ ਇੱਕ ਦੀ ਨਹੀਂ। ਜਿਹੜੇ ਦਰਗਾਹੀ ਮਹਾਂਪੁਰਖ ਹੁੰਦੇ ਹਨ ਉਹਨਾਂ ਨੂੰ ਇਹ ਬਖਸ਼ਿਸ਼ਾਂ  ਸੁੱਤੇ ਸਿੱਧ ਹੀ ਪ੍ਰਾਪਤ ਹੋ ਜਾਂਦੀਆਂ ਹਨ। ਇਨ੍ਹਾਂ ਦੀ ਪੁਰਬਲੇ ਜਨਮਾਂ ਦੀ ਪ੍ਰਬਲ ਕਮਾਈ ਹੋਣ ਕਰਕੇ ਇਹ ਬਹੁਤ ਉੱਚੇ ਹਨ। ਹੋਰ ਇਹ ਸੰਸਾਰੀ ਰਿਸਤੇਦਾਰੀ ਮੋਹ ਮਾਇਆ ਦੇ ਜੰਜਾਲ ਤੋ ਵੀਂ ਬਹੁਤ  ਉਚੇ ਹਨ।

ਸੋ ਪਿਆਰਿਆ, ਤੂੰ ਧਨ ਹੈ। ਇਨ੍ਹਾਂ ਦੀ ਮਾਤਾ ਵੀ ਧੰਨ ਹੈ। ਨਗਰ ਵੀ ਧੰਨ ਹੋ ਜਿਸ ਨਗਰ ਵਿੱਚ ਇਨ੍ਹਾਂ ਨੇ ਜਨਮ ਧਾਰਿਆ। ਇਨ੍ਹਾਂ ਦੇ ਦਰਸ਼ਨ ਕਰਕੇ ਅਸੀਂ ਵੀ ਧੰਨ ਹੋ ਗਏ। ਤਾਂ ਫਿਰ ਉਨ੍ਹਾਂ ਨੇ ਰਵਿਦਾਸ ਜੀ ਦਾ ਇੱਕ ਸ਼ਬਦ ਪੜ ਕੇ ਸੁਣਾਇਆ।

**ਜਿਹ ਕੁਲ ਸਾਧੁ ਬੈਸਨੌ ਹੋਇ ॥ ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥ ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥ ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥ ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥ ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥ ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥੩॥**

**ਬਿ.ਬਾ.ਰ. (੮੫੮)**
**(ਸਕੰਦ ਪੁਰਾਣਾ)**

ਇਸ ਤਰ੍ਹਾਂ ਬਚਨ ਕਰਕੇ ਮਹਾਤਮਾ ਚੁਪ ਹੋ ਗਏ। ਉਸ ਤੋਂ ਬਾਦ ਸੰਤ ਮੰਡਲੀ ਕਈ ਦਿਨ ਨਗਰ ਵਿੱਚ ਰਹੀ ਅਤੇ ਉਹ ਮਹਾਤਮਾ ਬਾਬਾ ਜੀ ਦਾ

ਦਰਸ਼ਨ ਹਰ ਰੋਜ ਆਪਣੇ ਕੋਲ ਸੱਦ ਕੇ ਕਰਦੇ ਅਤੇ ਸਤਿਕਾਰ ਕਰਦੇ ਰਹੇ। ਸੰਸਾਰੀ ਬੰਦਾਂ ਤਾਂ ਆਪਣੇ ਕਰਮ ਛਲ ਭੋਗਣ ਲਈ ਸੰਸਾਰ ਵਿੱਚ ਆਉਂਦਾ ਹੈ ਤੇ ਕਦੇ ਦੁਖੀ ਕਦੇ ਸੁਖੀ ਰਹਿੰਦਾ ਹੈ।

**ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ ॥**
**ਤਤ੍ਰਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ ॥੪੧॥**

(ਸ.ਕ੍ਰਿ.ਮ.ਪ.ਅੰਗ ੧੩੫੭)

ਇਸ ਸਲੋਕ ਵਿੱਚ ਪੰਜਵੇਂ ਪਾਤਸ਼ਾਹ ਨੇ ਬੰਦੇ ਦੀ ਜਨਮ ਤੋਂ ਲੈ ਕੇ ਅਖੀਰ ਤੱਕ ਹਾਲਤ ਦੱਸੀ ਹੈ। ਅੱਜ ਕਹਿੰਦੇ ਹਨ ਬਕਰੀ ਨੂੰ। ਜਿਵੇਂ ਬਕਰੀ ਕੀਮਤੀ ਤੋਂ ਕੀਮਤੀ ਫਲ ਖਾਂਦੀ ਹੋਈ ਵੀ ਤਕੜੀ ਨਹੀਂ ਹੋ ਸਕਦੀ, ਜਦੋਂ ਉਸ ਦਾ ਟਿਕਾਣਾ ਬੱਬਰ ਸ਼ੇਰ ਕੋਲ ਹੋਵੇ। ਜਦੋਂ ਸ਼ੇਰ ਨੂੰ ਦੇਖੇਗੀ ਉਸ ਦਾ ਖ਼ੂਨ ਡਰ ਨਾਲ ਸੁੱਕ ਜਾਵੇਗਾ। ਇਸੇ ਤਰ੍ਹਾਂ ਸੰਸਾਰ ਦੀ ਗਤੇ ਭਾਵ ਹਾਲਤ ਹੈ ਇਸ ਨੂੰ ਚਿੰਤਾ ਫਿਕਰ ਹਰ ਵੇਲੇ ਲੱਗੇ ਰਹਿੰਦੇ ਹਨ ਅਮੀਰ ਤੋਂ ਅਮੀਰ ਬੰਦੇ ਵਲ ਵੇਖੋ, ਵੇਖਣ ਨੂੰ ਸੁਖੀ ਹੈ, ਪਰ, ਜਦੋਂ ਅੰਦਰੋਂ ਫੋਲ ਕੇ ਦੇਖੋਂ ਤਾਂ ਪਤਾ ਲਗਦਾ ਹੈ ਇਸ ਵਰਗਾ ਦੁਖੀ ਹੀ ਕੋਈ ਨਹੀਂ।

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ (ਗਉੜੀ.ਸੁਖਮਨੀ ਮ.੫)**

ਸੁਖ ਕੇਵਲ ਨਾਮ ਵਿੱਚ ਹੈ ਨਾਮ ਜਪਣ ਵਾਲਿਆ ਨੂੰ ਸਤਿਗੁਰਾਂ ਨੇ ਸੰਤ ਆਖਿਆ ਹੈ ਜੋ ਨਾਮ ਨੂੰ ਜਪਦਾ ਹੈ ਉਸ ਦੇ ਕਰਮ ਨਿਰਮਲੇ ਹੋਣ ॥

**ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥**

**ਗ.ਸੁ.ਮ.੫**

ਉਨ੍ਹਾਂ ਦਾ ਪਿਆਰ ਹੈ ਨਿਰਇਛਤ ਕੇਵਲ ਜਪਣਾ ਤੇ ਜਪੀ ਹੀ ਜਾਣਾ। ਕੋਈ ਪ੍ਰਤੀਤ ਵਾਲਾ (ਪਿਆਰ ਵਾਲਾ) ਹੀ ਜਪ ਸਕਦਾ ਹੈ।

**ਨਾ ਬੂਦ ਹੇਚ ਨਿਸ਼ਾਂ ਹਾਂ ਆਸਮਾਨੋਂ ਜਿਮੀ ॥**
**ਕਿ ਸੋ ਕਿ ਰੂਇ ਤੇ ਅਵੁਰਦ ਦਾ ਤਦੋਂ ਨਾਮ ਨਿਸਾਨ ਨਾ ਆਹਾ ॥**
**ਪ੍ਰਿਥਵੀ ਅਤੇ ਅਕਾਸ਼ ਦਾ ਤਦੋਂ ਨਾਮ ਨਿਸਾਨ ਨਾ ਆਹਾ ॥**
**ਸਿਕ ਤੇਰੇ ਦਿਦਾਰ ਦੀ ਸਾਨੂੰ ਮਸਤਕ ਆਨ ਨਿਵਾਇਆ ॥**

**(ਜਿੰਦਗੀ ਨਾਮਾ)**

ਇਸ ਪਿਆਰ ਨੂੰ ਪਿਆਰ ਕਰਨ ਵਾਲੇ ਹੀ ਸਮਝ ਸਕਦੇ ਹਨ। ਸ਼ਮਸ ਤਬਰੇਜ ਵਰਗੇ ਮਸਤ ਫੱਕਰ ਵੀ ਕੁਝ ਇਵੇਂ ਹੀ ਆਖਦੇ ਹਨ। ਆਦਸ ਲਾ

ਬੂਦੋ ਮਨ ਬੂਦਮ। ਮਨ ਆਸ਼ਕਿ ਦੇਰੀ ਨਾ ਅਮ॥

ਜਦੋਂ ਬਾਬਾ ਆਦਮ ਅੰਮਾ ਹਵਾ ਆਦਕ ਕੋਈ ਨਹੀਂ ਸੀ ਪਰੰਤੂ ਉਸ ਵੇਲੇ ਮੈਂ ਵੀ ਮੌਜੂਦਾ ਸਾਂ ਅਤੇ ਮੇਰਾ ਖੁਦਾ ਵੀ ਮੌਜੂਦ ਸੀ ਹੇ ਖੁਦਾ ਮੈਂ ਤੇਰਾ ਪ੍ਰੇਮੀ ਹਾਂ। ਕਿਸੇ ਹੋਰ ਵਿਦਿਵਾਨ ਨੇ ਵੀ ਇਸ ਅਸਲੀਅਤ ਨੂੰ ਦਸਿਆ ਹੈ।

**ਨਾ ਬੂਦਿ ਨਕਸ਼ਿ ਦੋ ਆਦਮ ਕਿ ਰੰਗਿ ਉਲਫਤ ਬੂਦ।**
**ਜਮਾਨਾ ਤਰਹਿ ਮੁਹੱਬਤ ਨ ਈ ਜਮਾਂ ਅੰਦੇਖਤ।**

ਜਦੋਂ ਦੋਹਾਂ ਜਹਾਨਾ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ ਪਰ ਉਦੋਂ ਵੀ ਪਿਆਰ ਰੰਗ ਸੀ, ਪਿਆਰ ਮੌਜੂਦ ਸੀ। ਪਿਆਰ ਇਸ ਸਮੇਂ ਨਹੀਂ, ਇਹ ਬਹੁਤ ਪੁਰਾਣਾ ਹੈ। ਕਬੀਰ ਜੀ ਨੇ ਵੀ ਕਿਹਾ ਹੈ:

**ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥**

**(ਅੰਗ ੧੪੬੯)**

ਰੱਬ ਦਾ ਪਿਆਰਾ ਵੇਖਣ ਨੂੰ ਤਾਂ ਦੁਨੀਆਂ ਅੰਦਰ ਵਸੇ।

**ਅੰਦਰੋਂ ਉਸ ਦੀ ਲਗਨ ਸਾਂਈ ਵਿੱਚ ਉਸ ਨੂੰ ਵੇਖ ਵਿਗਸੇ॥**

**(ਜਿੰਦਗੀ ਨਾਮਾ)**

ਮਹਾਂਪੁਰਖ ਆਂਉਦੇ ਹਨ ਸਰਬੱਤ ਦੇ ਭਲੇ ਲਈ ਅਤੇ ਸਰਬੱਤ ਨੂੰ ਜੀਅ ਦਾਨ ਦੇਣਾ ਹੀ ਉਨ੍ਹਾਂ ਦਾ ਕੰਮ ਹੁੰਦਾ ਹੈ।

**ਸੰਤ ਸਾਂਈ ਦੇ ਜਗ ਵਿੱਚ ਆਏ ਤਿਨ ਧੰਨ ਜਣੇਦੀ ਮਾਏ**
**ਜਿਨਾ ਭੁਲਿਆ ਰਾਂਹ ਰਬਾਣਾ ਤਿੰਨਾ ਮਾਰਗ ਪਾਏ**

**(ਜ਼ਿੰਦਗੀ ਨਾਮਾ)**

ਮਹਾਂਪੁਰਖਾਂ ਦੇ ਦਰਸ਼ਨ ਕਰਕੇ ਤਨ ਮਨ ਸਾਂਤ ਹੋ ਜਾਂਦਾ ਹੈ ਮਨ ਵਿੱਚ ਸਿਮਰਨ ਕਰਨ ਦਾ ਚਾਅ ਪੈਦਾ ਹੁੰਦਾ ਹੈ। ਸਹੀ ਅਰਥਾਂ ਵਿੱਚ ਸਰਬੱਤ ਦਾ ਭਲਾ ਨਾਮ ਰਸੀਏ, ਸਾਈਂ ਰੰਗ ਵਿਚ ਰਤੇ ਕੋਈ ਵਿਰਲੇ ਗੁਰਮੁਖ ਜਨ ਹੀ ਕਰਦੇ ਹਨ।

**ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ**

**ਗਉੜੀ.ਮਾਝ.ਮਹਲਾ ਪ.**

# ਭਗਤਿ ਭਗਤਨ ਹੂੰ ਬਨਿ ਆਈ

ਜਦੋਂ ਆਪ ਜੀ ਦੀ ਉਮਰ ੧੦ ਕੁ ਸਾਲ ਦੇ ਲਗਭਗ ਹੋਈ ਤਾਂ ਇੱਕ ਦਿਨ ਬਾਬਾ ਜੀ ਦੇ ਪਿਤਾ ਨੇ ਕਿਹਾ "ਮਸਤਾਨਿਆਂ, ਤੂੰ ਘਰ ਦੇ ਪਸ਼ੂ ਚਾਰ ਲਿਆਇਆ ਕਰ।" ਅਗਲੇ ਦਿਨ ਸਵੇਰੇ ਪਿੰਡ ਦੇ ਮੁੰਡੇ ਸੱਦ ਕੇ ਉਨ੍ਹਾਂ ਨਾਲ ਮੱਝਾਂ ਚਾਰਨ ਲਈ ਤੋਰ ਦਿੱਤਾ ਤੇ ਰੋਟੀ ਨਾਲ ਬੰਨ੍ਹ ਕੇ ਦੇ ਦਿੱਤੀ। ਘਰ ਦੇ ਪਸ਼ੂ ਮੂਹਰੇ ਲਾ ਦਿੱਤੇ। ਆਪ ਪਸ਼ੂਆਂ ਦੇ ਮਗਰ ਹੋ ਤੁਰੇ। ਬਾਹਰ ਜਾ ਕੇ ਪਸ਼ੂ ਤਾਂ ਚਰਨ ਲਗ ਪਏ, ਨਾਲ ਦੇ ਹਾਣੀ ਮੁੰਡੇ ਖੇਡਣ ਲਗ ਪਏ ਅਤੇ ਬਾਬਾ ਜੀ ਨੂੰ ਮੁੰਡਿਆਂ ਨੇ ਕਿਹਾ ਕਿ ਤੂੰ ਪਸ਼ੂਆਂ ਦਾ ਖਿਆਲ ਰਖੀਂ। ਜਦੋਂ ਸਾਥੀ ਖੇਡਣ ਵਿੱਚ ਮਸਤ ਹੋ ਗਏ ਤਾਂ ਨੇੜੇ ਇਕ ਕਮਾਦ ਦਾ ਖੇਤ ਸੀ। ਆਪ ਉਸ ਵਿੱਚ ਵੜ ਕੇ ਬੈਠ ਗਏ। ਆਪ ਜੀ ਨੇ ਦਸਿਆ "ਅਸੀਂ ਸੋਚਿਆ ਕਿ ਅੱਜ ਗੱਲ ਮੁਕਾ ਦੇਈਏ। ਮੁੜ ਕੇ ਕੋਈ ਕੰਮ ਨੂੰ ਕਹੇ ਹੀ ਨਾ।" ਖੇਡ ਵਿੱਚ ਲੱਗੇ ਸਾਥੀਆਂ ਨੇ ਵੀ ਕੋਈ ਧਿਆਨ ਨਾਂ ਦਿੱਤਾ। ਹੌਲੀ-ਹੌਲੀ ਪਸ਼ੂ ਵੀ ਸਾਰੇ ਇਧਰ ਉਧਰ ਖਿੰਡ ਗਏ। ਜਿਸ ਵੇਲੇ ਕੋਈ ਵੀ ਪਸ਼ੂ ਉਥੇ ਨਾ ਦਿਸਿਆ ਤਾਂ ਸਾਥੀ ਮੁੰਡਿਆਂ ਨੇ ਨਿਗਾਹ ਮਾਰੀ ਤਾਂ ਆਪ ਵੀ ਨਜ਼ਰ ਨਾ ਆਏ। ਪਹਿਲਾਂ ਪਸ਼ੂਆਂ ਦੀ ਭਾਲ ਕੀਤੀ। ਪਸ਼ੂ ਲੱਭਣ ਤੋਂ ਬਾਦ ਆਪ ਨੂੰ ਲੱਭਣ ਲਗੇ। ਜਦੋਂ ਨਾ ਮਿਲੇ ਤਾਂ ਘਰੇ ਆਕੇ ਦਸ ਦਿੱਤਾ "ਮਸਤਾਨਾ" ਨਹੀਂ ਲਭਿਆ। ਪਤਾ ਨਹੀਂ ਕਿਥੇ ਚਲਾ ਗਿਆ ਹੈ ? ਫਿਰ ਘਰ ਦੇ ਫਿਕਰਮੰਦ ਹੋ ਕੇ ਲੱਗੇ ਭਾਲਣ। ਹੈਰਾਨ ਵੀ ਹੋਏ ਕਿ ਕਿਧਰ ਚਲਾ ਗਿਆ। ਡਰ ਵੀ ਬਹੁਤ ਲਗੇ। ਉਸ ਸਮੇਂ ਅਬਾਦੀ ਘਟ ਸੀ। ਜੰਗਲ ਬਹੁਤ ਸੀ। ਬਘਿਆੜ ਆਦਿ ਮਾਰ ਖੋਰੇ ਜਾਨਵਰ ਬਹੁਤ ਗਿਣਤੀ ਵਿੱਚ ਹੁੰਦੇ ਸਨ। ਪਸ਼ੂਆਂ ਅਤੇ ਬੱਚਿਆਂ ਦਾ ਨੁਕਸਾਨ ਕਰਦੇ ਸਨ। ਜਿਹੜੇ ਮਾਲ ਚਾਰਨ ਵਾਲੇ ਸਾਥੀ ਸਨ ਉਨ੍ਹਾਂ ਨੂੰ ਪੁਛਿਆਂ ਤੁਸੀਂ ਕਿਸ ਥਾਂ ਖੇਡਣ ਲਗੇ ਸੀ। ਉਸ ਵੇਲੇ ਮਸਤਾਨਾ ਕਿਥੇ ਖੜਾ ਸੀ। ਉਨ੍ਹਾਂ ਦਸਿਆ ਅਸੀਂ ਏਥੇ ਹੀ ਖੇਡਦੇ ਸਾਂ। ਫਿਰ ਆਲੇ ਦੁਆਲੇ ਭਾਲ ਕੀਤੀ ਜਦੋਂ ਨਾ ਮਿਲੇ ਤਾਂ ਭਾਲ ਕਰਨ ਵਾਲਿਆਂ ਵਿੱਚੋਂ ਇੱਕ ਨੇ ਕਿਹਾ "ਆਹ ਕਮਾਦ ਵੀ ਦੇਖ ਲਵੋ" ਜਦੋਂ ਕਮਾਦ ਦੇਖਿਆ ਤਾਂ ਵਿਚਾਲਿਓ ਜਾ

ਮਿਲੇ। ਮਸਤ ਹਾਲਤ ਵਿੱਚ ਬੈਠੇ ਸਨ। ਦੁਪਹਿਰਾ ਆ ਗਿਆ ਹੈ ਰੋਟੀ ਪੱਲੇ ਬੰਨੀ ਪਈ ਹੈ, ਖਾਧੀ ਨਹੀਂ ਹੈ। ਬਾਹੋਂ ਫੜ ਕੇ ਉਠਾ ਕੇ ਬਾਹਰ ਲੈ ਆਏ। ਬਾਪੂ ਨੇ ਹੱਸ ਕੇ ਕਿਹਾ "ਪਾ ਦਿਤੀਆਂ ਨੇ ਪੂਰੀਆਂ, ਅੱਗੇ ਤੋਂ ਤੇਰਾ ਪਤਾ ਲੱਗ ਗਿਆ ਕਿ ਤੂੰ ਡੰਗਰ ਚਾਰਨ ਜੋਗਾ ਵੀ ਨਹੀਂ।" ਇੰਉਂ ਕਹਿ ਕੇ ਪਿਤਾ ਜੀ ਘਰ ਲੈ ਆਏ ਅਤੇ ਮਾਤਾ ਨੂੰ ਕਹਿਣ ਲਗੇ ਸਾਂਭ ਲੈ ਆਪਣੇ ਲਾਡਲੇ ਨੂੰ। ਉਸ ਤੋਂ ਬਾਅਦ ਆਪ ਨੂੰ ਕੰਮ ਕਰਨ ਲਈ ਕਿਸੇ ਨੇ ਨਹੀਂ ਆਖਿਆ। ਉਸ ਹੀ ਮਸਤ ਹਾਲਤ ਵਿੱਚ ਰਹਿੰਦੇ ਸਨ। ਉਸ ਤੋਂ ਬਾਦ ਕਈ ਵਾਰ ਮਾਤਾ ਪਿਤਾ ਨੂੰ ਰਾਤ ਨੂੰ ਜਾਗ ਆਉਣੀ ਤਾਂ ਕੀ ਦੇਖਣਾ ਕਿ ਆਪ ਬੈਠੇ ਹੀ ਨਜਰ ਆਉਣੇ ਤਾਂ ਮਾਤਾ ਪਿਤਾ ਨੇ ਆਖਣਾ ਤੂੰ ਸੌਂਦਾ ਕਿਉਂ ਨਹੀਂ ? ਇੱਕ ਵਾਰ ਕਹਿਣਾ ਤੇ ਪੈ ਜਾਣਾ ਤੇ, ਫਿਰ ਉਠ ਬੈਠਣਾ। ਜਦੋਂ ਪਿਛਲੇ ਪਹਿਰ ਮਾਤਾ ਨੇ ਘਰ ਦਾ ਕੰਮ ਕਰਨ ਲਈ ਉੱਠਣਾ, ਉਸ ਸਮੇਂ ਮਾਤਾ ਨੇ ਚੱਕੀ ਤੇ ਆਟਾ ਪੀਸਣਾ ਹੁੰਦਾ ਸੀ ਤੇ ਬਜੁਰਗ ਪਿਛਲੀ ਰਾਤ ਹੱਲ ਜੋੜਿਆ ਕਰਦੇ ਸਨ। ਇਹ ਸਭ ਕੁਝ ਕਰਨ ਲਈ ਵੱਡੀ ਰਾਤ ਉੱਠਣਾ ਪੈਂਦਾ ਸੀ। ਜਦੋਂ ਮਾਤਾ ਪਿਤਾ ਨੇ ਜਾਗਣਾ ਤਾਂ ਆਪ ਨੂੰ ਬੈਠੇ ਹੀ ਦੇਖਣਾ। ਇਸ ਵੇਲੇ ਨੂੰ ਗੁਰੂ ਘਰ ਵਿੱਚ "ਅੰਮ੍ਰਿਤ ਵੇਲਾ" ਆਖਿਆ ਹੈ ਅਤੇ ਹਿੰਦੂ ਮੱਤ ਵਿੱਚ "ਬ੍ਰਹਮ ਮਹੂਰਤ" ਕਹਿੰਦੇ ਹਨ। ਇਸ ਦੀ ਮਹੱਤਤਾ, ਵਡਿਆਈ ਪ੍ਰਮੇਸ਼ਵਰ ਦੇ ਪਿਆਰਿਆਂ ਦੇ ਮਨ ਵਿੱਚ ਵੱਸੀ ਹੋਈ ਹੈ। ਉਦਮੀ ਅਤੇ ਕਹਿਣੀ ਕਰਨੀ ਦੇ ਸੂਰੇ ਨਾਮ ਰਸੀਏ ਮਹਾਂ ਪੁਰਖ ਜਿਤਨੇ ਵੀ ਹੋਏ ਹਨ।

ਇਸ ਨੂੰ ਰੋਜਾਨਾ ਜਿੰਦਗੀ ਦਾ ਇੱਕ ਅੰਗ ਬਣਾਇਆ ਹੈ ਇਸ ਵੇਲੇ ਨੀਂਦ ਨੂੰ ਤਿਆਗ ਕੇ ਸਾਵਧਾਨ ਹੋ ਕੇ ਸਿਮਰਨ ਕਰਦੇ ਹਨ। ਸਤਿਗੁਰਾਂ ਨੇ, ਭਗਤਾਂ ਨੇ, ਗੁਰਸਿੱਖਾਂ ਨੇ ਅੰਮ੍ਰਿਤ ਵੇਲਾ ਸਭ ਨੂੰ ਪਰਪੱਕ ਕਰਾਇਆ ਹੈ।

**ਚਉਥੈ ਪਹਰਿ ਸੁਬਾਹ ਕੈ ਸੁਰਤਿਆ ਉਪਜੈ ਚਾਉ ॥**
**ਤਿਨਾ ਦਰੀਆਵਾ ਸਿਉਂ ਦੋਸਤੀ ਮਨਿ ਮੁਖਿ ਸਚਾ ਨਾਓ ॥**

**(ਅੰਗ ੧੪੬)**

**ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ**
**ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।**

**ਸੂਹੀ ਮ: ੪, ਅੰਗ ੭੩੪**

**ਫਰੀਦਾ ਪਿਛਲਿ ਰਾਤਿ ਨ ਜਾਗਿਓਹਿ ਜੀਵੰਦੜੋ ਮੁਇਓਹਿ**

**(ਸ਼ੇਖ ਫਰੀਦ ੧੩੮੩)**

ਅੰਮ੍ਰਿਤ ਵੇਲੇ ਦੇ ਜਾਗਣ ਦੀ ਵਾਰਤਾ ਭਾਈ ਗੁਰਦਾਸ ਸਾਹਿਬ ਜੀ ਨੇ ਰਾਮਾ ਨੰਦ ਜੀ ਦੇ ਜੀਵਨ ਵਿੱਚੋਂ ਵਰਨਣ ਕੀਤੀ ਹੈ।

**ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦ ਗੁਸਾਂਈ।**
**ਅੰਮ੍ਰਿਤਿ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈ।**

(**ਭਗਤ ਰਤਨਾਵਲੀ**)

ਭਾਈ ਰਤਨ ਲਾਲ ਜੀ ਵੀ ਅੰਮ੍ਰਿਤ ਵੇਲੇ ਜਾਗਣ ਦੀ ਤਾਕੀਦ ਕਰਦੇ ਹਨ।

(**ਜ਼ਿੰਦਗੀ ਨਾਮਾ**)

'ਸਹਿਜ਼ ਧਿਆਨ ਬੈਰਾਗੀ' ਅਵੱਸਥਾ ਪ੍ਰਾਪਤ ਕਰਨ ਵਾਲੇ ਜਗਿਆਸੂ ਨੂੰ ਇਸ ਦੀ ਅਤਿਅੰਤ ਲੋੜ ਹੈ। ਪ੍ਰਾਪਤੀ ਹੋ ਜਾਣ ਤੋਂ ਬਾਅਦ ਵੀ ਮਹਾਂਪੁਰਖ ਇਸ ਸਮੇਂ ਨੂੰ ਆਪ ਸੰਭਾਲਦੇ ਅਤੇ ਸਤਿ ਸੰਗੀਆਂ ਨੂੰ ਇਸ ਵੇਲੇ ਦੀ ਮਹੱਤਤਾਂ ਦੱਸ ਕੇ ਅੰਮ੍ਰਿਤ ਵੇਲਾ ਦ੍ਰਿੜ ਕਰਵਾਉਂਦੇ ਹਨ। ਸੋ ਇਸ ਤਰ੍ਹਾਂ ਬਾਲ ਅਵੱਸਥਾ ਦੇ ਸਮੇਂ ਨੂੰ ਆਪਣੇ ਮਾਤਾ ਪਿਤਾ ਕੋਲ ਰਹਿ ਕੇ ਬਤੀਤ ਕਰਦੇ ਹਨ। ਅੰਦਰਹੁ ਸਿਆਣਾ ਬਾਹਰਿ ਭੋਲਾ ॥! (ਭਾਈ ਗੁਰਦਾਸ ਜੀ)

## ਏਕ ਟੇਕ ਗੋਵਿੰਦ ਕੀ ਤਿਆਗੀ ਅਨੁ ਆਸ

ਇੱਕ ਦਿਨ ਸਵੇਰੇ ਹੀ ਜਦੋਂ ਮਾਤਾ ਜੀ ਘਰ ਦਾ ਕੰਮ ਕਰਨ ਲਈ ਉੱਠੇ ਵੱਡਾ ਭਰਾ ਅਤੇ ਪਿਤਾ ਖੇਤ ਵੱਲ ਨੂੰ ਚੱਲ ਗਏ। ਮਾਤਾ ਜੀ ਘਰ ਦੇ ਕੰਮ ਵਿੱਚ ਲੱਗ ਪਏ। ਆਪ ਘਰੋਂ ਚੱਲਕੇ ਦਰਿਆ ਬਿਆਸ ਜੋ ਆਪ ਦੇ ਘਰ ਤੋਂ ਕੁਝ ਫਰਕ ਤੇ ਵਗਦਾ ਸੀ ਉਸਦੇ ਕਿਨਾਰੇ ਜਾਕੇ ਬੈਠ ਗਏ। ਜਦੋਂ ਕੁਝ ਦਿਨ ਚੜ੍ਹ ਆਇਆ ਆਪ ਘਰ ਨਾ ਦਿਸੇ ਤਾਂ ਮਾਤਾ ਨੇ ਇੱਧਰ-ਉੱਧਰ ਵੇਖਿਆ ਪਰ ਕੋਈ ਪਤਾ ਨਾ ਲੱਗਿਆ। ਇਸ ਤਰ੍ਹਾਂ ਕਰਦਿਆਂ ਦਿਨ ਵੱਡਾ ਹੋ ਗਿਆ ਅਤੇ ਨਗਰ ਦੇ ਲੋਕ ਆਪੋ ਆਪਣੇ ਪਸ਼ੂ ਲੈ ਕੇ ਚਾਰਨ ਆ ਗਏ। ਕੁਝ ਬੰਦੇ ਦਰਿਆ ਵਾਲੇ ਪਾਸੇ ਪਸ਼ੂ ਚਾਰਦੇ-ਚਾਰਦੇ ਆ ਨਿਕਲੇ। ਉਨ੍ਹਾਂ ਨੇ ਵੇਖ ਕੇ ਸਿਆਣ ਲਿਆ ਅਤੇ ਆਵਾਜਾਂ ਵੀ ਮਾਰੀਆਂ। ਪਰ ਆਪ ਨੇ ਕੋਈ ਉੱਤਰ ਨਹੀਂ ਦਿੱਤਾ। ਖੈਰ ਜਦੋਂ ਖੇਤੋਂ ਕੰਮ ਕਰਕੇ ਪਿਤਾ ਜੀ ਅਤੇ ਵੱਡਾ ਭਰਾ ਘਰ ਆਏ ਤਾਂ ਪਤਾ ਲਗਿਆ ਕਿ 'ਮਸਤਾਨਾ' ਘਰ ਨਹੀਂ ਹੈ। ਫਿਰ ਸੋਚਣ

ਲੱਗੇ ਹੁਣ ਕਿਥੇ ਭਾਲੀਏ। ਘਰੋਂ ਬਾਹਰ ਆ ਕੇ ਆਂਢ-ਗੁਆਂਢ ਕਈਆਂ ਤੋਂ ਪਤਾ ਕੀਤਾ। ਪਰ ਸਭ ਬੜੇ ਫਿਕਰ ਮੰਦ ਹੋਏ ਕਿ ਕਿਧਰ ਚਲਾ ਗਿਆ, ਹੌਲੀ ਹੌਲੀ ਦੁਪਹਿਰ ਢੱਲਣ ਦੇ ਨੇੜੇ ਹੋ ਗਿਆ। ਮਾਤਾ ਫਿਕਰ ਕਰਨ ਲੱਗੀ। ਕਿਧਰ ਚਲਾ ਗਿਆ। ਅੱਜ ਰੋਟੀ ਨਹੀਂ ਖਾਧੀ। ਖੈਰ ਹੁਣ ਪਿਤਾ ਜੀ ਭਾਲਣ ਲਈ ਉਠ ਤੁਰੇ। ਵੱਡੇ ਭਰਾ ਵੀ ਨਾਲ ਹੋ ਤੁਰੇ। ਅੱਗੇ ਮਾਲ ਚਾਰਨ ਵਾਲਾ ਮਿਲ ਗਿਆ। ਉਸਨੂੰ ਪੁਛਣ ਤੇ ਦੱਸਿਆ ਕਿ ਮੈਂ ਦਰਿਆ ਦੇ ਕਿਨਾਰੇ ਬੈਠੇ ਨੂੰ ਦੇਖਿਆ ਹੈ। ਅਸੀਂ ਆਵਾਜ਼ਾਂ ਬਹੁਤ ਦਿਤੀਆਂ ਪਰ ਉਹ ਬੋਲਿਆਂ ਨਹੀਂ। ਪਿਤਾ ਜੀ ਅਤੇ ਭਰਾ ਦਰਿਆ ਵੱਲ ਹੋ ਤੁਰੇ। ਪਿਤਾ ਜੀ ਨੇ ਆਖਿਆ ਕਿ ਤੂੰ ਛੇਤੀ ਛੇਤੀ ਤੁਰਕੇ ਜਾ ਕੇ ਉਸ ਨੂੰ ਉਠਾ ਕੇ ਲੈ ਆ। ਮੈਂ ਵੀ ਚੱਲ ਕੇ ਤੇਰੇ ਮਗਰ ਆ ਰਿਹਾ ਹਾਂ। ਉਸਨੂੰ ਤੂੰ ਕੁਝ ਆਖਣਾ ਨਹੀਂ। ਉਸ ਪਤਾ ਦੱਸਣ ਵਾਲੇ ਮੁੰਡੇ ਨੂੰ ਵੀ ਨਾਲ ਲੈ ਲਿਆ। ਇੱਕ ਭਰਾ ਉਸਦੇ ਪਸ਼ੂਆਂ ਕੋਲ ਖਲੋ ਗਿਆ। ਸੋ ਇਉਂ ਗੱਲਾ ਕਰਦੇ-ਕਰਦੇ ਉਥੇ ਕੋਈ ਅੱਗੇ ਕੋਈ ਪਿਛੇ ਸਾਰੇ ਹੀ ਪਹੁੰਚ ਗਏ। ਵੱਡੇ ਭਰਾ ਨੇ ਅਤੇ ਉਸ ਮੁੰਡੇ ਨੇ ਪਹਿਲੋਂ ਤਾਂ ਅਵਾਜਾਂ ਦਿੱਤੀਆਂ। ਪਰ ਆਪ ਨਹੀਂ ਬੋਲੇ ਫਿਰ ਕੋਲ ਜਾ ਕੇ ਬਾਹੋਂ ਫੜਕੇ ਉਠਾ ਲਿਆ ਤੇ ਕਿਹਾ "ਐਡੀ ਦੂਰ ਕੀ ਲੈਣ ਆਇਆ ਹੈ ? ਚਲ ਘਰ ਚੱਲੀਏ।" ਆਪ ਚੁਪ ਚਾਪ ਉਨ੍ਹਾਂ ਦੇ ਨਾਲ ਹੋ ਤੁਰੇ ਅਤੇ ਰਸਤੇ ਵਿੱਚ ਪਿਤਾ ਜੀ ਵੀ ਤੁਰੇ ਆਉਂਦੇ ਮਿਲ ਪਏ। ਘਰ ਵਾਪਸ ਮੁੜ ਆਏ ਮਾਤਾ ਜੀ ਨੇ ਪੁਛਿਆ "ਕਿਥੋਂ ਮਿਲਿਆ ?" ਪਿਤਾ ਤੇ ਭਰਾ ਕਹਿਣ ਲੱਗੇ "ਦਰਿਆ ਦੇ ਕਿਨਾਰੇ ਜਾ ਬੈਠਾ ਸੀ।" ਮਾਤਾ ਨੇ ਹੈਰਾਨ ਹੋ ਕੇ ਕਿਹਾ "ਉਥੇ ਕਿਵੇਂ ਜਾ ਵੜਿਆ ?" ਫਿਰ ਮਾਤਾ ਨੇ ਕੋਲ ਬਿਠਾ ਕੇ ਰੋਟੀ ਖੁਆਈ। ਪਰ ਭਰਾਵਾਂ ਨੇ ਕਿਹਾ "ਬਾਪੂ, ਇਸਨੂੰ ਐਡੀ ਦੂਰ ਜਾਣ ਤੋਂ ਕਿਵੇਂ ਰੋਕੀਏ ?" ਤਾਂ ਪਿਤਾ ਨੇ ਕਿਹਾ "ਮੈਂ ਕੀ ਦੱਸਾਂ ਇਸਨੂੰ ਕੋਈ ਗੱਲ ਕਹੀਏ ਤਾਂ ਕੋਈ ਜਵਾਬ ਨਹੀਂ ਦਿੰਦਾ। ਮੈਂ ਜਾਂ ਤੁਸੀਂ ਕੀ ਕਰ ਸਕਦੇ ਹਾਂ ?" ਏਨੀ ਗੱਲ ਕਹਿਣ ਤੋਂ ਬਾਅਦ ਪਿਤਾ ਜੀ ਤਾਂ ਚੁਪ ਕਰ ਗਏ ਭਰਾ ਨਰਾਜ਼ ਸਨ, ਬੋਲੇ ਕੁਝ ਨਹੀਂ। ਇਸ ਤੋਂ ਬਾਅਦ ਸਾਰੇ ਘਰ ਦੇ ਨਿਗ੍ਹਾ ਰਖਦੇ ਸਨ ਕਿ ਅੱਗੇ ਵਾਂਗ ਕਿਤੇ ਫਿਰ ਨਾ ਚਲਾ ਜਾਏ। ਇਨ੍ਹਾਂ ਦਿਨਾਂ ਵਿੱਚ ਹੀ ਇੱਕ ਸਮੇਂ ਘਰ ਬੈਠਿਆਂ ਤੋਂ ਬਾਬਾ ਜੀ ਦੀ ਬਾਬਤ ਜ਼ਿਕਰ ਚੱਲਿਆ ਕਿ ਹੋਰ ਤਾਂ ਸਾਰੇ ਆਪੋ ਆਪਣਾ ਕੰਮ ਕਰਦੇ ਹਨ ਪਰ ਮਸਤਾਨੇ ਦਾ ਸਾਡੇ ਤੋਂ ਬਾਅਦ ਕੀ ਬਣੇਗਾ ? ਪਿਤਾ ਜੀ ਨੇ ਕਿਹਾ ਕੋਈ ਸਮਝ ਨਹੀਂ

ਆਉਂਦੀ ਉਨਾਂ ਮੰਡਲੀ ਵਾਲੇ ਸੰਤਾਂ ਨੇ ਤਾਂ ਕਿਹਾ ਸੀ ਕਿ ਇਸ ਦਾ ਕੋਈ ਫਿਕਰ ਹੀ ਨਾ ਕਰਨਾ ਤੇ ਉਨ੍ਹਾਂ ਨੇ ਵਡਿਆਈ ਵੀ ਇਸ ਦੀ ਬੜੀ ਕੀਤੀ ਸੀ। ਮਾਤਾ ਨੇ ਕਿਹਾ "ਇਸ ਦੇ ਛੋਟੇ ਹੁੰਦੇ ਤੋਂ ਇੱਕ ਸੰਤ ਨੇ ਵੀ ਮੇਰੇ ਕੋਲ ਇਸ ਨੂੰ ਬਹੁਤ ਸਲਾਹਿਆ ਸੀ, ਕਿਹਾ ਸੀ, ਮੌਕਾ ਆਉਣ ਤੇ ਪਤਾ ਲਗੇਗਾ ਇਹ ਉੱਚ ਕੋਟੀ ਦੇ ਸੰਤ ਬਨਣਗੇ। ਪਰ ਹੁਣ ਤਾ ਆਪਣੇ ਆਪ ਦੀ ਵੀ ਸੁਰਤ ਨਹੀਂ। ਪਿਤਾ ਨੇ ਕਿਹਾ ਵੇਖੋ ਕੀ ਬਣੇ। ਮਾਤਾ ਪਿਤਾ ਤਾਂ ਇਉਂ ਜਿਕਰ ਕਰਕੇ ਚੁਪ ਹੋ ਗਏ। ਬਾਬਾ ਜੀ ਆਪ ਇਹ ਬਚਨ ਕਰਕੇ ਹੱਸਕੇ ਕਿਹਾ ਕਰਦੇ ਸਨ। ਇਹ ਗੱਲ ਸੁਣਕੇ ਅਸੀਂ ਮਨ ਵਿੱਚ ਹੀ ਰੱਬ ਅੱਗੇ ਅਰਦਾਸ ਕੀਤੀ ਕਿ ਹੇ ਪ੍ਰਮੇਸ਼ਰਾ, ਅਜੇ ਸਾਨੂੰ ਇਵੇਂ ਹੀ ਰਹਿਣ ਦੇ ਘਰ ਦਿਆਂ ਤੋਂ ਲੁਕੇ ਹੀ ਰਹੀਏ। ਇਸ ਤਰ੍ਹਾਂ ਕੁਝ ਸਮਾਂ ਲੰਘ ਗਿਆ।

**ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥**

(ਅੰਗ ੮੧੭)

# ਭਵਿੱਖ ਬਾਰੇ ਮਾਤਾ ਪਿਤਾ ਨਾਲ ਬਚਨ

**ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ।**

ਇੱਕ ਸਮੇਂ ਦੀ ਗੱਲ ਹੈ ਬਾਬਾ ਜੀ ਮਾਤਾ ਕੋਲ ਬੈਠੇ ਹੋਏ ਸਨ। ਮਾਤਾ ਨੂੰ ਕਹਿਣ ਲੱਗੇ "ਮਾਂ, ਮੈਂ ਬਾਹਰ ਨੂੰ ਚਲੇ ਜਾਣਾ ਹੈ, ਇਥੇ ਜੀ ਨਹੀਂ ਲੱਗਦਾ।" ਮਾਤਾ ਸੁਣਕੇ ਹੈਰਾਨ ਵੀ ਹੋਈ ਤੇ ਕਹਿਣ ਲੱਗੀ "ਕਿਥੇ ਜਾਣਾ ਹੈ ? ਕਦੋਂ ਜਾਣਾ ਹੈ ?" ਆਪ ਨੇ ਉੱਤਰ ਦਿੱਤਾ "ਥੋੜੇ ਜਿਹੇ ਚਿਰ ਨੂੰ।" ਤਾਂ ਮਾਂ ਨੇ ਕਿਹਾ "ਆਪਣਾ ਘਰ ਹੀ ਚੰਗਾ ਹੈ ਬਿਗਾਨੀ ਥਾਂ ਚੰਗੀ ਨਹੀਂ ਹੁੰਦੀ। ਬਾਹਰ ਕੋਈ ਕਿਸੇ ਨੂੰ ਨਹੀਂ ਜਾਣਦਾ ਅਤੇ ਸਿਆਣਦਾ।" ਆਪ ਨੇ ਕਿਹਾ ਕਿ "ਮਾਂ ਜਿਥੇ ਕੋਈ ਨਾ ਜਾਣੇ ਨਾ ਸਿਆਣੇ" ਉਥੇ ਬੜੀ ਮੌਜ ਹੁੰਦੀ ਹੈ, ਅਸਲ ਅਨੰਦ ਉਥੇ ਹੀ ਆਉਂਦਾ ਹੈ।" ਇਹ ਬਚਨ ਸੁਣ ਕੇ ਮਾਤਾ ਚੁਪ ਕਰ ਗਈ, ਪਰ ਕੁਝ ਨਾ ਸਮਝ ਸਕੀ। ਇਹ ਸੀ ਬਾਬਾ ਜੀ ਦਾ ਆਉਣ ਵਾਲੇ ਸਮੇਂ ਵਲ ਇੱਕ ਇਸ਼ਾਰਾ। ਇਸ ਨੂੰ ਆਖਿਆ ਹੈ 'ਰਮਜ'। ਮਹਾਂਪੁਰਖ ਆਉਣ ਵਾਲੇ ਸਮੇਂ ਬਾਬਤ ਇਸ਼ਾਰਾ ਤਾਂ ਕਰਦੇ ਹਨ ਪਰ ਪੂਰੀ ਗੱਲ ਖੋਲ੍ਹ ਕੇ ਨਹੀਂ ਦੱਸਦੇ।

ਦੇਖਣ ਵਿੱਚ ਤਾਂ ਮਹਾਂਪੁਰਖ ਦੁਨੀਆਂਦਾਰਾਂ ਵਰਗੇ ਹੀ ਮਾਲੂਮ ਹੁੰਦੇ

ਹਨ। ਪਰ ਅਸਲ ਵਿੱਚ ਦੁਨੀਆਂ ਤੋਂ ਨਿਰਲੇਪ ਹੁੰਦੇ ਹਨ।

ਹੌਲੀ ਹੌਲੀ ਉਨ੍ਹਾਂ ਦੇ ਬਚਨਾਂ ਤੋਂ ਨਾਮ ਦੀ ਸੁਗੰਧੀ, ਕਸਤੂਰੀ ਦੀ ਮਹਿਕ ਵਾਂਗ ਜਾਹਿਰ ਹੋਣ ਲਗ ਜਾਂਦੀ ਹੈ। ਭਾਵੇਂ ਇਨਾਂ ਦਾ ਮਕਸਦ ਅਸਲੀ ਕੀ ਹੈ ? ਇਨ੍ਹਾਂ ਨੇ ਕੀ ਕਰਨਾ ਹੈ ? ਇਹ ਗੱਲਾਂ ਜਾਹਿਰ ਹੋਣ ਲਗ ਜਾਂਦੀਆਂ ਹਨ। ਮਹਾਂਪੁਰਖ ਦਾ ਕੰਮ ਹੈ ਜੀਅ ਦਾਨ ਦੇਣਾ ਭਗਤੀ ਵਿੱਚ ਲਾਉਣਾ। ਸੋ ਇਉਂ ਬਾਬਾ ਜੀ ਆਪਣੇ ਆਉਣ ਵਾਲੇ ਸਮੇਂ ਦੀ ਬਾਬਤ ਦੱਸ ਰਹੇ ਸਨ, ਕਿ ਸਾਡੀ ਤਿਆਰੀ ਹੈ।

ਕੁੱਝ ਦਿਨਾਂ ਬਾਅਦ ਮਾਤਾ ਨੂੰ ਫਿਰ ਉਹੀ ਬਚਨ ਯਾਦ ਕਰਵਾਇਆ "ਮਾਂ, ਮੈਂ ਚਲੇ ਜਾਣਾ ਹੈ। ਮੈਨੂੰ ਖੁਸ਼ ਹੋ ਕੇ ਤੋਰ।" ਮਾਂ ਨੇ ਫਿਰ ਉਹੀ ਜਵਾਬ ਦਿੱਤਾ "ਐਂਵੀ ਕਰੀ ਜਾਂਦਾ ਹੈ। ਕੀ ਕਰੇਂਗਾ ਬਾਹਰ ਜਾ ਕੇ ? ਘਰ ਬੈਠ ਇਥੇ ਤੇਰਾ ਬਾਪੂ ਹੈ, ਤੇਰਾ ਘਰ ਹੈ ਤੇਰੇ ਭਰਾ ਹਨ। ਸਭ ਕੁਝ ਤੇਰਾ ਆਪਣਾ ਹੈ। ਨਾਲੇ ਬਾਹਰ ਕੋਈ ਕਿਸੇ ਨੂੰ ਨਹੀਂ ਸਿਆਣਦਾ। ਤੂੰ ਬਾਹਰ ਜਾ ਕੇ ਕੁਝ ਕਰਨ ਜੋਗਾ ਨਹੀਂ। ਨਾ ਤੂੰ ਕਿਸੇ ਨਾਲ ਬੋਲੇ, ਫਿਰ ਤੂੰ ਜਿਥੇ ਬੈਠਾ ਹੈ, ਬੈਠਾ ਹੀ ਰਹਿੰਦਾ ਹੈ। ਬਾਹਰ ਤੇਰਾ ਨਿਰਵਾਹ ਨਹੀਂ ਹੋਣਾ।" ਫਿਰ ਆਪ ਜੀ ਕਹਿਣ ਲੱਗੇ "ਮਾਂ, ਇਥੇ ਕੋਈ ਵੀ ਕਿਸੇ ਦਾ ਨਹੀਂ। ਭੈਣ, ਭਰਾ, ਮਾਂ ਪਿਉਂ, ਘਰ ਸਭ ਕੁਝ ਛੱਲ ਹੈ। ਸਾਨੂੰ ਖੁਸ਼ੀ ਨਾਲ ਤੋਰ ਦੇ, ਅਸੀਂ ਰਹਿਣਾ ਨਹੀਂ।" ਇਹ ਕੁਝ ਦੱਸਣ ਤੋਂ ਬਾਅਦ ਮਾਤਾ ਸੋਚਣ ਲੱਗ ਪਈ "ਇਸ ਦੀ ਗਿਆਰਾਂ ਸਾਲ ਦੀ ਉਮਰ ਹੋ ਗਈ ਹੈ। ਕਦੇ ਬੋਲਿਆ ਹੀ ਨਹੀਂ ਜੇ ਬੋਲਿਆ ਤਾਂ ਬਹੁਤ ਘੱਟ। ਪਰ ਹੁਣ ਦੂਜੀ ਵਾਰ ਇਹ ਗੱਲ ਕਿਉਂ ਆਖੀ। ਮਾਂ ਨੇ ਕਿਹਾ "ਮਸਤਾਨਿਆਂ, ਜੇ ਤੇਰਾ ਘਰ ਚਿੱਤ ਨਹੀਂ ਲੱਗਦਾ ਤਾਂ ਤੈਨੂੰ ਨਾਨਕੀ ਛੱਡ ਆਈਏ। ਤਾਂ ਆਪ ਨੇ ਇਨਕਾਰ ਕਰ ਦਿੱਤਾ 'ਨਹੀਂ ਜਾਣਾ।' ਫਿਰ ਮਾਤਾ ਨੇ ਕਿਹਾ ਹੋਰ ਕਿਥੇ ਜਾਣਾ ਹੈ ? ਆਪਣੇ ਘਰ ਹੀ ਰਹੋ। ਆਪਨੇ ਭੋਲੇ ਭਾ ਹੱਸ ਕੇ ਕਿਹਾ "ਮਾਂ ਅਸਲੀ ਘਰ ਤਾ ਹੋਰ ਹੈ।" ਮਾਂ ਨੇ ਪੁਛਿਆ "ਹੋਰ ਕਿਹੜਾ ?" ਤਾਂ ਕਹਿਣ ਲੱਗੇ "ਤੈਨੂੰ ਫਿਰ ਕਦੇ ਦੱਸਾਗਾਂ।" ਉਸ ਦਿਨ ਰਾਤ ਨੂੰ ਮਾਤਾ ਨੇ ਬਾਬਾ ਜੀ ਦੇ ਪਿਤਾ ਕੋਲ ਜ਼ਿਕਰ ਕੀਤਾ ਕਿ ਮਸਤਾਨਾ ਮੇਰੇ ਕੋਲ ਦੋ ਵਾਰੀ ਇਹ ਗੱਲ ਆਖ ਚੁਕਿਆ ਹੈ ਕਿ ਮੈਂ ਘਰ ਨਹੀਂ ਰਹਿਣਾ, ਬਾਹਰ ਚਲੇ ਜਾਣਾ ਹੈ।

ਪਿਤਾ ਜੀ ਕਹਿਣ ਲੱਗੇ "ਤੂੰ ਪਹਿਲਾਂ ਨਾ ਦਸਿਆ ?"

ਮਾਤਾ ਕਹਿਣ ਲੱਗੀ "ਮੈਂ ਪਹਿਲੀ ਵਾਰ ਤਾਂ ਗੱਲ ਅਣਸੁਣੀ ਹੀ ਕਰ ਦਿੱਤੀ ਸੀ। ਪਰ ਅੱਜ ਦੂਜੀ ਵਾਰ ਇਹ ਗੱਲ ਸੁਣ ਕੇ ਮੈਨੂੰ ਫਿਕਰ ਹੋਇਆ ਹੈ।" ਪਿਤਾ ਜੀ ਕਹਿਣ ਲੱਗੇ "ਹੁਣ ਮੈਂ ਪੁੱਛ ਕੇ ਦੇਖਦਾ ਹਾਂ।"

ਪਿਤਾ ਜੀ ਨੇ ਬਾਬਾ ਜੀ ਨੂੰ ਬੁਲਾ ਕੇ ਪੁਛਿਆ, "ਮਸਤਾਨਿਆਂ ਤੂੰ ਆਪਣੀ ਮਾਂ ਕੋਲ ਕਿਹਾ ਸੀ ਕਿ ਮੈਂ ਬਾਹਰ ਚੱਲੇ ਜਾਣਾ ਹੈ। ਕਿਥੇ ਜਾਏਗਾ ?" ਪਹਿਲੀ ਵਾਰ ਤਾਂ ਚੁਪ ਰਹੇ। ਦੂਜੀ ਵਾਰ ਪੁਛਣ ਤੇ ਹੱਸ ਕੇ ਕਹਿਣ ਲੱਗੇ "ਹਾਂ ਜਾਣਾ ਹੈ।"

ਫਿਰ ਪਿਤਾ ਨੇ ਕਿਹਾ "ਹੋਰ ਕਿਤੇ ਨਹੀਂ ਜਾਣਾ। ਮੇਰੇ ਨਾਲ ਖੇਤ ਨੂੰ ਚੱਲ।" ਆਪ ਬੋਲੇ "ਨਾ ਕੋਈ ਕਿਸੇ ਨਾਲ ਆਇਆ ਹੈ ਤੇ ਨਾ ਕੋਈ ਕਿਸੇ ਨਾ ਜਾਏਗਾ। ਆਉਣਾ ਜਾਣਾ ਇਕਲਿਆਂ ਦਾ ਹੀ ਹੈ। ਇਉਂ ਕਹਿਕੇ ਚੁਪ ਹੋ ਗਏ।

ਪਿਤਾ ਜੀ ਸੋਚ ਸੋਚ ਕੇ ਮਾਤਾ ਨੂੰ ਕਹਿਣ ਲੱਗੇ "ਮੈਨੂੰ ਤਾਂ ਮੰਢਲੀ ਵਾਲੇ ਸੰਤਾਂ ਨੇ ਜੋ ਇਸ ਦੀ ਬਾਬਤ ਕਿਹਾ ਸੀ ਅਤੇ ਤੈਨੂੰ ਵੀ ਸੰਤ ਘਰ ਆ ਕੇ ਦੱਸ ਗਿਆ ਸੀ, ਉਹੋ ਜਿਹੀ ਗੱਲ ਹੀ ਕੁਝ ਬਣਦੀ ਲਗਦੀ ਹੈ।"

ਉਸ ਦਿਨ ਪਿਤਾ ਜੀ ਖੇਤ ਜਾਣ ਲਗੇ ਬਾਬਾ ਜੀ ਨੂੰ ਨਾਲ ਲੈ ਗਏ। ਪਿਤਾ ਤੇ ਦੂਸਰੇ ਭਾਈ ਤਾਂ ਕੰਮ ਕਰਨ ਲੱਗ ਪਏ ਪਰ ਆਪ ਅਰਾਮ ਨਾਲ ਖੇਤ ਵਿੱਚ ਇੱਕ ਵੱਟ ਉਤੇ ਬੈਠ ਗਏ। ਜਦੋਂ ਮਾਤਾ ਜੀ ਘਰੋਂ ਰੋਟੀ ਲੈ ਕੇ ਉਥੇ ਗਏ ਤਾਂ ਸਭਨਾਂ ਨੇ ਰੋਟੀ ਖਾ ਲਈ ਤੇ ਆਪ ਜੀ ਨੂੰ ਇੱਕ ਦੋ ਵਾਰ ਕਿਹਾ। ਪਰ ਆਪ ਆਪਣੇ ਮਸਤ ਸੁਭਾ ਅਨੁਸਾਰ ਚੁਪ ਹੀ ਰਹੇ। ਪਿਛੋਂ ਮਾਤਾ ਜੀ ਇਨ੍ਹਾਂ ਕੋਲ ਗਏ। ਜਦੋਂ ਮਾਤਾ ਦੇ ਕਹਿਣ ਤੇ ਲੋੜ ਅਨੁਸਾਰ ਰੋਟੀ ਖਾ ਲਈ, ਘਰ ਨੂੰ ਆਉਣ ਲੱਗੇ, ਉਦੋਂ ਚੁਪ ਚਾਪ ਮਾਤਾ ਜੀ ਨਾਲ ਪਿੰਡ ਨੂੰ ਆ ਗਏ।

# ਪ੍ਰਭ ਜੀ ਬਸਹਿ ਸਾਧ ਕੀ ਰਸਨਾ

ਬਾਬਾ ਜੀ ਦੇ ਬਚਨ ਅਨੁਸਾਰ ਨਗਰ ਵਿੱਚੋਂ ਇੱਕ ਮਾਈ ਦਾ ਬਾਬਾ ਜੀ ਦੀ ਮਾਤਾ ਨਾਲ ਬਹੁਤ ਪਿਆਰ ਸੀ। ਉਹ ਮਾਈ ਇੱਕ ਦਿਨ ਆਪਣੇ ਬੱਚੇ ਨੂੰ ਨਾਲ ਲੈ ਕੇ ਮਾਤਾ ਕੋਲ ਆ ਗਈ। ਅੱਗੇ ਮਾਤਾ ਜੀ ਘਰ ਦੇ ਕੰਮ ਵਿੱਚ ਰੁੱਝੇ ਹੋਏ ਸਨ ਤੇ ਉਸ ਮਾਈ ਨੇ ਆਉਣ ਸਾਰ ਹੀ ਮਾਤਾ ਨੂੰ ਕਿਹਾ "ਜੇ ਕੋਈ ਮੇਰੇ ਪੁੱਤਰ ਨੂੰ ਕੁਝ ਚਿਰ ਚੁੱਕ ਲਵੇ ਤਾਂ ਮੈਂ ਤੇਰੇ ਨਾਲ ਕੰਮ ਕਰਵਾ ਦਿਆਂ।" ਮਾਤਾ ਨੇ ਆਪ ਵਲ ਇਸ਼ਾਰਾ ਕਰਕੇ ਕਿਹਾ, "ਮਸਤਾਨਿਆ, ਇਸ ਨੂੰ ਚੁਕ ਲੈ।" ਆਪ ਜੀ ਨੇ ਆਪਣੇ ਸੁਭਾ ਅਨੁਸਾਰ ਪਹਿਲਾਂ ਤਾਂ ਕੋਈ ਜਵਾਬ ਨਹੀਂ ਦਿਤਾ। ਫਿਰ ਦੂਜੀ ਵਾਰ ਮਾਤਾ ਦੇ ਕਹਿਣ ਤੇ ਕਹਿਣ ਲੱਗੇ "ਮੈਂ ਨਹੀਂ ਚੁਕਣਾ।" ਤੀਸਰੀ ਵਾਰ ਮਾਂ ਨੇ ਗੁੱਸੇ ਵਿੱਚ ਆ ਕੇ ਕਿਹਾ "ਕਿਉਂ ਨਹੀਂ ਚੁਕਣਾ ? ਤੇਰਾ ਛੋਟਾ ਵੀਰ ਹੈ। ਛੋਟੇ ਵੀਰਾਂ ਨੂੰ ਵੱਡੇ ਚੁੱਕ ਲਿਆ ਕਰਦੇ ਹਨ।" ਮਾਤਾ ਨੇ ਕਿਹਾ "ਜੇ ਤੂੰ ਇਸ ਨੂੰ ਚੁਕ ਲਵੇਂ ਤਾਂ ਮੈਂ ਛੇਤੀ ਵਿਹਲੀ ਹੋ ਕੇ ਤੈਨੂੰ ਨੁਹਾਂ ਦਿਆਂਗੀ।" ਆਪ ਨੇ ਵੱਡੇ ਭਰਾ ਵੱਲ ਇਸ਼ਾਰਾ ਕਰਕੇ ਕਿਹਾ "ਉਸ ਨੂੰ ਚੁਕਾ ਦੇ।" ਮਾਂ ਨੇ ਕਿਹਾ ਉਹ ਤਾਂ ਘਰ ਦਾ ਕੰਮ ਕਰਦਾ ਹੈ। ਤੂੰ ਵਿਹਲਾ ਹੈਂ। ਤੂੰ ਚੁੱਕ ਲੈ।" ਤਾਂ ਆਪ ਜੀ ਕਹਿਣ ਲਗੇ ਤੂੰ ਫਿਰ ਇਸ ਨੂੰ ਜਰੂਰ ਹੀ ਚੁਕਾਉਣਾ ਹੈ ਤਾਂ ਫਿਰ ਕੁੱਝ ਦਿਨਾਂ ਬਾਅਦ ਇਸ ਨੂੰ ਰੱਬ ਹੀ ਚੁੱਕ ਲਵੇਗਾ। ਉਹ ਬੱਚਾ ਗੁਜਰ ਗਿਆ। ਪਿੰਡਾ ਦੇ ਰਿਵਾਜ ਅਨੁਸਾਰ ਮਾਤਾ ਵੀ ਉਸ ਮਾਈ ਦੇ ਘਰ ਅਫਸੋਸ ਕਰਨ ਗਈ ਤਾਂ ਉਸ ਨੇ ਮਾਤਾ ਨੂੰ ਅੱਗੋ ਉਲਾਂਭਾ ਦਿਤਾ "ਤੇਰਾ ਪੁੱਤਰ ਪਹਿਲਾਂ ਬੋਲਿਆਂ ਹੀ ਕੁਝ ਨਹੀਂ ਸੀ। ਜੇ ਬੋਲਿਆ ਤਾਂ ਤੇਰੇ ਪੁੱਤਰ ਨੇ ਫਿਰ ਐਸੀ ਜੁਬਾਨ ਖੋਲੀ ਕਿ ਮੇਰਾ ਪੁੱਤ ਹੀ ਲੈ ਲਿਆ। ਖਬਰੇ ਇਸ ਦੀ ਕਿਹੋ ਜਿਹੀ ਜੁਬਾਨ ਹੈ।" ਇਹ ਸੁਣ ਕੇ ਮਾਤਾ ਵੀ ਕੁਝ ਉਦਾਸ ਰਹਿਣ ਲਗ ਪਈ। ਬਾਬਾ ਜੀ ਨਾਲ ਵੀ ਬੋਲ ਚਾਲ ਘੱਟ ਕਰ ਦਿੱਤੀ। ਇੱਕ ਦਿਨ ਮਾਤਾ ਰੋਟੀ ਲੈ ਕੇ ਆਈ ਤਾਂ ਆਪ ਨੇ ਰੋਟੀ ਖਾਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ "ਮੈਂ ਖੀਰ ਖਾਣੀ ਹੈ।" ਤਾਂ ਮਾਂ ਨੇ ਕਿਹਾ

ਮੇਰੀ ਸਹੇਲੀ ਦਾ ਪੁੱਤਰ ਮਰ ਗਿਆ ਹੈ। ਖੀਰ ਨਹੀਂ ਬਨਾਉਣੀ ਤਾਂ ਆਪ ਨੇ ਕਿਹਾ ਕਿ ਮੈਂ ਰੋਟੀ ਨਹੀਂ ਖਾਣੀ। ਮਾਤਾ ਨੇ ਕਿਹਾ ਹੁਣ ਖਾ ਲੈ ਸਵੇਰੇ ਖੀਰ ਬਣਾ ਦਿਆਂਗੀ। ਸੋ ਅਗਲੇ ਦਿਨ ਮਾਤਾ ਨੇ ਖੀਰ ਬਣਾ ਦਿੱਤੀ। ਜਿਸ ਵੇਲੇ ਆਪ ਖੀਰ ਖਾ ਰਹੇ ਸਨ ਤਾਂ ਮਾਂ ਕੋਲ ਬੈਠੀ ਸੀ ਤਾਂ ਆਪ ਮਾਂ ਨੂੰ ਪੁੱਛਣ ਲਗੇ "ਤੂੰ ਮੇਰੇ ਨਾਲ ਗੁੱਸੇ ਕਿਉਂ ਹੈ ?" ਤਾਂ ਮਾਂ ਕਹਿਣ ਲੱਗੀ ਤੂੰ ਕਿਹੋ ਜਿਹੀ ਭੈੜੀ ਜਬਾਨ ਕੱਢੀ। ਉਸ ਨਾਲ ਮੇਰਾ ਭੈਣਾਂ ਤੋ ਵੱਧ ਪਿਆਰ ਸੀ, ਤਾਂ ਆਪ ਕਹਿਣ ਲਗੇ "ਜੇ ਉਹ ਮੁੰਡਾ ਫਿਰ ਆ ਜਾਏ ਤੂੰ ਫਿਰ ਤਾਂ ਗੁੱਸੇ ਨਹੀਂ ਹੁੰਦੀ।" ਮਾਂ ਨੇ ਕਿਹਾ "ਚੁੱਪ ਕਰ ਵੇ ਕਦੇ ਮਰੇ ਹੋਏ ਵੀ ਆਏ ਨੇ।" ਆਪ ਕਹਿਣ ਲਗੇ "ਹਾਂ ਆ ਜਾਂਦੇ ਹਨ"। ਤਾਂ ਮਾਂ ਨੇ ਕਿਹਾ ਕਿਵੇਂ, ਕਹਿਣ ਲਗੇ "ਜਿਵੇਂ ਜਾਂਦੇ ਹਨ ਉਵੇਂ ਆ ਜਾਂਦੇ ਹਨ। ਜਦੋਂ ਉਹ ਆ ਜਾਵੇਗਾ ਤੂੰ ਵੇਖ ਲਵੀਂ। ਉਹੀ ਆਏਗਾ ਪਰ ਤੂੰ ਗੁੱਸੇ ਨਾ ਹੋਇਆ ਕਰ।" ਕੁਝ ਸਮੇਂ ਬਾਅਦ ਉਸ ਮਾਤਾ ਦੇ ਘਰ ਇੱਕ ਹੋਰ ਪੁੱਤਰ ਹੋਇਆ ਜਿਸ ਦੇ ਨੈਣ ਨਕਸ਼ ਸਭ ਪਹਿਲੇ ਲੜਕੇ ਵਰਗੇ ਸਨ। ਫਿਰ ਮਾਂ ਨੂੰ ਪਤਾ ਲੱਗਾ ਤਾਂ ਮਾਤਾ ਉਸ ਸਹੇਲੀ ਦੇ ਘਰ ਗਈ। ਜਦੋਂ ਘਰ ਵਾਪਸ ਆਈ ਤਾਂ ਬਾਬਾ ਜੀ ਨੇ ਮਾਤਾ ਜੀ ਨੂੰ ਪੁਛਿਆ "ਕਿਥੇ ਗਈ ਸੀ ?" ਮਾਤਾ ਨੇ ਸਾਰੀ ਗੱਲ ਦੱਸੀ। ਫਿਰ ਆਪ ਕਹਿਣ ਲਗੇ "ਹੁਣ ਤਾਂ ਖੁਸ਼ ਹੈ।" ਮਾਂ ਕਹਿਣ ਲੱਗੀ "ਮੈਂ ਹੁਣ ਬਹੁਤ ਖੁਸ਼ ਹਾਂ।" ਆਪ ਨੇ ਕਿਹਾ "ਜੇ ਤੂੰ ਮੇਰੇ ਉਤੇ ਖੁਸ਼ ਹੈਂ ਤਾਂ ਮੈਨੂੰ ਤੋਰ ਦੇ। ਮੈਂ ਚਲੇ ਜਾਣਾ ਹੈ। ਤੈਨੂੰ ਤੀਸਰੀ ਵਾਰ ਕਹਿ ਦਿਤਾ ਹੈ। ਹੁਣ ਚੌਥੀ ਵਾਰ ਨਹੀਂ ਕਹਿਣਾ। ਹੱਥੀ ਤੋਰ ਦੇਵੇਂ ਤਾਂ ਚੰਗੀ ਗੱਲ ਹੈ। ਜੇ ਮੈਂ ਚੁਪ ਕਰਕੇ ਚਲਾ ਗਿਆ ਤਾਂ ਤੁਸੀਂ ਭਾਲਦੇ ਫਿਰੋਗੇ। ਅੱਗੇ ਤੁਹਾਡੀ ਮਰਜੀ।" ਮਾਂ ਨੇ ਪੁਛਿਆ "ਜਾਏਂਗਾ ਕਿਥੇ ?" ਆਪ ਕਹਿਣ ਲੱਗੇ "ਲਿਜਾਣ ਵਾਲਾ ਜਿਥੇ ਲਿਜਾਏਗਾ।" ਮਾਂ ਨੇ ਪੁਛਿਆ "ਕੋਣ ਹੈ ਤੈਨੂੰ ਲਿਜਾਣ ਵਾਲਾ।" ਆਪ ਕਹਿਣ ਲੱਗੇ "ਮੈਨੂੰ ਉਹ ਲਿਜਾਏਗਾ ਜਿਸ ਨੇ ਤੇਰੀ ਸਹੇਲੀ ਦਾ ਪੁੱਤ ਮੋੜ ਕੇ ਦਿੱਤਾ ਹੈ। ਹੋਰ ਕੋਣ ਹੈ, ਮੈਨੂੰ ਲਿਜਾਣ ਵਾਲਾ ?" ਇਉਂ ਬਚਨ ਕਰਕੇ ਆਪ ਹੱਸ ਪਏ। ਉਸਤੋਂ ਬਾਅਦ ਮਾਂ ਕਿਸੇ ਡੂੰਘੀ ਸੋਚ ਵਿੱਚ ਪੈ ਗਈ। ਇਸ ਤਰ੍ਹਾਂ ਜਿਵੇਂ ਪਹਿਲੇ ਦਸੇ ਪ੍ਰਸੰਗ ਅਨੁਸਾਰ ਸੱਭ ਕੁਝ ਦੱਸ ਵੀ ਦਿੱਤਾ ਤੇ ਨਾਲੇ ਭੇਦ ਵੀ ਰੱਖ ਲਿਆ।

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍**
**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥** (ਅੰਗ ੧੩੮੪)

# ਘਰੋਂ ਬਾਹਰ ਇਕਾਂਤ ਵਿੱਚ ਰਹਿਣਾ

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ।**

ਜਿਸ ਤਰ੍ਹਾਂ ਪਿਛੇ ਜਿਕਰ ਕੀਤਾ ਹੈ ਉਸ ਤੋਂ ਬਾਦ ਆਪ ਬਹੁਤਾ ਸਮਾਂ ਘਰ ਤੋਂ ਬਾਹਰ ਰਹਿਣ ਲੱਗ ਪਏ। ਸਵੇਰ ਵੇਲੇ ਚੁਪਚਾਪ ਘਰੋਂ ਤੁਰ ਜਾਣਾ। ਸਾਰਾ ਦਿਨ ਬਾਹਰ ਹੀ ਰਹਿਣਾ। ਸ਼ਾਮ ਨੂੰ ਘਰ ਮੁੜ ਆਉਣਾ। ਕਦੇ ਘਰੋਂ ਰੋਟੀ ਖਾ ਜਾਣੀ, ਕਦੇ ਪਹਿਲਾਂ ਹੀ ਚਲੇ ਜਾਣਾ ਸਾਰਾ ਦਿਨ ਨਿਰਾਹਾਰ ਹੀ ਰਹਿਣਾ। ਜਦੋਂ ਕਈ ਦਿਨ ਲਗਾਤਾਰ ਬਾਹਰ ਜਾਂਦੇ ਰਹੇ ਤਾਂ ਮਾਤਾ ਨੂੰ ਫਿਕਰ ਹੋ ਗਿਆ। ਉਸਨੇ ਪਿਤਾ ਜੀ ਕੋਲ ਜਿਕਰ ਕੀਤਾ। ਇੱਕ ਦਿਨ ਪਿਤਾ ਜੀ ਨੇ ਖਿਆਲ ਰਖਿਆ। ਜਦੋਂ ਆਪ ਜਾਣ ਲਗੇ ਤਾਂ ਪਿਤਾ ਜੀ ਵੀ ਮਗਰ ਹੋ ਤੁਰੇ। ਪਿੰਡ ਤੋਂ ਥੋੜੀ ਦੂਰ ਬਾਹਰ ਚਲੇ ਗਏ ਤਾਂ ਪਿਤਾ ਜੀ ਨੇ ਆਵਾਜ ਦਿੱਤੀ ਤੇ ਪੁਛਿਆ "ਮਸਤਾਨਿਆਂ, ਕਿਥੇ ਚੱਲਿਆਂ ਹੈ ?" ਆਪ ਕਹਿਣ ਲਗੇ "ਆਪਣਾ ਕੰਮ ਕਰਨ"

ਪਿਤਾ ਨੇ ਪੁੱਛਿਆ ਤੇਰਾ ਕਿਹੜਾ ਕੰਮ ਹੈ। ਤਾਂ ਆਪ ਨੇ ਕਿਹਾ "ਮੇਰਾ ਕੰਮ ਹੈ ਰੱਬ ਦਾ ਨਾਮ ਜੱਪਣਾ ਤੇ ਨਾਲ ਹੀ ਕਿਹਾ ਬਾਪੂ ਤੂੰ ਪਿਛੇ ਮੁੜ ਜਾ।" ਪਿਤਾ ਜੀ ਨਾਲ ਅੱਗੇ ਜਾਣਾ ਚਾਹੁੰਦੇ ਹੋਏ ਵੀ ਜਾ ਨਹੀਂ ਸਕੇ ਤੇ ਪਿਛੇ ਮੁੜ ਪਏ। ਜਿਸ ਵਕਤ ਘਰ ਗਏ ਤਾਂ ਮਾਤਾ ਨੇ ਪੁਛਿਆ 'ਮਸਤਾਨਾ' ? ਪਿਤਾ ਨੇ ਉੱਤਰ ਦਿੱਤਾ 'ਉਹ ਕਹਿੰਦਾ ਹੈ ਮੈਂ ਆਪਣਾ ਕੰਮ ਕਰਨ ਚਲਿਆਂ ਹਾਂ।' ਮੈਂ ਪੁਛਿਆ 'ਕਿਹੜਾ ਕੰਮ' ਕਹਿਣ ਲਗਾ 'ਰੱਬ ਦਾ ਨਾਮ ਜਪਣਾ।' ਸੋ ਉਸ ਦਿਨ ਵੀ ਅਗੇ ਵਾਂਗ ਸ਼ਾਮ ਨੂੰ ਘਰ ਮੁੜੈ ਤਾਂ ਮਾਂ ਨੇ ਲਾਡ ਨਾਲ ਪੁਛਿਆ ਅੱਜ ਸਾਰਾ ਦਿਨ ਕਿਥੇ ਰਿਹਾ ਰੋਟੀ ਕਿਥੋਂ ਖਾਧੀ। ਆਪ ਹੱਸ ਕੇ ਚੁੱਪ ਕਰ ਗਏ। ਮਾਤਾ ਪ੍ਰਸ਼ਾਦਾ ਲੈ ਆਈ ਤਾਂ ਲੋੜ ਅਨੁਸਾਰ ਛੱਕ ਲਿਆ, ਪਰ ਥੋੜ੍ਹਾ। ਅਗਲੇ ਦਿਨ ਸਵੇਰੇ ਆਪ ਘਰੋਂ ਉੱਠ ਕੇ ਆਪ ਜੀ ਘਰ ਦੇ ਨੇੜੇ ਇੱਕ ਖੂਹ ਸੀ ਉਸ ਦੀ ਮੌਣ ਤੇ ਜਾ ਬੈਠ ਗਏ। ਇਹ ਖੂਹ ਅੱਜ ਕਲ ਬੰਦ ਕੀਤਾ ਪਿਆ ਹੈ। ਜੋ ਕਿ ਅਸੀਂ ਜਾ ਕੇ ਦੇਖਿਆ ਹੈ। ਬਾਬਾ ਜੀ ਨੇ ਆਪ ਇੱਕ ਵਾਰ ਬਚਨ

ਕੀਤਾ ਸੀ "ਇੱਕ ਖੂਹ ਤੇ ਬਾਰਾਂ ਘੁਮਾ ਜਮੀਨ ਸਾਡੇ ਕਿਸੇ ਬਜੁਰਗ ਨੂੰ ਇਨਾਮ ਵਿੱਚ ਮਿਲੀ ਹੋਈ ਸੀ।" ਕੁਝ ਚਿਰ ਬਾਦ ਉਸ ਪਿੰਡ ਦਾ ਆਦਮੀ ਕੋਲ ਦੀ ਲੰਘਿਆ ਤੇ ਵੇਖ ਕੋਲ ਚਲਾ ਗਿਆ। ਆਪ ਜੀ ਨੂੰ ਬਾਹੋਂ ਫੜ ਕੇ ਉਠਾਉਣ ਲੱਗਾ। ਜਦੋਂ ਨਾ ਉਠੇ ਤਾਂ ਬਾਬਾ ਜੀ ਦੇ ਘਰ ਜਾ ਕੇ ਦਸਿਆ। ਪਿਤਾ ਜੀ ਗਏ ਤਾਂ ਦੇਖਿਆ ਕਿ ਆਪ ਉਥੇ ਹੀ ਬੈਠੇ ਹਨ ਤਾਂ ਬਾਹੋਂ ਫੜ ਕੇ ਉਠਾ ਲਿਆ ਤੇ ਕਹਿਣ ਲਗੇ "ਇਹ ਤੇਰੀ ਬੈਠਣ ਦੀ ਥਾਂ ਬੜੀ ਚੰਗੀ ਹੈ ? ਕਿਤੇ ਹੋਰ ਬੈਠ ਜਾਂਦਾ।" ਇਉਂ ਆਖ ਕੇ ਘਰ ਲੈ ਆਏ। ਫਿਰ ਮਾਂ ਨੂੰ ਸਾਰੀ ਗੱਲ ਦੱਸੀ। ਮਾਤਾ ਨੇ ਵੀ ਕਿਹਾ "ਖੂਹ ਤੇ ਬੈਠਾ ਕੀ ਕਰਦਾ ਸੀ ? ਲੈ ਰੋਟੀ ਖਾ ਲੈ।" ਲੋੜ ਅਨੁਸਾਰ ਰੋਟੀ ਖਾਣ ਤੋਂ ਬਾਦ ਕੁਝ ਚਿਰ ਘਰ ਠਹਿਰੇ, ਫਿਰ ਬਾਹਰ ਨੂੰ ਚਲੇ ਗਏ। ਹਨੇਰਾ ਹੋਣ ਤੋਂ ਬਾਅਦ ਘਰ ਮੁੜ ਆਏ। ਪਿਤਾ ਜੀ ਨੇ ਕਿਹਾ "ਫਿਰ ਸਾਰਾ ਦਿਨ ਬਾਹਰ ਹੀ ਲਾ ਆਇਆ, ਤੈਨੂੰ ਭੁਖ ਤ੍ਰੇਹ ਨਹੀਂ ਲਗਦੀ ? ਤੈਨੂੰ ਡਰ ਨਹੀਂ ਲਗਦਾ ? ਕਦੇ ਖੂਹ ਤੇ ਜਾ ਬੈਠਦਾ ਹੈਂ। ਕਦੇ ਬਾਹਰ ਚਲਾ ਜਾਂਦਾ ਹੈ।" ਅਗੋਂ ਹੱਸ ਕੇ ਬੋਲੇ, "ਬਾਪੂ ਜੀ ਜੇ ਰੱਬ ਦਾ ਡਰ ਮੰਨ ਲਈਏ, ਫਿਰ ਹੋਰ ਕੋਈ ਡਰ ਨਹੀਂ ਆਉਂਦਾ।

ਫਰਮਾਨ ਹੈ:

**ਨਿਰਭਉ ਜਪੈ ਸਗਲ ਭਉ ਮਿਟੈ॥**

(ਅੰਗ ੨੯੨)

**ਪ੍ਰਭ ਕੈ ਸਿਮਰਨਿ ਭਉ ਨ ਬਿਆਪੈ**

ਹਰ ਤਰ੍ਹਾਂ ਦਾ ਡਰ ਮੰਨਦਾ ਹੈ ਮਨ। ਜਦੋਂ ਮਨ ਹੀ ਸਿਮਰਨ ਵਿੱਚ ਲੀਨ ਹੋ ਗਿਆ ਫਿਰ ਡਰ ਕਿਥੇ।

ਇਸ ਤੋਂ ਬਾਅਦ ਮਾਤਾ ਜੀ ਤੋਂ ਲੋੜ ਅਨੁਸਾਰ ਪ੍ਰਸ਼ਾਦਾ ਛੱਕ ਲਿਆ। ਕੁਝ ਚਿਰ ਆਰਾਮ ਕੀਤਾ ਤੇ ਘਰ ਵਾਲਿਆਂ ਦੇ ਸੌਂ ਜਾਣ ਤੋਂ ਬਾਅਦ ਚੌਂਕੜੀ ਮਾਰ ਕੇ ਬੈਠ ਗਏ। ਜਦੋਂ ਸਵੇਰੇ ਮਾਤਾ ਪਿਤਾ ਉਠੇ ਤਾਂ ਆਪ ਬੈਠ ਹੋਏ ਸਨ।

**ਵਧੁ ਸੁਖ ਰੈਨੜੀਏ ਪ੍ਰਿਅ ਪ੍ਰੇਮੁ ਲਗਾ।**
**ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ।**

(ਬਿ:ਮ: ੫, ਅੰਗ ੫੪੪)

**ਰੱਬ ਦਾ ਮਾਰਗ ਸੰਤ ਜਨਾ ਨੂੰ ਲਗਦਾ ਬਹੁਤ ਪਿਆਰਾ॥**

**ਜਿਉਂ ਆਸ਼ਿਕ ਮਸ਼ੂਕ ਗਲੀ ਜਾ ਕੇ ਲੈਣ ਹੁਲਾਰਾ॥**

ਸੋ ਮਹਾਂਪੁਰਖ ਚਰਨ ਕਮਲ ਦੀ ਮੌਜ ਵਿੱਚ ਸਮਾਏ ਹੋਏ ਰਹਿੰਦੇ ਕੋਈ ਕਾਰਜ ਕਰਨਾ ਹੋਵੇ ਤਾਂ ਹੁਕਮ ਅਨੁਸਾਰ ਕਰਦੇ ਸਨ। ਪਰੰਤੂ ਮਨ ਦੀ ਲਿਵ ਪ੍ਰਮੇਸ਼ਵਰ ਨਾਲ ਹੀ ਲੱਗੀ ਰਹਿੰਦੀ ਹੈ। ਨਾਮ ਦੇਵ ਜੀ ਨੇ ਫੁਰਮਾਇਆ ਹੈ।

**ਕਹਤ ਨਾਮਦੇਉ ਸੁਨਹੁ ਤਿਲੋਚਨ,**
**ਬਾਲਕੁ ਪਾਲਨ ਪਉਢੀਅਲੇ।**
**ਅੰਤਰਿ ਬਾਹਰਿ ਕਾਜ ਬਿਰੂਧੀ।**
**ਚੀਤੁ ਸੁ ਬਾਰਿਕ ਰਾਖੀਅਲੇ॥**

**(ਨਾਮਦੇਵ, ਅੰਗ ੯੭੨)**

ਭਗਤ ਜੀ ਦੁਨੀਆਵੀ ਦ੍ਰਿਸ਼ਟਾਂਤ ਦੇ ਕੇ ਮਹਾਂਪੁਰਖਾਂ ਦੀ ਅੰਤਰ ਆਤਮਿਕ ਅਵਸਥਾ ਦੱਸਦੇ ਹਨ। ਜਿਵੇਂ ਮਾਤਾ ਬੱਚੇ ਨੂੰ ਪੰਘੂੜੇ ਵਿੱਚ ਪਾਉਣ ਤੋਂ ਬਾਦ ਕੰਮ ਕਾਰ ਕਰਦੀ ਹੋਈ ਵੀ ਆਪਣੇ ਬੱਚੇ ਨੂੰ ਯਾਦ ਰੱਖਦੀ ਹੈ। ਸੋ ਮਨ ਕਰਕੇ ਇਸ ਤਰ੍ਹਾਂ ਮਹਾਂਪੁਰਖਾਂ ਦੀ ਅਵਸਥਾ ਹੁੰਦੀ ਹੈ। ਇਸ ਸ਼ਬਦ ਦੇ ਅੰਤ੍ਰੀਵ ਦੇ ਭਾਵ ਅਰਥ ਹੋਰ ਹਨ। ਜਿਸ ਦੇ ਨਾਲ ਮਹਾਂਪੁਰਖਾਂ ਦੇ ਮਨੋ-ਅਵਸਥਾ ਨੂੰ ਬਾਣੀ ਦੁਆਰਾ ਭਗਤ ਜੀ ਨੇ ਸਮਝਾਇਆ ਹੈ।

## ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥

ਘਰੋਂ ਬਾਹਰ ਜਾਕੇ ਖੂਹ ਤੇ ਬੈਠਣ ਤੋਂ ਬਾਅਦ ਬਾਬਾ ਜੀ ਦੇ ਕਥਨ ਅਨੁਸਾਰ ਆਪ ਜੀ ਨੇ ਆਪਣੇ ਬੈਠਣ ਲਈ ਇੱਕ ਹੋਰ ਥਾਂ ਲੱਭ ਲਈ। ਇਹ ਨਗਰ ਤੋਂ ਦੂਰ ਸੰਘਣੇ ਦਰਖਤਾਂ ਵਿੱਚ ਇੱਕ ਪੁਰਾਣੀ ਸੱਪ ਦੀ ਬਰਮੀ ਹੋਣ ਕਰ ਕੇ ਝਾੜ ਆਦਿਕ ਬਹੁਤ ਸਨ। ਲੋਕਾਂ ਦੇ ਚਿਤ ਵਿੱਚ ਇਹ ਖਿਆਲ ਸੀ ਕਿ ਇਥੇ ਇੱਛਾਧਾਰੀ ਸੱਪ ਰਹਿੰਦਾ ਹੈ ਜਿਹੜਾ ਆਪਣੀ ਮਰਜੀ ਅਨੁਸਾਰ ਰੂਪ ਧਾਰ ਲੈਂਦਾ ਹੈ। ਇਸ ਕਰਕੇ ਲੋਕ ਡਰਦੇ ਇਧਰ ਦਿਨੇ ਵੀ ਨਹੀਂ ਜਾਂਦੇ ਸਨ। ਸੋ ਆਪ ਨੇ ਉਹ ਸਥਾਨ ਆਪਣੇ ਬੈਠਣ ਲਈ ਚੁਣ ਲਿਆ ਤੇ ਹਰ ਰੋਜ ਉਥੇ ਜਾ ਕੇ ਬੈਠ ਜਾਂਦੇ। ਸਵੇਰੇ ਚਲੇ ਜਾਣ ਤੇ ਸ਼ਾਮ ਨੂੰ ਮੁੜਨਾ। ਇੱਕ ਦਿਨ ਆਪ ਉਧਰੋਂ ਆ ਰਹੇ ਸਨ ਕਿਸੇ ਨੇ ਵੇਖ ਕੇ ਘਰ ਦੱਸ ਦਿੱਤਾ। ਮਾਤਾ ਪਿਤਾ ਨੇ ਪੁਛਿਆ ਤਾਂ ਆਪ ਚੁਪ ਰਹੇ। ਅਗਲੇ ਦਿਨ ਜਦੋਂ ਉਥੇ ਜਾਣ ਲੱਗੇ

ਤਾਂ ਪਿਤਾ ਜੀ ਨੇ ਰਾਹ ਵਿੱਚ ਰੋਕ ਲਿਆ ਅਤੇ ਪੁਛਿਆ "ਕਿਥੇ ਚੱਲਿਆ ਹੈ ?" ਕਹਿਣ ਲਗੇ "ਉਥੇ ਹੀ ਜਿਥੇ ਲੋਕ ਡਰਦੇ ਹਨ।" ਪਿਤਾ ਨੇ ਕਿਹਾ "ਘਰ ਚੱਲ।" ਤਾਂ ਆਪ ਨੇ ਕਿਹਾ "ਨਹੀਂ, ਹੁਣ ਸ਼ਾਮ ਨੂੰ ਘਰ ਆਵਾਂਗਾ।" ਇਉਂ ਕਹਿਕੇ ਆਪ ਅੱਗੇ ਚਲੇ ਗਏ। ਜਦੋਂ ਘਰ ਆਏ ਮਾਂ ਨੇ ਪੁਛਿਆ "ਕਿਥੇ ਰਿਹਾ ਸਾਰਾ ਦਿਨ! ਇਉਂ ਨਾ ਕਰਿਆ ਕਰ ਨਾ ਰੋਟੀ ਨਾ ਪਾਣੀ, ਭੁੱਖਾ ਤਿਹਾਇਆ ਰਹਿੰਦਾ ਹੈਂ। ਤੇਰੀ ਕਿਵੇ ਦਿਹਾੜੀ ਬੀਤਦੀ ਹੈ, ਜਾ ਕੇ ਵੀ ਉਥੇ ਬੈਠਦਾ ਹੈ ਜਿਥੇ ਕੋਈ ਨਾ ਜਾਵੇ। ਅਸੀਂ ਸਾਰਾ ਦਿਨ ਕਲਪਦੇ ਰਹਿੰਦੇ ਹਾਂ।" ਕਹਿਣ ਲੱਗੇ "ਮਾਂ ਮੇਰਾ ਫਿਕਰ ਨਾ ਕਰ, ਮੇਰਾ ਫਿਕਰ ਪ੍ਰਮੇਸ਼ਵਰ ਨੂੰ ਹੈ। ਸਭ ਦਾ ਉਹੀ ਰਖਵਾਲਾ ਹੈ।" ਇਉਂ ਕਹਿ ਕੇ ਚੁਪ ਹੋ ਗਏ।

ਰਾਤ ਨੂੰ ਲੋੜ ਅਨੁਸਾਰ ਪ੍ਰਸ਼ਾਦਾ ਛੱਕ ਲਿਆ ਅਗਲੇ ਦਿਨ ਸਵੇਰੇ ਘਰੋਂ ਉਠ ਕੇ ਤੁਰਨ ਲੱਗੇ। ਮਾਤਾ ਨੇ ਆਵਾਜ਼ ਦੇ ਕੇ ਰੋਕ ਲਿਆ। ਕਹਿਣ ਲਗੀ "ਸਾਰਾ ਦਿਨ ਭੁਖਾ ਕੀ ਕਰਾਂਗੇ। ਦੁੱਧ ਪੀ ਕੇ ਜਾਈ। "ਮਾਤਾ ਦੁੱਧ ਲੈ ਆਈ ਲੋੜ ਅਨੁਸਾਰ ਛੱਕ ਕੇ ਕਹਿਣ ਲੱਗੇ "ਲੈ ਮਾਂ ਹੁਣ ਮੈਂ ਜਾ ਰਿਹਾ ਹਾਂ।" ਮਾਤਾ ਨੇ ਕਿਹਾ "ਉਥੇ ਜਾ ਕੇ ਭੁੰਜੇ ਹੀ ਬੈਠੇਗਾ। ਆਹ ਚਾਦਰ ਲੈ ਜਾ।" ਇਉਂ ਕਹਿ ਕੇ ਮਾਤਾ ਨੇ ਖੱਦਰ ਦੀ ਚਾਦਰ ਦੇ ਦਿੱਤੀ। ਚਾਦਰ ਲੈ ਕੇ ਕਹਿਣ ਲੱਗੇ ਲੈ "ਮਾਤਾ, ਹੁਣ ਮੈ ਜਾਵਾ।" ਮਾਤਾ ਨੇ ਕਿਹਾ "ਚੰਗਾ ਜਾਂ।" ਸੋ ਇਸ ਜੁਗਤੀ ਨਾਲ ਆਪਣੀ ਇੱਛਾ ਅਨੁਸਾਰ ਮਾਤਾ ਜੀ ਤੋਂ ਹਾਂ ਵੀ ਕਰਾ ਲਈ। ਮਾਤਾ ਨੇ ਸਮਝਿਆ ਕਿ ਸ਼ਾਮ ਨੂੰ ਵਾਪਸ ਆ ਜਾਣਗੇ। ਪਰ ਕੀ ਪਤਾ ਸੀ ਰਜਾ ਦੇ ਮਾਲਕ ਹੁਣ ਨਹੀਂ ਛੇਤੀ ਮੁੜਕੇ ਆਉਂਦੇ। ਫਿਰ ਤਕਰੀਬਨ ਬਾਰਾ ਪੰਦਰਾਂ ਸਾਲ ਘਰ ਨਹੀਂ ਆਏ। ਜਦੋਂ ਘਰੋਂ ਗਏ ਸਨ ਸਰੀਰਕ ਤੌਰ ਤੇ ਆਪ ਜੀ ਦੇ ਕਥਨ ਅਨੁਸਾਰ ਤੇਰਾਂ ਚੌਦਾਂ ਸਾਲ ਦੀ ਉਮਰ ਸੀ।

## ਸੰਤ ਰਾਮ ਸਿੰਘ ਜੀ ਸੂਸ਼ਾਂ ਵਾਲਿਆਂ ਨਾਲ ਮਿਲਾਪ

ਇਨ੍ਹਾਂ ਦਾ ਜਨਮ ਨਗਰ ਵੀ ਸੂਸ਼ ਪਿੰਡ ਸੀ।

ਐਸ ਸਮੇਂ ਇਨ੍ਹਾਂ ਦੀ ਸਮਾਧ ਢਿਲਵਾਂ ਨਗਰ ਵਿੱਚ ਹੀ ਹੈ। ਇਥੇ ਹੀ ਇਨ੍ਹਾਂ ਨੇ ਸਰੀਰ ਤਿਆਗਿਆ ਸੀ।

ਇਹ ਮਹਾਂਪੁਰਖ ਗੁਰਮਤਿ ਵਿਦਿਆ ਅਤੇ ਸੰਸਕ੍ਰਿਤ ਦੇ ਬੜੇ ਤਕੜੇ ਵਿਦਵਾਨ ਸਨ। ਵਿਆਕਰਨ, ਵੇਦਾਂਤ ਅਤੇ ਯੋਗ ਸ਼ਾਸਤਰ ਦੇ ਆਪਣੇ ਸਮੇਂ ਵਿੱਚ ਨਿਪੁੰਨ ਮੰਨੇ ਜਾਂਦੇ ਸਨ ਅਤੇ ਰਮਤੇ ਹੀ ਰਹਿੰਦੇ ਸਨ। ਕਿਤੇ ਟਿਕਦੇ ਨਹੀਂ ਸਨ ਅਤੇ ਨਿਰਮਲ ਭੇਖ ਨਾਲ ਸਬੰਧ ਰਖਦੇ ਸਨ। ਇਨ੍ਹਾਂ ਦੇ ਵੱਡੇ ਮਹਾਂਪੁਰਖ ਸੰਤ ਸੇਵਾ ਸਿੰਘ ਜੀ ਹੋਏ ਸਨ । ਜਿਨ੍ਹਾਂ ਨੇ ਕਲਗੀਧਰ ਜੀ ਤੋਂ ਅੰਮ੍ਰਿਤ ਪਾਨ ਕਰਕੇ ਸਤਿਗੁਰੂ ਜੀ ਦੇ ਹੁਕਮ ਨਾਲ ਹਜ਼ੂਰੀ ਵਿੱਚ ਰਹਿਕੇ ਕਠਿਨ ਸੇਵਾ ਸਿਮਰਨ ਦੀ ਘਾਲਣਾ ਘਾਲ ਕੇ ਹੁਕਮ ਅਨੁਸਾਰ ਗੁਰਸਿੱਖੀ ਪ੍ਰਚਾਰ ਕਰਨ ਲਗ ਪਏ ਸਨ। ਸੰਤ ਸੇਵਾ ਸਿੰਘ ਜੀ ਨੇ ਛੱਤੀ ਸਾਲ ਲਗਾਤਾਰ ਗੁਰੂ ਦੇ ਹੁਕਮ ਅਨੁਸਾਰ ਸੰਗਤਾਂ ਨੂੰ ਜਲ ਛਕਾਇਆ, ਮਸ਼ਕ ਪਾਣੀ ਦੀ ਭਰ ਕੇ ਅੱਠੇ ਪਹਿਰ ਆਪਣੇ ਕੋਲ ਰਖਣੀ। ਸੇਵਾ ਵਿੱਚ ਤੱਤਪਰ ਰਹਿਣਾ। ਸੰਤ ਸੇਵਾ ਸਿੰਘ ਜੀ ਤੋਂ ਵਰੋਸਾਇ ਸੰਤ ਦੀਵਾਨ ਸਿੰਘ। ਸੰਤ ਦੀਵਾਨ ਸਿੰਘ ਤੋਂ ਵਰੋਸਾਇ ਸੰਤ ਮਸਤਾਨ ਸਿੰਘ ਅੰਮ੍ਰਿਤਸਰੀਆਂ। ਇਨ੍ਹਾਂ ਦੀ ਰਿਹਾਇਸ਼ ਬਾਬੇ ਅਟੱਲ ਸਾਹਿਬ ਦੇ ਕੋਲ ਧਰਮਸ਼ਾਲਾ ਵਿੱਚ ਸੀ। ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਇਹ ਸਭ ਕੁਝ ਆਪਣੇ ਮੁੱਖ ਤੋ ਬੋਲਕੇ ਹੀ ਲਿਖਾਈ ਹੋਈ ਗੁਰੂ ਪ੍ਰਣਾਲੀ ਅਨੁਸਾਰ ਦੱਸਿਆ ਹੈ। ਉਸ ਵਕਤ ਧਰਮਸ਼ਾਲਾ ਦੇ ਨਾਮ ਪੰਜ ਸੌ ਘੁਮਾ ਜ਼ਮੀਨ ਅਤੇ ਦੋ ਖੂਹ ਵਿੱਚ ਲੱਗੇ ਹੋਏ ਸਨ। ਸੰਤ ਮਸਤਾਨ ਸਿੰਘ ਦੇ ਪਿਤਾ ਬਾਬਾ ਸਰੂਪ ਸਿੰਘ ਕਾਵ ਕੋਸ਼ ਦੇ ਮਹਾਨ ਵਿਦਵਾਨ ਸਨ। ਸੰਤ ਮਸਤਾਨ ਸਿੰਘ ਜੀ ਤੋਂ ਵਰੋਸਾਇ ਸੰਤ ਮੱਲ ਸਿੰਘ ਜੀ ਪੰਡੋਰੀ, ਨਿਝਰਾਂ ਦੁਆਬੇ ਵਿੱਚ ਹੈ। ਇਨ੍ਹਾਂ ਦਾ ਗੋਤ ਰੋਕੋ ਸੀ। ਜਨਮ ਨਗਰ ਬੜੂੰਦੀ ਲੁਧਿਆਣੇ ਵਿੱਚ ਹੈ। ਕਿਤੇ ਹੋਰ ਵੀ ਹੋ ਸਕਦੀ ਹੈ ਕਿਉਂਕਿ ਇਸ ਇੱਕ ਨਾਂ ਦੇ ਪਿੰਡ ਸ਼ਹਿਰ ਕਈ ਇਲਾਕਿਆਂ ਵਿੱਚ ਹਨ। ਖੈਰ ਸੰਤ ਮੱਲ ਸਿੰਘ ਜੀ ਪਹਿਲਾਂ ਮਹਾਂਰਾਜਾ ਰਣਜੀਤ ਸਿੰਘ ਦੇ ਘੋੜ ਅਸਵਾਰਾਂ ਵਿੱਚ ਨੌਕਰੀ ਕਰਦੇ ਸਨ। ਉਸ ਵਕਤ ਪੰਜ ਰੁਪਏ ਮਹੀਨੇ ਦੀ ਤਨਖਾਹ ਸੀ। ਨੌਕਰੀ ਛੱਡ ਕੇ ਸੰਤ ਮਸਤਾਨ ਸਿੰਘ ਜੀ ਦੇ ਸੇਵਕ ਬਣ ਗਏ। ਸੰਤ ਮੱਲ ਸਿੰਘ ਜੀ ਦਾ ਅਸਥਾਨ ਅਸੀਂ ਤਿੰਨ ਸਿੰਘਾਂ ਨੇ ਆਪ ਅੱਖੀਂ ਜਾ ਕੇ ਵੇਖਿਆ ਹੈ। ਇਸ ਵਕਤ ਉਥੇ ਸੰਤ ਅਮੋਲਕ ਸਿੰਘ ਜੀ ਹਨ। ਸੰਤ ਮੱਲ ਸਿੰਘ ਜੀ ਤੋਂ ਚੌਥੇ ਜਾਂ ਪੰਜਵੇਂ ਥਾਂ ਤੇ ਹਨ ਅਤੇ ਲੇਖਕ ਨੂੰ ਉਨ੍ਹਾਂ ਤੋਂ ਇੱਕ ਨਿਰਮਲ ਭੇਖ ਦੀ ਸੰਪ੍ਰਦਾਇ ਪ੍ਰਣਾਲੀ ਇੱਕ ਬ੍ਰਿਛ ਦੇ ਰੂਪ ਵਿੱਚ ਮਿਲਿਆ ਹੈ। ਜਿਸਨੂੰ ਇਸ ਪੁਸਤਕ ਦੇ ਮੁੱਢ ਵਿੱਚ ਦਿਤਾ

ਗਿਆ ਹੈ। ਉਥੋਂ ਦਰਸ਼ਨ ਕਰੋ ਫਿਰ ਪਤਾ ਲਗਦਾ ਹੈ। ਸੰਤ ਸੇਵਾ ਸਿੰਘ ਜੀ ਤੋਂ ਕਿਤਨੀ ਗਿਣਤੀ ਵਿੱਚ ਇਹ ਸੰਤ ਮਹਾਤਮਾ ਹੋਏ ਹਨ। ਹੁਣ ਆਪਾਂ ਬਾਬਾ ਜੀ ਦੇ ਇਤਿਹਾਸ ਵੱਲ ਆਈਏ। ਸੋ ਬਾਬਾ ਜੀ ਦਾ ਮਿਲਾਪ ਕਿਸੇ ਜਗ੍ਹਾ ਇਨ੍ਹਾਂ ਨਾਲ ਭਾਵ ਸੰਤ ਰਾਮ ਸਿੰਘ ਜੀ ਦੇ ਨਾਲ ਹੋ ਗਿਆ। ਬਾਬਾ ਜੀ ਦੇ ਕਥਨ ਅਨੁਸਾਰ ਅਸੀਂ ਉਹਨਾਂ ਤੋਂ ਪਹਿਲਾਂ ਗੁਰੂ ਘਰ ਦੀ ਵਿਦਿਆ ਪੜ੍ਹੀ ਭਾਵ ਕਿ ਗੁਰਬਾਣੀ ਦਾ ਪਾਠ ਅਤੇ ਵਿਚਾਰ ਸਿਖੀ। ਫਿਰ ਸੰਸਕ੍ਰਿਤ ਦੇ ਕਈ ਗ੍ਰੰਥ ਪੜੇ ਵਿਚਾਰੇ। ਜੋ ਹੇਠਾ ਦਰਜ ਹਨ। ਉਨ੍ਹਾਂ ਨੂੰ ਬੇਨਤੀ ਕਰਕੇ "ਮਹਾਰਾਜ ਸਾਨੂੰ ਵੀ ਸਿਮਰਨ ਕਰਨ ਦੀ ਜੁਗਤੀ ਦਸੋ ?" ਉੱਤਰ ਵਿੱਚ ਸੰਤ ਰਾਮ ਸਿੰਘ ਜੀ "ਜਪੁ ਜੀ ਸਾਹਿਬ ਦਾ ਪਾਠ ਕਰਨ ਦਾ ਉਪਦੇਸ਼ ਦਿਤਾ ਅਤੇ ਕਿਹਾ ਕਿ ਇਹ ਸਾਰੀ ਬਾਣੀ ਦਾ ਸਿਧਾਂਤ ਹੈ। ਹੋਰ ਬਾਣੀ ਇਸਦੀ ਵਿਆਖਿਆ ਹੈ। ਇਸਦਾ ਜਿਨ੍ਹਾਂ ਵੀ ਅਭਿਆਸ ਹੋ ਜਾਏ ਉਤਨਾ ਚੰਗਾ ਹੈ। ਮੂਲ ਮੰਤਰ ਭਾਵ ਪਹਿਲੀ ਪਉੜੀ ਦਾ ਸਿਮਰਨ ਵੀ ਚਾਹੀਦਾ ਹੈ। ਪਰ ਤੁਸੀਂ ਪਹਿਲਾਂ ਜਪੁ ਜੀ ਸਾਹਿਬ ਦਾ ਲਗਾਤਾਰ ਸਿਮਰਨ ਕਰੋ। ਕਿਉਂਕਿ ਬਾਬਾ ਜੀ ਦੀ ਅਤਿ ਅੰਤ ਕਠਿਨ ਵਿਦਿਆ ਅਭਿਆਸ ਵੇਖਕੇ ਅਤੇ ਇਤਨੀ ਤੀਖਣ ਬੁੱਧੀ ਬਰੀਕ ਸੰਸ੍ਕਿਤ ਦੇ ਗ੍ਰੰਥਾਂ ਦੇ ਸਿਧਾਂਤ ਨੂੰ ਸਮਝਕੇ ਉਨ੍ਹਾਂ ਨੂੰ ਪ੍ਰਸੰਨ ਕੀਤਾ ਸੀ। ਪਰ ਪੜ੍ਹਦਿਆਂ ਪੜ੍ਹਦਿਆਂ ਨਿਆਏ ਅਤੇ ਯੋਗ ਸ਼ਾਸ਼ਤ੍ਰ ਦੇ ਬੇਅੰਤ ਸਲੋਕ ਜਬਾਨੀ ਯਾਦ ਕਰ ਲਏ ਸਨ। ਕਈ ਵਾਰ ਬਹੁਤ ਸਾਰੇ ਗ੍ਰੰਥਾਂ ਦਾ ਸਿਧਾਂਤ ਮਿਲਾਕੇ ਐਸਾ ਅਰਥ ਸਿੱਧ ਕਰਨਾ ਉਨ੍ਹਾਂ ਨੇ ਸੁਣਕੇ ਅਤਿ ਪ੍ਰਸੰਨ ਹੋ ਜਾਣਾ। ਸੰਤ ਰਾਮ ਸਿੰਘ ਜੀ ਨਾਲ ਜੇ ਕਿਸੇ ਹੋਰ ਵਿਦਵਾਨ ਨੇ ਕੋਈ ਵਿਚਾਰ ਕਰਨੀ ਤਾਂ ਕਈ ਵਾਰ ਆਪ ਨੇ ਹੀ ਆਪਣੇ ਲਈ ਵਿਦਿਆ ਗੁਰੂ ਤੋਂ ਹੁਕਮ ਲੈ ਕੇ ਥੋੜੇ ਸਮੇਂ ਵਿੱਚ ਹੀ ਉਸ ਵਿਦਵਾਨ ਨੂੰ ਉੱਤਰ ਦੇ ਕੇ ਪ੍ਰਸੰਨ ਕਰ ਦੇਣਾ। ਇਨ੍ਹਾਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਸੰਤ ਰਾਮ ਸਿੰਘ ਜੀ ਇਨ੍ਹਾਂ ਦਾ ਬਹੁਤ ਹੀ ਸਤਿਕਾਰ ਕਰਦੇ ਸਨ। ਜਦੋਂ ਬਾਬਾ ਜੀ ਨੂੰ ਸੰਤ ਰਾਮ ਸਿੰਘ ਜੀ ਵਲੋਂ ਸ੍ਰੀ ਜਪੁ ਜੀ ਸਾਹਿਬ ਦੇ ਪਾਠ ਦਾ ਹੁਕਮ ਹੋਇਆ ਤਾਂ ਉੱਤਰ ਵਿੱਚ ਪੁੱਛਿਆ " ਕਿਤਨਾ ਸਮਾਂ ਅਭਿਆਸ" ਭਾਵ ਕਿ ਕਿੰਨੇ ਪਾਠ ਰੋਜ ਕਰਨੇ ਚਾਹੀਦੇ ਹਨ। ਉਨ੍ਹਾਂ ਜਵਾਬ ਦਿੱਤਾ ਕਿ ਬੇ-ਗਿਣਤ ਬੇ-ਅੰਤ ਨੂੰ ਮਿਲਣ ਲਈ ਆਪ ਨੂੰ ਵੀ ਬੇ-ਅੰਤ ਹੀ ਹੋਣਾ ਪਵੇਗਾ। ਇਸ ਲਈ ਆਪ ਨੂੰ ਹੀ ਸਮਝਣਾ ਪਵੇਗਾ। ਕਿ ਕਿਤਨੀ ਕੁ ਲੋੜ ਹੈ। ਅੰਦਾਜ਼ਾ ਲਗਾ ਲਵੋ। "ਸਤਿ ਬਚਨ" ਕਹਿ ਕੇ

ਸਿਰ ਨਿਵਾ ਦਿਤਾ ਅਤੇ ਨਿੱਤ ਨੇਮ ਆਰੰਭ ਕਰ ਦਿੱਤਾ। ਅੱਧੀ ਰਾਤ ਦੇ ਨਾਲ ਹੀ ਉਠ ਬੈਠਣਾ ਕਿਤੇ ਥੋਹੜਾ ਬਾਹਲਾ ਜਿਹੋ ਜਿਹਾ ਪਾਣੀ ਮਿਲ ਗਿਆ ਇਸ਼ਨਾਨ ਕਰਕੇ ਚੌਂਕੜਾ ਮਾਰ ਕੇ ਬੈਠ ਜਾਣਾ। ਕੁਝ ਸਮੇਂ ਵਿੱਚ ਹੀ ਇੱਕ ਸੌ ਇੱਕ ਪਾਠ ਕਰਨ ਤੱਕ ਪਹੁੰਚ ਗਏ। ਇੱਕ ਦਿਨ ਸੰਤ ਰਾਮ ਸਿੰਘ ਜੀ ਨੇ ਪੁੱਛਿਆ 'ਕਿੰਨੇ ਪਾਠ ਕਰਦੇ ਹੋ' ਤਾਂ ਆਪ ਜੀ ਨੇ ਦੱਸਿਆ 'ਇੱਕ ਸੌ ਇੱਕ।' ਸੰਤ ਹੱਸਕੇ ਕਹਿਣ ਲਗੇ "ਅਜੇ ਗਿਣਤੀ ਤੋਂ ਬਾਹਰ ਨਹੀਂ ਹੋਏ" ਪਹਿਲਾਂ ਕਿਸੇ ਹਿਸਾਬ ਨਾਲ ਗਿਣਤੀ ਕਰਦੇ ਸਨ। ਉਹ ਛੱਡ ਦਿੱਤੀ ਅਤੇ ਸਿਰਫ ਪਾਠ ਕਰਨ ਤੱਕ ਹੀ ਆਪਣਾ ਨਿਸ਼ਚਾ ਕਰ ਲਿਆ। ਫਿਰ ਦਿਨ ਰਾਤ, ਅੱਠੇ ਪਹਿਰ ਪਾਠ ਜਾਰੀ ਹੀ ਰਹਿਣਾ। ਰਸਨਾ ਤੋਂ ਉੱਪਰ ਉੱਠ ਕੇ ਭਾਵ ਸੁਰਤੀ ਨਾਲ ਇਤਨੀ ਤੇਜ਼ੀ ਨਾਲ ਸਿਮਰਨ ਹੋਣਾ ਕਿ ਜਬਾਨ ਨਾਲੋਂ ਕਿਨੇ ਗੁਣਾ ਵੱਧ। ਰਾਤ ਨੂੰ ਥੋੜਾ ਸਮਾਂ ਖੜੇ-ਖੜੇ ਕਿਤੇ ਨੀਂਦ ਆ ਗਈ ਤਾਂ ਠੀਕ। ਜੇ ਚੌਂਕੜਾ ਮਾਰਕੇ ਬੈਠ ਗਏ ਤਾਂ ਸਾਰਾ ਸਮਾਂ ਬੈਠਿਆਂ ਹੀ ਲੰਘ ਜਾਣਾ। ਜੇ ਖਲੋ ਗਏ ਤਾਂ ਖਲੋਤੇ ਹੀ ਰਹਿਣਾ। ਜੇ ਖਲੋ ਗਏ ਤਾਂ ਰਾਮ ਸਿੰਘ ਜੀ ਨੇ ਅਸਚਰਜ ਹੋ ਜਾਣਾ ਅਤੇ ਕਹਿਣਾ ਕਿ ਤੁਸੀਂ ਕਦੇ ਅਰਾਮ ਵੀ ਕਰ ਲਿਆ ਕਰੋ। ਕਿਉਂਕਿ ਆਪ ਜੀ ਵਿੱਚ ਸਭ ਤਰ੍ਹਾਂ ਦੀਆਂ ਵਿਸ਼ੇਸ਼ਤਾਈਆਂ ਦੇਖ ਕੇ ਆਪ ਜੀ ਦਾ ਬੜਾ ਸਤਿਕਾਰ ਕਰਦੇ ਸਨ। ਆਪ ਜੀ ਨੇ ਹੱਸ ਕੇ ਨਿਮ੍ਰਤਾ ਨਾਲ ਉੱਤਰ ਦੇਣਾ, ਜੀ ਮੈਨੂੰ ਤਾਂ ਕਦੇ ਥਕੇਵਾ ਹੁੰਦਾ ਹੀ ਨਹੀਂ।

ਇਨ੍ਹਾਂ ਦਿਨਾਂ ਵਿੱਚ ਇੱਕ ਦਿਨ ਅੱਧੀ ਰਾਤ ਦਾ ਸਮਾਂ ਸੀ ਕਿ ਸੰਤ ਰਾਮ ਸਿੰਘ ਜੀ ਆਪਣੇ ਆਸਣ ਤੋਂ ਉਠ ਕੇ ਕੁਝ ਦੂਰ ਗਏ ਜਿਥੇ ਕਿ ਬਾਬਾ ਜੀ ਚੌਂਕੜਾ ਮਾਰ ਕੇ ਆਪਣੇ ਸਿਮਰਨ ਵਿੱਚ ਮਸਤ ਸਨ। ਉਸ ਵੇਲੇ ਬਾਬਾ ਜੀ ਦੀ ਤਾਂ ਸਮਾਧੀ ਲੱਗੀ ਹੋਈ ਸੀ। ਸੰਤ ਰਾਮ ਸਿੰਘ ਜੀ ਨੂੰ ਬਾਬਾ ਜੀ ਦੇ ਚਿਹਰੇ ਤੇ ਇੱਕ ਐਸਾ ਨੂਰ ਦਿਸਿਆ ਕਿ ਰਾਤ ਦੇ ਹਨੇਰੇ ਵਿੱਚ ਬਾਬਾ ਜੀ ਦਾ ਚਿਹਰਾ ਦਿਨ ਵਾਗੂੰ ਹੀ ਦਿਖਾਈ ਦੇ ਰਿਹਾ ਸੀ। ਇਸ ਅਸਚਰਜ ਕੌਤਕ ਨੂੰ ਦੇਖ ਕੇ ਸੰਤ ਜੀ ਅਤਿਅੰਤ ਪ੍ਰਸ਼ੰਨ ਹੋਏ। ਉਸ ਵਕਤ ਤਾਂ ਕੁਝ ਨਾਂ ਬੋਲੇ। ਜਦੋਂ ਦਿਨ ਚੜ੍ਹਨ ਤੋਂ ਬਾਅਦ ਬਾਬਾ ਜੀ ਉਠ ਕੇ ਇਨ੍ਹਾਂ ਪਾਸ ਆਏ ਤਾਂ ਇਨ੍ਹਾਂ ਨੇ ਇੱਕ ਕੱਪੜਾ ਵਿਛਾ ਕੇ ਉਪਰ ਬੈਠਣ ਲਈ ਕਿਹਾ। ਬਾਬਾ ਜੀ ਨੇ ਨਿਮਰਤਾ ਨਾਲ ਉਤਰ ਦਿੱਤਾ ਜੀ ਤੁਹਾਡੇ ਬਰਾਬਰ ਇਓਂ ਨਹੀਂ ਤਾਂ ਅਗੋਂ ਉਨ੍ਹਾਂ ਨੇ

ਕਿਹਾ, 'ਨਹੀਂ ਤੁਹਾਨੂੰ ਬੈਠਣਾ ਹੀ ਪਵੇਗਾ। ਸਾਡਾ ਹੁਕਮ ਮੰਨ ਕੇ ਬੈਠ ਜਾਓ। ਫਿਰ ਬਾਬਾ ਜੀ ਨੂੰ ਪੁਛਿਆਂ ਕਿ ਤੁਹਾਡਾ ਮਾਤਾ ਪਿਤਾ ਨੇ ਕੀ ਨਾਮ ਰਖਿਆ ਹੈ। ਆਪ ਜੀ ਦਸਦੇ ਸਨ ਕਿ ਅਸੀਂ ਅੱਗੇ ਵੀ ਦਸਿਆ ਸੀ। ਪਰ ਫਿਰ ਆਪਣਾ ਨਾਂ ਨਿਹਾਲ ਸਿੰਘ ਦੱਸ ਦਿੱਤਾ ਸੰਤ ਜੀ ਸੁਣ ਕੇ ਕਹਿਣ ਲੱਗੇ 'ਤੁਹਾਡਾ ਨਾਮ ਅਸੀਂ ਅੱਜ ਤੋਂ ਹਰਿਨਾਮ ਸਿੰਘ ਰਖਿਆ ਹੈ। ਦੂਸਰੀ ਸਾਡੀ ਬੇਨਤੀ ਇਹ ਹੈ ਕਿ ਤੁਹਾਡੀ ਕਮਾਈ ਬਹੁਤ ਪ੍ਰਬਲ ਹੈ।'

'ਇਸ ਕਰਕੇ ਤੁਸੀਂ ਸੁਤੰਤਰ ਹੋ ਕੇ ਆਪਣੀ ਮਰਜ਼ੀ ਨਾਲ ਵਿਚਰੋ।" ਆਪ ਜੀ ਨੇ ਬੇਨਤੀ ਕੀਤੀ "ਮੈਂ ਹੁਣ ਕਿਥੇ ਜਾਵਾਂ ?" ਸੰਤ ਜੀ ਨੇ ਕਿਹਾ "ਸਾਡੇ ਗੁਰੂ ਸੰਤ ਬਾਬਾ ਮੱਲ ਸਿੰਘ ਜੀ ਨਿਝਰਾ ਦੀ ਪੰਡੋਰੀ ਰਹਿੰਦੇ ਹਨ। ਜੇ ਤੁਹਾਡਾ ਮੰਨ ਮੰਨੇ ਤਾਂ ਉਥੇ ਚਲੇ ਜਾਓ।" ਆਪਨੇ ਕਿਹਾ "ਉਹ ਤਾਂ ਮੈਨੂੰ ਜਾਣਦੇ ਨਹੀਂ।" ਤਾਂ ਸੰਤ ਜੀ ਨੇ ਕਿਹਾ "ਅਸੀਂ ਚਿੱਠੀ ਲਿਖ ਦਿੰਦੇ ਹਾਂ।" ਇਉਂ ਕਹਿਕੇ ਉਨ੍ਹਾਂ ਨੇ ਇੱਕ ਪਰਚੀ ਲਿਖ ਦਿੱਤੀ ਤੇ ਬਾਬਾ ਜੀ ਨੂੰ ਨਿਝਰਾਂ ਦੀ ਪੰਡੋਰੀ ਸੰਤ ਮੱਲ ਸਿੰਘ ਜੀ ਕੋਲ ਭੇਜ ਦਿੱਤਾ।

## ਨਿਝਰਾਂ ਦੀ ਪੰਡੋਰੀ

ਸੰਤ ਮੱਲ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕਰਦੇ ਸਨ ਸੰਤ ਮਸਤਾਨ ਸਿੰਘ ਜੀ ਦਾ ਉਪਦੇਸ਼ ਲੈ ਕੇ ਨੌਕਰੀ ਛੱਡਕੇ ਘਰ ਆ ਗਏ। ਘਰੋਂ ਫਿਰ ਆਪਣੇ ਗੁਰੂ ਪਾਸ ਪੰਡੋਰੀ ਨਿੱਝਰਾ ਰਹੇ। ਫਿਰ ਕੁਝ ਸਮਾਂ ਸੂਸ ਪਿੰਡ ਰਹੇ। ਇਥੋਂ ਚੱਲਕੇ ਬਿਆਸ ਕਿਨਾਰੇ ਖਿਲਵੀ ਨਗਰ ਆ ਕੇ ਰਹੇ। ਫਿਰ ਪੰਡੋਰੀ ਨਿੱਝਰਾ ਆ ਕੇ ਟਿਕ ਗਏ। ਆਪ ਬੜੇ ਬੀਤਰਾਗ ਮਹਾਤਮਾਂ ਸਨ ਅਤੇ ਵਿਦਵਾਨ ਵੀ ਪੂਰਨ ਸਨ। ਪੰਡੋਰੀ ਰਹਿਕੇ ਛੱਬੀ ਸਾਲ ਸਮਾਂ ਪੂਰਾ ਕਰਕੇ ਸੰਮਤ ੧੪੧੧ ਬਿਕ੍ਰਮੀ ਨੂੰ ਸੱਚਖੰਡ ਗਮਨ ਕਰ ਗਏ। (ਇਤਿਹਾਸ ਨਿਰਮਲ ਭੇਖ ਵਿੱਚੋਂ ੩੪੦) ਧੰਨਵਾਦ ਸਹਿਤ

ਸੰਤ ਮੱਲ ਸਿੰਘ ਜੀ ਨਿੱਝਰਾਂ ਦੀ ਪੰਡੋਰੀ ਤੋਂ ਚੜ੍ਹਦੇ ਵਾਲੇ ਪਾਸੇ ਥੋੜੀ ਹੀ ਦੂਰ ਇੱਕ ਡੇਰੇ ਵਿੱਚ ਰਹਿੰਦੇ ਸਨ। ਇਨ੍ਹਾਂ ਕੋਲ ਸਿਖਿਆਰਥੀ ਵਿਦਿਆ ਪੜ੍ਹਨ ਲਈ ਆਉਂਦੇ ਰਹਿੰਦੇ ਸਨ। ਇਥੇ ਵਿਦਿਆ ਦਾ ਲੰਗਰ ਤੇ ਅੰਨ ਦਾ ਲੰਗਰ ਦੋਨੋ ਹੀ ਚਲਦੇ ਸਨ। ਸੋ ਬਾਬਾ ਜੀ ਇਨ੍ਹਾਂ ਪਾਸ ਗੁਰੂਆਂ ਦੀ ਚਿੱਠੀ

ਲੈ ਕੇ ਪਹੁੰਚ ਗਏ, ਪਹੁੰਚਣ ਤੋਂ ਬਾਅਦ ਸੰਤਾਂ ਨੇ ਚਿੱਠੀ ਪੜ੍ਹ ਕੇ ਇੱਕ ਵਖਰਾ ਕਮਰਾ ਦੇ ਦਿੱਤਾ। ਆਪ ਉਥੇ ਰਹਿਣ ਲੱਗ ਪਏ। ਉਨ੍ਹਾਂ ਸੰਤਾਂ ਕੋਲ ਹੋਰ ਵੀ ਵਿਦਿਆਰਥੀ ਰਹਿੰਦੇ ਸਨ। ਪਰੰਤੂ ਉਨ੍ਹਾਂ ਨੇ ਆਪਸ ਵਿੱਚ ਹੱਸਣਾ ਖੇਡਣਾ ਪਰ ਬਾਬਾ ਜੀ ਅਨੰਦ ਮਗਨ ਹੀ ਰਹਿੰਦੇ ਸਨ। ਨਾ ਕਿਸੇ ਕੋਲ ਜਾਣਾ ਅਤੇ ਜੇ ਕਿਸੇ ਨੇ ਇਨ੍ਹਾਂ ਕੋਲ ਆ ਜਾਣਾ ਤਾਂ ਵੀ ਕੋਈ ਗੱਲ ਨਾ ਕਰਨੀ। ਜੇ ਸੇਵਾਦਾਰ ਨੇ ਬਲਾਉਣ ਦੀ ਕੋਸ਼ਿਸ਼ ਵੀ ਕਰਨੀ ਤਾਂ ਅੱਗੋ ਕੋਈ ਜਵਾਬ ਹੀ ਨਾ ਦੇਣਾ। ਇਸ ਤਰ੍ਹਾਂ ਕੁਝ ਸਮਾਂ ਬੀਤਿਆ।

ਇੱਕ ਦਿਨ ਸੰਤ ਮੱਲ ਸਿੰਘ ਜੀ ਨੇ ਸਾਰੇ ਵਿਦਿਆਰਥੀਆਂ ਨੂੰ ਇੱਕਠੇ ਕਰਕੇ ਪੁਛਿਆ "ਜਿਹੜਾ ਸੰਤ ਸਾਡੇ ਕੋਲ ਸੰਤ ਰਾਮ ਸਿੰਘ ਜੀ ਦੀ ਚਿੱਠੀ ਲੈ ਕੇ ਆਇਆ ਹੈ ਉਹ ਕੀ ਕਰਦਾ ਹੈ।" ਉਨ੍ਹਾਂ ਨੇ ਕਿਹਾ ਜੀ ਉਹ ਤਾਂ ਆਪਣੇ ਕਮਰੇ ਵਿੱਚ ਹੀ ਰਹਿੰਦਾ ਹੈ। ਜਾਂ ਕਦੇ ਬਾਹਰ ਨੂੰ ਚਲਾ ਜਾਂਦਾ ਹੈ। ਬੋਲਦਾ ਚਾਲਦਾ ਕਿਸੇ ਨਾਲ ਵੀ ਨਹੀਂ। ਕਦੇ ਸ਼ਾਮ ਨੂੰ ਲੰਗਰ ਵਿੱਚੋਂ ਰੋਟੀ ਛੱਕ ਲੈਂਦਾ ਹੈ। ਅੱਠਾਂ ਪਹਿਰਾਂ ਵਿੱਚ ਇਕ ਵਾਰੀ ਛੱਕਦਾ ਹੈ।" ਫਿਰ ਲਾਂਗਰੀ ਸਿੰਘ ਨੂੰ ਬੁਲਾ ਕੇ ਪੁਛਿਆ ਉਸ ਨੇ ਦਸਿਆ "ਅੱਠਾ ਪਹਿਰਾਂ ਬਾਅਦ ਵੱਧ ਤੋਂ ਵੱਧ ਇੱਕ ਪ੍ਰਸ਼ਾਦਾ ਹੀ ਛੱਕਦਾ ਹੈ। ਇਸ ਤੋਂ ਬਿਨਾਂ ਕਦੇ ਕੁਝ ਨਹੀਂ ਮੰਗਿਆ।" ਇਹ ਸੁਣਕੇ ਸੰਤ ਮੱਲ ਸਿੰਘ ਜੀ ਚੁੱਪ ਕਰ ਗਏ। ਕੁਝ ਦਿਨਾਂ ਤੋਂ ਬਾਅਦ ਇੱਕ ਦਿਨ ਸੰਤ ਮੱਲ ਸਿੰਘ ਜੀ ਡੇਰੇ ਵਿੱਚ ਫਿਰਦੇ-ਫਿਰਦੇ ਬਾਬਾ ਜੀ ਦੇ ਕਮਰੇ ਦੇ ਅੱਗੇ ਆ ਗਏ ਤੇ ਬਾਬਾ ਜੀ ਅੰਦਰ ਬੈਠੇ ਸਨ। ਬਾਬਾ ਜੀ ਸੰਤਾਂ ਨੂੰ ਦੇਖ ਕੇ ਸਤਿਕਾਰ ਨਾਲ ਉਠ ਖਲੋਤੇ ਤੇ ਉਨ੍ਹਾਂ ਨੇ ਵੀ ਇਨ੍ਹਾਂ ਦੀ ਰਹਿਣੀ ਬਹਿਣੀ ਦੇਖ ਕੇ ਚੰਗਾ ਸਤਿਕਾਰ ਕੀਤਾ ਤੇ ਕਿਹਾ "ਜੇ ਕਿਸੇ ਚੀਜ ਦੀ ਲੋੜ ਹੋਵੇ ਤਾਂ ਮੰਗ ਲਿਆ ਕਰੋ।" ਇਤਨਾ ਬਚਨ ਕਰਕੇ ਸੰਤ ਵਾਪਸ ਮੁੜ ਆਏ। ਉਸ ਤੋਂ ਬਾਅਦ ਐਸਾ ਸਮਾਂ ਆਇਆ ਬਾਬਾ ਜੀ ਨੇ ਆਪਣੇ ਕਮਰੇ ਅੰਦਰ ਵੜ ਕੇ ਬੂਹਾਂ ਅੰਦਰੋਂ ਬੰਦ ਕਰ ਲਿਆ ਅਤੇ ਚਾਰ ਦਿਨ ਅੰਦਰ ਹੀ ਰਹੇ। ਚੌਥੇ ਦਿਨ ਸੇਵਾਦਾਰਾਂ ਨੇ ਸੰਤਾ ਕੋਲ ਜਿਕਰ ਕੀਤਾ "ਜੋ ਨਵਾਂ ਸੰਤ ਆਇਆ ਹੈ ਉਹ ਚਾਰ ਦਿਨਾਂ ਤੋਂ ਅੰਦਰ ਹੀ ਬੈਠਾ ਹੈ।" ਉਨ੍ਹਾਂ ਨੇ ਕਿਹਾ "ਜਾਉ ਪਤਾ ਕਰੋ।" ਜਦੋਂ ਸੇਵਾਦਾਰਾ ਨੇ ਆ ਕੇ ਵੇਖਿਆ ਦਰਵਾਜਾ ਅੰਦਰੋਂ ਬੰਦ ਸੀ। ਸੇਵਾਦਾਰਾਂ ਨੇ ਸੰਤਾਂ ਨੂੰ ਜਾ ਕੇ ਦੱਸਿਆ "ਬੂਹਾ ਅੰਦਰੋਂ

ਬੰਦ ਕਰੀ ਬੈਠਾ ਹੈ। ਅਸੀਂ ਅਵਾਜਾਂ ਵੀ ਮਾਰੀਆਂ ਤੇ ਖੜਕਾ ਵੀ ਕੀਤਾ ਹੈ ਪਰ ਬੋਲਦਾ ਨਹੀਂ।" ਸੰਤ ਮੱਲ ਸਿੰਘ ਜੀ ਉਠ ਕੇ ਆਏ ਤੇ ਬੂਹਾ ਖੜਕਾਇਆ। ਪਰ ਬਾਬਾ ਜੀ ਨੇ ਕੋਈ ਅਵਾਜ ਨਾ ਦਿੱਤੀ। ਫਿਰ ਉਨ੍ਹਾਂ ਨੇ ਸੇਵਾਦਾਰਾਂ ਤੋਂ ਤਖਤੇ ਦੀ ਚੂਲ ਪੁੱਟ ਕੇ ਵੇਖਿਆ ਕਿ ਬਾਬਾ ਜੀ ਅੰਦਰ ਚੌਂਕੜਾ ਮਾਰ ਕੇ ਸਮਾਧੀ ਵਿੱਚ ਬੈਠੇ ਸਨ। ਉਹ ਵੇਖ ਕੇ ਵਾਪਿਸ ਚਲੇ ਗਏ ਤੇ ਬੁਲਾਇਆ ਨਹੀਂ। ਤਖਤੇ ਨੂੰ ਉਸੇ ਤਰ੍ਹਾਂ ਗੇਟ ਲਾ ਦਿੱਤਾ ਤੇ ਸੇਵਾਦਾਰਾਂ ਨੂੰ ਕਿਹਾ "ਕਿਸੇ ਨੇ ਦਰਵਾਜੇ ਦੇ ਨੇੜੇ ਨਹੀਂ ਜਾਣਾ। ਜਦੋਂ ਇਹ ਆਪਣੇ ਆਪ ਬਾਹਰ ਆਵਣ ਤਾਂ ਸਾਨੂੰ ਦਸ ਦੇਣਾ।" ਉਸ ਦਿਨ ਸ਼ਾਮ ਨੂੰ ਬਾਬਾ ਜੀ ਨੇ ਸਮਾਧੀ ਖੋਲ੍ਹੀ ਤੇ ਬਾਹਰ ਆਏ। ਸੇਵਕਾਂ ਨੇ ਸੰਤਾਂ ਨੂੰ ਖਬਰ ਕਰ ਦਿੱਤੀ ਤਾਂ ਸੰਤ ਸਤਿਕਾਰ ਨਾਲ ਆ ਕੇ ਮਿਲੇ। ਪਹਿਲਾਂ ਉਨ੍ਹਾਂ ਨੇ ਜਲ ਪਾਣੀ ਪੁਛਿਆ ਤਾਂ ਬਾਬਾ ਜੀ ਨੇ ਦੁੱਧ ਮੰਗਿਆ। ਦੁੱਧ ਛੱਕ ਕੇ ਫਿਰ ਬਾਹਰ ਨੂੰ ਚਲੇ ਗਏ। ਜਦੋਂ ਬਾਹਰੋਂ ਮੁੜੇ ਤਾਂ ਕਮਰੇ ਵਿੱਚ ਹੀ ਆ ਕੇ ਬਿਰਾਜ ਗਏ। ਕੁਝ ਦਿਨਾਂ ਤੋਂ ਬਾਅਦ ਸੰਤ ਮੱਲ ਸਿੰਘ ਜੀ ਨੇ ਬਾਬਾ ਜੀ ਨੂੰ ਆਪਣੇ ਕੋਲ ਬੁਲਾ ਕੇ ਗੱਲ ਬਾਤ ਚਲਾਈ। ਕਿਉਂਕਿ ਸੰਤ ਮੱਲ ਸਿੰਘ ਜੀ ਤਕੜੇ ਵਿਦਵਾਨ ਕਮਾਈ ਵਾਲੇ ਸਨ। ਕੁਝ ਪ੍ਰਮਾਰਥ ਬਾਰੇ ਬਾਬਾ ਜੀ ਨਾਲ ਪ੍ਰਸ਼ਨ ਕੀਤੇ। ਬਾਬਾ ਜੀ ਨੇ ਯਥਾਜੋਗ ਉਨ੍ਹਾਂ ਦੇ ਉੱਤਰ ਦਿਤੇ। ਸੰਤ ਉੱਤਰ ਸੁਣ ਕੇ ਬੜੇ ਪ੍ਰਸੰਨ ਹੋਏ। ਫਿਰ ਸੰਤਾਂ ਨੇ ਨਿਤਨੇਮ ਬਾਰੇ ਪੁਛਿਆ ਤੇ ਆਪ ਨੇ ਜਪੁਜੀ ਸਾਹਿਬ ਦੇ ਪਾਠਾਂ ਦਾ ਅਤੇ ਮੂਲ ਮੰਤਰ ਦੇ ਸਿਮਰਨ ਦਾ ਨਿਤਨੇਮ ਦੱਸਿਆ। ਉੱਤਰ ਸੁਣ ਕੇ ਸੰਤ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਤੁਸੀਂ ਧੰਨ ਹੋ। ਇਸ ਤਰ੍ਹਾਂ ਕਹਿਕੇ ਹੱਥ ਜੋੜ ਕੇ ਆਪਣੇ ਵਲੋਂ ਸਤਿਕਾਰ ਕੀਤਾ। ਬਾਬਾ ਜੀ ਨੇ ਹੱਥ ਜੋੜਕੇ ਬੇਨਤੀ ਕੀਤੀ "ਜੀ ਤੁਸੀਂ ਸਾਡੇ ਦਾਦਾ ਗੁਰੂ ਹੋ" ਤਾਂ ਸੰਤਾਂ ਨੇ ਕਿਹਾ "ਉਮਰ ਕਰਕੇ ਜਾਂ ਜਨਮ ਕਰਕੇ ਕੋਈ ਵੱਡਾ ਨਹੀਂ ਬਣਦਾ ਕਮਾਈ ਹੀ ਵੱਡੀ ਹੈ। ਜੋ ਕਮਾਈ ਕਰੇਗਾ ਉਹ ਸਤਿਕਾਰ ਯੋਗ ਹੈ।" ਸੰਤਾਂ ਨੇ ਪੁਛਿਆ "ਕੋਈ ਫੁਰਨਾ ਤਾਂ ਨਹੀਂ ਬਣਿਆ ?" ਬਾਬਾ ਜੀ ਨੇ ਜਵਾਬ ਦਿੱਤਾ "ਕਈ ਵਾਰੀ ਸੰਤ ਰਾਮ ਸਿੰਘ ਜੀ ਕੋਲ ਰਹਿੰਦਿਆਂ ਤੋਂ ਭਗਤਾਂ ਦੀ ਬਾਣੀ ਪੜ੍ਹਦਿਆਂ ਹੋਇਆ ਅਸੀਂ ਇਹ ਪੰਗਤੀਆਂ ਸੁਣੀਆ ਸਨ।

**ਓਇ ਪਰਮ ਪੁਰਖ ਦੇਵਾਧਿ ਦੇਵ।** **ਬਸੰਤ ੧੧੯੪**
**ਭਗਤਿ ਹੇਤਿ ਨਰਸਿੰਘ ਭੇਵ॥** **(ਭਗਤਬਾਣੀ)**

ਫਿਰ ਅਸੀਂ ਸੰਤ ਰਾਮ ਸਿੰਘ ਜੀ ਕੋਲ ਬੇਨਤੀ ਕੀਤੀ ਸੀ ਕਿ "ਨਰ ਸਿੰਘ ਜੀ ਦੇ ਵੀ ਦਰਸ਼ਨ ਹੋ ਸਕਦੇ ਹਨ।" ਉਨ੍ਹਾਂ ਨੇ ਕਿਹਾ "ਕਮਾਈ ਕਰਨ ਵਾਲਿਆਂ ਨੂੰ ਸਭ ਕੁਝ ਹੋ ਸਕਦਾ ਹੈ।" ਫਿਰ ਅਸੀਂ ਉਨ੍ਹਾਂ ਨੂੰ ਪੁਛਿਆ "ਕਿ ਕਿਸ ਤਰ੍ਹਾਂ" ਤਾਂ ਉਨ੍ਹਾਂ ਨੇ ਉੱਤਰ ਦਿਤਾ ਸੀ "ਨਰ ਸਿੰਘ ਦਾ ਅਵਤਾਰ ਭਗਤ ਪ੍ਰਹਿਲਾਦ ਦੀ ਰਖਿਆ ਕਰਨ ਵਾਸਤੇ ਹੋਇਆ ਸੀ। ਉਸ ਤੋਂ ਬਾਅਦ ਨਰ ਸਿੰਘ ਦੀ ਕਿਸੇ ਨੇ ਉਪਾਸਨਾ ਨਹੀਂ ਕੀਤੀ ਨਾ ਇਹ ਪ੍ਰਤੱਖ ਹੋਏ ਹਨ। ਉਸ ਤੋਂ ਬਾਅਦ ਸਾਨੂੰ ਕੋਈ ਫੁਰਨਾ ਨਹੀਂ ਹੋਇਆ।" ਤਾਂ ਸੰਤ ਮੱਲ ਸਿੰਘ ਜੀ ਨੇ ਕਿਹਾ "ਹਾਂ ਠੀਕ ਹੈ।"

ਪਰ ਨਰ ਸਿੰਘ ਦੀ ਪ੍ਰੀਖਿਆ ਬੜੀ ਕਰੜੀ ਹੈ। ਉਨ੍ਹਾਂ ਦਾ ਦਰਸ਼ਨ ਬੜਾ ਤੇਜ ਵਾਲਾ ਹੈ। ਪਰ ਤੁਸੀਂ ਜਿਸ ਤਰ੍ਹਾਂ ਕਠਿਨ ਕਮਾਈ ਕਰ ਰਹੇ ਹੋ। ਇਸ ਅੱਗੇ ਕੋਈ ਵੱਡੀ ਗੱਲ ਨਹੀਂ ਹੈ। ਜੇ ਕਰਨਾ ਚਾਹੋਗੇ ਤਾਂ ਹੋ ਜਾਣਗੇ। ਇਸ ਤਰ੍ਹਾਂ ਬਚਨ ਕਰਕੇ ਸੰਤ ਮੱਲ ਸਿੰਘ ਜੀ ਨੇ ਸ੍ਰੀ ਨਰ ਸਿੰਘ ਕਵਚ ਨਾਮ ਦਾ ਇਕ ਸ਼ਬਦ ਦੱਸਿਆ। ਕਿਹਾ ਕਿ "ਇਸ ਦੇ ਪੰਜ ਪਾਠ ਰੋਜ਼ ਸ਼ਾਮ ਵੇਲੇ ਕਰ ਲਿਆ ਕਰੋ।" ਸੰਤਾਂ ਨੇ ਕਿਹਾ "ਆਪਣਾ ਨਿਸਾਨਾ ਤਾਂ ਗੁਰੂ ਨਾਨਕ ਨਿਰੰਕਾਰ ਹੀ ਹੈ।" ਇਸ ਤੋਂ ਬਾਅਦ ਬਾਬਾ ਜੀ ਉੱਠ ਕੇ ਆਪਣੇ ਕਮਰੇ ਵਿੱਚ ਚਲੇ ਗਏ। ਇਸ ਬਚਨ ਤੋਂ ਕੁਝ ਦਿਨਾਂ ਬਾਅਦ ਸੰਤ ਮੱਲ ਸਿੰਘ ਜੀ ਡੇਰੇ ਵਿੱਚ ਫਿਰਦੇ-ਫਿਰਦੇ ਬਾਬਾ ਜੀ ਦੇ ਕਮਰੇ ਵੱਲ ਚਲੇ ਗਏ। ਜਾਕੇ ਬੂਹੇ ਅੱਗੇ ਖਲੋ ਗਏ। ਬਾਬਾ ਜੀ ਸਮਾਧੀ ਵਿੱਚ ਬੈਠੇ ਰਹੇ। ਉਸ ਵਕਤ ਸੰਤਾਂ ਨੂੰ ਬਾਬਾ ਜੀ ਦੀ ਥਾਂ ਨਰ ਸਿੰਘ ਦਾ ਰੂਪ ਦਿੱਸਿਆ ਅਤੇ ਬੇਅੰਤ ਤੇਜ ਨਜ਼ਰ ਆਇਆ ਤਾਂ ਸੰਤਾਂ ਨੇ ਅਵਾਜ ਦੇ ਕੇ ਬਾਬਾ ਜੀ ਨੂੰ ਕਿਹਾ "ਮਹਾਂਪੁਰਖੋ ਸੰਭਲ ਜਾਓ।" ਤਿੰਨੇ ਵਾਰ ਇਹ ਅਵਾਜ਼ ਦਿੱਤੀ। ਆਵਾਜ਼ ਸੁਣ ਕੇ ਬਾਬਾ ਜੀ ਨੇ ਨੇਤਰ ਖੋਲ੍ਹੇ ਤਾਂ ਸੰਤਾਂ ਨੇ ਕਿਹਾ "ਤੁਸੀਂ ਤਾਂ ਆਪ ਨਰ ਸਿੰਘ ਬਣੇ ਬੈਠੇ ਹੋ। ਬਾਬਾ ਜੀ ਨੇ ਕਿਹਾ "ਜੀ ਸਾਨੂੰ ਤਾਂ ਕੋਈ ਪਤਾ ਨਹੀਂ।" ਸੰਤਾਂ ਨੇ ਕਿਹਾ "ਅਸੀਂ ਪ੍ਰਤੱਖ ਸਭ ਕੁਝ ਦੇਖਿਆ ਹੈ ਅਤੇ ਤੁਹਾਡੀ ਇਛਾ ਪੂਰੀ ਹੋ ਗਈ ਹੈ।" ਬਾਬਾ ਜੀ ਨੇ ਕਿਹਾ "ਜੀ ਸਾਨੂੰ ਤਾਂ ਦਰਸ਼ਨ ਨਹੀਂ ਹੋਏ।" ਤਾਂ ਸੰਤ ਮੱਲ ਸਿੰਘ ਜੀ ਨੇ ਕਿਹਾ "ਜਦੋਂ ਆਪ ਹੀ ਉਨ੍ਹਾਂ ਦਾ ਰੂਪ ਹੋ ਗਏ ਤਾਂ ਦਰਸ਼ਨ ਵਾਲੀ ਗੱਲ ਪਿਛੇ ਤਾਂ ਨਹੀਂ ਰਹਿ ਗਈ। ਚਲੋ ਕਿਤੇ ਦਰਸ਼ਨ ਵੀ ਹੋ

ਜਾਣਗੇ।" ਫਿਰ ਸੰਤ ਮੱਲ ਸਿੰਘ ਜੀ ਨੇ ਆਪ ਜੀ ਦਾ ਨਾਮ ਪੁਛਿਆ। ਆਪ ਜੀ ਨੇ ਦੱਸਿਆ ਜੀ ਸੰਤ ਰਾਮ ਸਿੰਘ ਜੀ ਨੇ ਮੇਰਾ ਨਾਮ ਹਰਿਨਾਮ ਸਿੰਘ ਰਖਿਆ ਹੈ। ਸੰਤ ਮੱਲ ਸਿੰਘ ਜੀ ਨੇ ਕਿਹਾ ਨਹੀਂ ਤੁਹਾਡਾ ਨਾਮ 'ਮਹਾਂ ਹਰਿਨਾਮ ਸਿੰਘ' ਹੈ। ਪਰ ਹੁਣ ਤੁਸੀਂ ਇਥੋਂ ਚਲੇ ਜਾਓ। ਆਪਣੀ ਇਛਾ ਅਨੁਸਾਰ ਵਿਚਰੋ। ਇਹ ਸਾਡੀ ਬੇਨਤੀ ਹੈ ਹੁਕਮ ਨਹੀਂ। ਕਿਤੇ ਸਾਡਾ ਸੇਵਾਦਾਰ ਤੁਹਾਡੀ ਬੇਅਦਬੀ ਕਰ ਦੇਵੇ ਫਿਰ ਮੁਸ਼ਕਲ ਬਣ ਜਾਏਗੀ। ਤਾਂ ਆਪ ਜੀ ਨੇ ਪੁਛਿਆ "ਮੈਂ ਕਿਥੇ ਜਾਵਾਂ?" ਤਾਂ ਸੰਤਾਂ ਨੇ ਕਿਹਾ ਕਿ ਸਾਰੀ ਧਰਤੀ ਤੁਹਾਡੀ ਹੀ ਹੈ। ਤੁਹਾਡੇ ਰਹਿਣ ਵਾਲੀ ਪਵਿੱਤਰ ਧਰਤੀ ਅੰਮ੍ਰਿਤਸਰ ਹੈ। ਉਥੇ ਪਹੁੰਚ ਜਾਓ। ਸੋ ਇਸ ਤਰ੍ਹਾਂ ਉਨ੍ਹਾਂ ਦਾ ਬਚਨ ਮੰਨ ਦੇ ਅੰਮ੍ਰਿਤਸਰ ਵੱਲ ਹੋ ਤੁਰੇ। ਸੁਣਿਆ ਹੈ ਇਥੇ ਸੰਤ ਕਾਹਨ ਸਿੰਘ ਜੀ ਸੰਤ ਮੱਲ ਸਿੰਘ ਜੀ ਦੇ ਚੇਲੇ ਸਨ। ਉਨ੍ਹਾਂ ਦੇ ਪਾਸ ਆ ਕਰਕੇ ਟਿਕ ਗਏ।

## ਸ੍ਰੀ ਅੰਮ੍ਰਿਤਸਰ ਨਿਵਾਸ ਦਰਸ਼ਨ ਹੋਣੇ ਤੇ ਘਰ ਪਹੁੰਚਣਾ

ਸ੍ਰੀ ਅੰਮ੍ਰਿਤਸਰ ਰਹਿੰਦਿਆ ਇਹ ਨਿਯਮ ਰੱਖਿਆ ਕਿ ਰਾਤ ਢਲਣ ਸਾਰ ਹੀ ਸਰੋਵਰ ਵਿਚ ਇਸ਼ਨਾਨ ਕਰਕੇ ਕਿਤੇ ਪ੍ਰਕਰਮਾ ਵਿੱਚ ਚੌਂਕੜਾ ਮਾਰ ਕੇ ਧਿਆਨ ਇਸਥਿਤ ਹੋ ਜਾਣਾ। ਜਿਸ ਵੇਲੇ ਸੰਗਤ ਦੀ ਆਵਾਜਾਈ ਸ਼ੁਰੂ ਹੋ ਜਾਣੀ ਉਸੇ ਵਕਤ ਉਥੋਂ ਉੱਠ ਕੇ ਕਦੇ ਬਾਬਾ ਅਟੱਲ ਵਾਲੀ ਜਗ੍ਹਾ ਕੋਲ ਆ ਬੈਠਣਾ। ਕਦੇ ਬਾਹਰ ਜੰਗਲ ਵੱਲ ਚਲੇ ਜਾਣਾ। ਸਾਰਾ ਦਿਨ ਬਾਹਰ ਰਹਿਣ ਤੋਂ ਬਾਅਦ ਸ਼ਾਮ ਨੂੰ ਸ਼ਹਿਰ ਵਿੱਚ ਆ ਕੇ ਬਾਬਾ ਅਟੱਲ ਸਾਹਿਬ ਜੀ ਕੋਲ ਇੱਕ ਹਲਵਾਈ ਤੋਂ ਦੁੱਧ ਲੈ ਲੈਣਾ। ਕਦੀ ਸੰਤ ਮਸਤਾਨ ਸਿੰਘ ਦੀ ਧਰਮਸ਼ਾਲਾ ਪਹੁੰਚ ਕੇ ਲੰਗਰ ਵਿਚ ਅੰਨ ਛੱਕ ਲੈਣਾ। ਫਿਰ ਪ੍ਰਕਰਮਾ ਵਿੱਚ ਆ ਕੇ ਰਾਤ ਨੂੰ ਠਹਿਰ ਜਾਣਾ। ਇਸ ਤਰ੍ਹਾਂ ਬਹੁਤ ਸਮਾਂ ਕਦੇ ਦੁੱਧ ਕਦੇ ਇੱਕ ਜਾਂ ਅੱਧਾ ਫੁਲਕਾ ਛੱਕਣਾ। ਅੱਠ ਪਹਿਰ ਬਾਅਦ ਹੀ ਇਹ ਭੋਜਨ ਕਰਨਾ। ਇਸ ਤਰ੍ਹਾ ਇਥੇ ਤਕਰੀਬਨ ਅੱਠ, ਨੌਂ, ਦੱਸ ਸਾਲ ਦਾ ਸਮਾਂ ਲਾਇਆ। ਇੰਨੇ ਸਮੇਂ ਵਿੱਚ ਹੀ ਸੱਤ ਲੱਖ ਪੱਚੀ ਹਜਾਰ ਪਾਠ "ਸ੍ਰੀ ਜਪੁਜੀ

ਸਾਹਿਬ" ਦੇ ਕੀਤੇ। ਇਹ ਉਨ੍ਹਾਂ ਦਾ ਆਪਣਾ ਦੱਸਿਆ ਹੋਇਆ ਬਚਨ ਹੈ। ਇਸ ਦੇ ਨਾਲ ਮੂਲ ਮੰਤ੍ਰ ਦਾ ਸਿਮਰਨ ਵੀ ਅਤੁੱਟ ਕਰਦੇ ਰਹੇ। ਇਨ੍ਹਾਂ ਦਿਨਾਂ ਵਿੱਚ ਹੀ ਇੱਕ ਦਿਨ ਬਾਹਰ ਇਕਾਂਤ ਵਿਚ ਬੈਠੇ ਸਨ। ਸੁੱਤੇ ਮਨ ਵਿੱਚ ਖਿਆਲ ਆਇਆ ਕਿ ਅਜੇ "ਨਰ ਸਿੰਘ ਜੀ" ਦਰਸ਼ਨ ਨਹੀਂ ਹੋਏ। ਖਿਆਲ ਆਉਣ ਦੀ ਦੇਰ ਹੀ ਸੀ ਉਸੇ ਵੇਲੇ ਆਵਾਜ ਆਈ "ਸਾਡੀ ਖੁਰਾਕ ਸਾਨੂੰ ਦੇ ਦਿਉ, ਦਰਸ਼ਨ ਕਰ ਲਵੋ।" ਹੈਰਾਨ ਹੋ ਕੇ ਇਧਰ ਉਧਰ ਦੇਖਿਆ ਕਿ ਆਵਾਜ਼ ਕਿਥੋਂ ਆਈ ਹੈ। ਦਿਖਾਈ ਕੁਝ ਨਾ ਦਿੱਤਾ ਪਰ ਆਵਾਜ ਫਿਰ ਉਸੇ ਤਰ੍ਹਾਂ ਹੀ ਆਈ। ਆਪ ਸਮਝ ਗਏ ਕਿਹਾ "ਖੁਰਾਕ ਹੈ ਕੀ, ਕੀ ਦੇਵਾਂ ?" ਜਵਾਬ ਆਇਆ ੧ ਤੋਲਾ ਸੰਖੀਆ ਖਾ ਲਓ ਇਹ ਸਾਡੀ ਖੁਰਾਕ ਹੈ। ਉੱਠ ਖਲੋਤੇ ਸ਼ਹਿਰ ਆ ਗਏ। ਦਿਨ ਚੜੇ ਤੋਂ ਉਸੇ ਹਲਵਾਈ ਨੂੰ ਦੱਸ ਕੇ ੧ ਤੋਲਾ ਸੰਖੀਆਂ ਮੰਗਵਾ ਲਿਆ ਤੇ ਰਗੜ ਕੇ ਪੁੜੀ ਬੰਨ੍ਹ ਲਈ ਅਤੇ ਉਥੋਂ ਚੱਲ ਪਏ। ਚੱਲਦੇ ਚੱਲਦੇ ਜਲੰਧਰ ਦੇ ਨੇੜੇ ਪਹੁੰਚ ਗਏ। ਉਥੋਂ ਕਿਸੇ ਘਰੋਂ ਦੁੱਧ ਮੰਗ ਲਿਆ। ਅੱਗੇ ਇੱਕ ਛੋਟੀ ਜਿਹੀ ਹਲਵਾਈ ਦੀ ਦੁਕਾਨ ਸੀ। ਉਸ ਤੋਂ ਬਰਫੀ ਲੈ ਕੇ ਇੱਕ ਟੁਕੜੀ ਵਿੱਚ ਸੰਖੀਆ ਰਗੜਿਆ ਹੋਇਆ ਪਾ ਕੇ ਵਲ੍ਹੇਟ ਕੇ ਛੱਕ ਗਏ। ਉਤੋਂ ਦੁੱਧ ਪੀ ਗਏ ਅਤੇ ਚੱਲ ਪਏ। ਕਿਸੇ ਪਿੰਡ ਤੋਂ ਥੋੜ੍ਹੀ ਦੂਰ ਇੱਕ ਛੱਪੜ ਸੀ। ਉਸਦੇ ਕਿਨਾਰੇ ਤੇ ਆ ਕੇ ਬੈਠ ਗਏ। ਜਦੋਂ ਅੱਧੀ ਰਾਤ ਹੋਈ ਤਾਂ ਇੱਕ ਉਲਟੀ ਆਈ। ਉਸ ਤੋਂ ਬਾਅਦ ਟੱਟੀ ਆਈ। ਇਸ ਤਰ੍ਹਾਂ ਨਾਲ ਤਾਪ ਵੀ ਬੜਾ ਹੋ ਗਿਆ। ਉਲਟੀਆਂ ਟੱਟੀਆਂ ਵੀ ਆਈਆਂ। ਪਰ ਰਾਤ ਢਲਣ ਸਾਰ ਇਸ਼ਨਾਨ (ਜਿਵੇਂ ਕਿ ਨਿਯਮ ਸੀ) ਕਰ ਲਿਆ। ਇੱਕ ਦਰਖਤ ਨਾਲ ਢੋਹ ਲਾ ਕੇ ਨਿੱਤਨੇਮ ਵਿੱਚ ਜੁਟ ਗਏ। ਪਰ ਤਾਪ ਉਲਟੀਆਂ ਚੱਲਦੀਆਂ ਰਹੀਆਂ। ਸਿਮਰਨ ਨਹੀਂ ਛੱਡਿਆ। ਕਿਵੇਂ ਛੱਡਣ ? ਗੁਰੂ ਵਾਕ ਹੈ।

**ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਡੈ ॥**
**ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈ ॥**

**(ਬਸੰਤ ਨਾਮਦੇਵ ੧੧੯੫-੯੬)**

**ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**
**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥**

**ਆਸਾ ਰਵਿਦਾਸ ਜੀ ੪੮੬**

ਇਹ ਪ੍ਰੀਤ ਹੈ। ਸਾਰੀਆਂ ਪ੍ਰੀਤਾ ਵਿਚੋਂ ਪ੍ਰੀਤ ਹੈ ਜਿਵੇਂ ਦੁਨੀਆਂਦਾਰ ਤਾਂ ਉਦੋਂ ਰੋਂਦਾ ਹੈ, ਜਦੋਂ ਉਸ ਦਾ ਧੰਨ ਚਲਾ ਜਾਏ। ਪਰ ਮਹਾਂਪੁਰਖ ਰੱਬ ਦੇ ਪਿਆਰੇ ਉਸ ਵੇਲੇ ਸੋਚਵਾਨ ਹੁੰਦੇ ਹਨ ਜਦੋਂ ਉਨ੍ਹਾਂ ਦੀ ਪ੍ਰੀਤ ਘਟਦੀ ਹੋਵੇ। ਰਵਿਦਾਸ ਜੀ ਦਾ ਕਥਨ ਹੈ।

**ਮੇਰੀ ਪ੍ਰੀਤਿ ਗੋਬਿੰਦ ਸਿਉਂ ਜਿਨਿ ਘਟੈ॥**
**ਮੈਂ ਤਉ ਮੋਲਿ ਮਹਗੀ ਲਈ ਜੀਅ-ਸਟੈ॥**

**ਧਨਾਸਰੀ ਰਵਿਦਾਸ ਜੀ ੬੯੪**

ਉਨ੍ਹਾਂ ਨੂੰ ਪਤਾ ਹੈ ਕਿ ਇਹ ਪ੍ਰੀਤ ਕਿਤਨੀ ਮਹਿੰਗੀ ਹੈ। ਕਿਵੇਂ ਬਣਦੀ ਹੈ। ਇਸ ਲਈ ਉਹ ਸਾਵਧਾਨ ਹੋ ਕੇ ਇਸ ਪ੍ਰੀਤ ਨੂੰ ਨਿਭਾਉਂਦੇ ਹਨ।

**ਟੁੱਟਣ ਨਹੀਂ ਦਿੰਦੇ**

**ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ॥ ਬੀਚ ਨ ਰਾਈ ਹੋਤ॥**

**ਚਉਬੋਲੇ ਮ:੫** (੧੩੬੩)

ਰਾਈ ਦਾ ਦਾਣਾ ਸਭ ਤੋਂ ਛੋਟਾ ਦਾਣਾ ਹੈ। ਇਸ ਲਈ ਆਖਿਆ ਹੈ। ਮੇਰੀ ਪ੍ਰੀਤ ਵਿੱਚ ਰਾਈ ਜਿਤਨਾ ਫਰਕ ਨਾ ਪਵੇ ਘਟੇ ਨਾ, ਵਧ ਭਾਵੇਂ ਕਿੰਨੀ ਜਾਏ। ਜਿਵੇਂ ਦੁਨੀਆਦਾਰ ਚਾਹੁੰਦਾ ਹੈ। ਮੇਰੀ ਆਮਦਨ ਵਧੇ। ਦਸ ਰੁਪੈ ਘਟ ਜਾਣ ਕਿਤਨਾ ਸੋਚਦਾ ਹੈ। ਕਿਉਂਕਿ ਘਟੇ ਕੰਮ ਕਰਨ ਨੂੰ ਚਿਤ ਹੀ ਨਹੀਂ ਕਰਦਾ। ਜੇ ਕਿਤੇ ਦੋ ਰੁਪੈ ਹੀ ਵੱਧ ਆ ਜਾਣ ਤਾਂ ਖੁਸ਼ੀ ਦਾ ਅੰਤ ਨਹੀਂ ਰਹਿੰਦਾ। ਇਵੇਂ ਹੀ ਮਹਾਂਪੁਰਖ ਨਾਮ ਧਨ ਨੂੰ ਖੱਟਦੇ ਹਨ। ਇਹ ਨਾਮ ਉਨ੍ਹਾਂ ਦਾ ਅਸਲੀ ਧਨ ਹੈ। ਇਹ ਮਿਲਦਾ ਹੈ ਪ੍ਰੀਤ ਨਾਲ, ਪ੍ਰੇਮ ਨਾਲ ਹੋਰ ਕਿਸੇ ਤਰੀਕੇ ਨਾਲ ਨਹੀਂ ਮਿਲ ਸਕਦਾ। ਖੈਰ ਹੁਣ ਇਥੇ ਅੰਮ੍ਰਿਤ ਵੇਲੇ ਇੱਕ ਭਾਰੀ ਖੜਾਕ ਹੋਇਆ ਜਿਵੇਂ ਕਿ ਧਰਤੀ ਪਾਟ ਗਈ ਹੋਵੇ। ਨਾਲ ਹੀ ਇੱਕ ਦਿੱਬ ਪ੍ਰਕਾਸ਼ ਸਾਰੇ ਹੀ ਪਾਸੇ ਨਜਰ ਆਇਆ। ਉਸ ਪ੍ਰਕਾਸ਼ ਵਿਚੋਂ ਸ੍ਰੀ ਨਰ ਸਿੰਘ ਜੀ ਦੇ ਦਰਸ਼ਨ ਹੋਏ। ਨਾਲ ਹੀ ਤਿੰਨ ਵਾਰ ਇਹ ਬਚਨ ਹੋਇਆ ਕਿ

**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ॥**
**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ॥**
**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ॥**

ਇਸਦੇ ਨਾਲ ਹੀ ਉਹ ਸਰੂਪ ਅਲੋਪ ਹੋ ਗਿਆ। ਪਰ ਪ੍ਰਕਾਸ਼ ਉਸਤੋਂ

ਵੀ ਵੱਧ ਗਿਆ। ਉਸ ਪ੍ਰਕਾਸ਼ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਰੂਪ ਪ੍ਰਤੱਖ ਹੋ ਗਿਆ। ਇਤਨਾ ਤੇਜ ਸ਼ਾਂਤਮਈ ਪ੍ਰਭਾਵ ਕਹਿਣ ਕਥਨ ਤੋਂ ਬਾਹਰ ਹੈ। ਪਰ ਮਸਤੀ ਐਸੀ ਆਈ ਕਹਿਣ ਕਥਨ ਤੋਂ ਬਾਹਰ ਹੈ।

**ਅਲਉਤੀ ਕਾ ਜੈਸੇ ਭਇਆ ਬਰੇਡਾ**
**ਜਿਨਿ ਪੀਆ ਤਿਨਿ ਜਾਨਿਆ। ਗਉੜੀ ਕਬੀਰ** (੩੩੩)

ਕੁਝ ਪਤਾ ਹੀ ਨਾ ਲੱਗੇ ਸਰੀਰ ਹੈ ਵੀ ਕਿ ਨਹੀਂ। ਇਸ ਅਨੰਦ ਵਿੱਚ ਬੈਠਿਆਂ ਨੂੰ ਬਾਕੀ ਸਮਾਂ ਕਿਵੇਂ ਲੰਘਿਆ, ਪਤਾ ਹੀ ਨਾ ਲੱਗਾ। ਦਿਨੇ ਕਈ ਆਉਣ ਵਾਲੇ ਲੋਕਾਂ ਨੇ ਵੇਖ ਕੇ ਕੋਈ ਮਰਿਆ ਹੀ ਸਮਝ ਲਿਆ। ਹੌਲੀ ਹੌਲੀ ਇੱਕ ਦੂਜੇ ਤੋਂ ਸੁਣਕੇ ਸਭ ਨੂੰ ਪਤਾ ਲੱਗ ਗਿਆ। ਜਿਹੜੇ ਸੁਣ ਕੇ ਵੇਖਣ ਆਏ ਉਨ੍ਹਾਂ ਵਿੱਚ ਇੱਕ ਬੰਦਾ ਸਿਆਣਾ ਸੀ। ਉਸ ਨੇ ਨੇੜੇ ਹੋ ਕੇ ਵੇਖਿਆ ਤੇ ਕਿਹਾ ਸਾਹ ਆਉਂਦਾ ਹੈ ਬਹੁਤ ਗੌਰ ਨਾਲ ਵੇਖਕੇ ਮਾਲੂਮ ਹੁੰਦਾ ਹੈ। ਹੋਰ ਲੋਕ ਤਾਂ ਚਲੇ ਗਏ ਪਰ ਏਹ ਕੋਲ ਬੈਠ ਗਿਆ। ਕੁਝ ਸਮੇਂ ਬਾਅਦ ਬਾਬਾ ਜੀ ਦੀ ਬਿਰਤੀ ਖੁਲੀ ਤੇ ਨੇਤ੍ਰ ਖੁਲ ਗਏ ਤਾਂ ਉਸ ਨੇ ਪੁਛਿਆਂ "ਤੇਰਾ ਨਾਮ ਕੀ ਹੈ, ਕਿਹੜਾ ਪਿੰਡ ਹੈ ?" ਬਾਬਾ ਜੀ ਨੇ ਸਿਰਫ ਇਤਨਾ ਹੀ ਦੱਸਿਆ "ਪਿੰਡ ਮਨਸੂਰਵਾਲ ਹੈ।" ਬੱਸ ਇਤਨਾ ਦੱਸਣ ਦੀ ਦੇਰ ਹੀ ਸੀ ਉਸ ਨੇ ਪਛਾਣ ਲਿਆ ਤੇ ਪੁਛਿਆ "ਤੂੰ ਬੂੜ ਸਿੰਘ ਦਾ ਮੁੰਡਾ ਹੈ 'ਮਸਤਾਨ'। ਆਪ ਨੇ ਕਿਹਾ 'ਹਾਂ' ਕਿਉਂਕਿ ਇਹ ਤਾਂ ਬਾਬਾ ਜੀ ਦੇ ਪਿਤਾ ਜੀ ਦਾ ਬਹੁਤ ਮਿਲਣ ਵਾਲਾ ਸੀ। ਜਦੋਂ ਘਰ ਤੋਂ ਗਏ ਸਨ ਉਸ ਵੇਲੇ ਭਾਲ ਹੋਈ ਸੀ ਤਾਂ ਇਹ ਵੀ ਨਾਲ ਹੀ ਸੀ ਭਾਲਣ ਵਾਲਿਆਂ ਵਿੱਚ। ਪਤਾ ਨਾ ਲੱਗਣ ਕਰਕੇ ਸਭ ਘਰ ਦੇ ਚੁੱਪ ਕਰਕੇ ਬੈਠ ਗਏ ਸਨ। ਇਸ ਨੂੰ ਸਾਰੀ ਗੱਲ ਦਾ ਪਤਾ ਹੋਣ ਕਰਕੇ ਛੇਤੀ ਪਹਿਚਾਣ ਆ ਗਈ। ਫਿਰ ਉਹ ਬੰਦਾ ਬੋਲਿਆ "ਤੂੰ ਕਿਧਰ ਚਲਾ ਗਿਆ ਸੀ। ਤੇਰੇ ਸਾਰੇ ਘਰ ਦੇ ਤੈਨੂੰ ਭਾਲ-ਭਾਲ ਕੇ ਥੱਕ ਗਏ।" ਥੋੜਾ ਹੱਸ ਕੇ ਆਪ ਬੋਲੇ "ਜਿਥੇ ਲਿਜਾਣ ਵਾਲਾ ਲੈ ਗਿਆ।" ਉਹ ਕਹਿਣ ਲੱਗਾ "ਚੱਲ ਮੇਰੇ ਨਾਲ ਘਰ ਨੂੰ। ਤੈਨੂੰ ਰੋਟੀ ਪਾਣੀ ਖੁਆ ਕੇ ਤੇਰੇ ਪਿੰਡ ਪੁਚਾਵਾਂ।" ਫਿਰ ਉਸ ਨੇ ਬਾਹੋਂ ਫੜ ਕੇ ਉਠਾਣਾ ਚਾਹਿਆ। ਉਠਿਆ ਨਹੀਂ ਗਿਆ। ਇਉਂ ਮਹਿਸੂਸ ਹੋਇਆ ਜਿਵੇਂ ਸਾਰੇ ਸਰੀਰ ਦੀ ਗੰਢ ਬੱਝ ਗਈ ਹੋਵੇ। ਇਨ੍ਹਾਂ ਨੂੰ ਛੱਡ ਕੇ ਫਿਰ ਉਹ ਘਰ ਗਿਆ ਅਤੇ ਦੁੱਧ ਲੈ ਆਇਆ।

ਆਪਨੇ ਲੋੜ ਅਨੁਸਾਰ ਛੱਕ ਲਿਆ। ਫਿਰ ਉਸ ਨੇ ਕਿਹਾ "ਤੈਨੂੰ ਤੇਰੇ ਘਰ ਕਿਵੇਂ ਪੁਚਾਵਾਂ ਤੈਥੋਂ ਤਾਂ ਉਠਿਆ ਨਹੀਂ ਜਾਂਦਾ?" ਉਹ ਪਿੰਡ ਵਿੱਚ ਜਾ ਕੇ ਮਹਿਰੇ (ਝਿਉਰ) ਵਹਿੰਗੀ ਵਾਲੇ ਨੂੰ ਲੈ ਆਇਆ। ਸਾਰੀ ਗੱਲ ਸਮਝਾ ਕੇ ਕਿਥੇ ਪਹੁੰਚਾਉਣ ਹੈ ਅਤੇ, ਜੋ ਉਸ ਨੇ ਮਿਹਨਤ ਮੰਗੀ ਉਸ ਨੂੰ ਦੇ ਦਿੱਤੀ। ਫਿਰ ਮਹਿਰੇ ਨੇ ਵਹਿੰਗੀ ਦੇ ਇਕ ਪਾਸੇ ਪਾਣੀ ਦਾ ਘੜਾ ਭਰ ਕੇ ਰੱਖ ਲਿਆ, ਦੂਸਰੇ ਪਾਸੇ ਪੀੜ੍ਹੀ ਡਾਹ ਕੇ ਇਨਾਂ ਨੂੰ ਬਿਠਾ ਕੇ ਚੱਲ ਪਿਆ। ਤੁਰਦੇ ਤੁਰਦੇ ਨੂੰ ਜਿੱਥੇ ਦੁਪਹਿਰਾ ਹੋ ਗਿਆ ਉਥੇ ਛਾਂ ਵੇਖ ਕੇ ਉਸਨੇ ਦੁਪਹਿਰਾ ਕੱਟਣ ਲਈ ਵਹਿੰਗਾ ਰੱਖ ਦਿੱਤਾ ਅਤੇ ਆਪ ਜੀ ਨੂੰ ਆਪਣੇ ਕੋਲ ਹੀ ਬ੍ਰਿਛ ਦੇ ਨਾਲ ਢੋ ਜਿਹਾ ਲੁਆ ਕੇ ਬਿਠਾ ਦਿੱਤਾ। ਆਪ ਸੌਂ ਗਿਆ। ਇਥੋਂ ਦੁਪਹਿਰ ਦੇ ਸਮੇਂ ਇੱਕ ਵਾਰ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਹੋਏ। ਉਹ ਬਚਨ ਆਪ ਹੀ ਮਹਾਂ ਪੁਰਖਾਂ ਨੇ ਸੁਣਾਇਆ ਸੀ। ਦੂਜੀ ਵਾਰ ਦਰਸ਼ਨ ਹੋਣ ਦੇ ਨਾਲ ਮਨੋ ਅਵਸਥਾ ਹੋਰ ਵੀ ਉੱਚੀ ਹੋ ਗਈ। ਫਿਰ ਤਾਂ ਪੱਤੇ-ਪੱਤੇ ਵਿੱਚ ਨੂਰ ਹੀ ਨੂਰ ਦਿੱਸੇ। ਇਸ ਅਵਸਥਾ ਨੂੰ ਭਾਈ ਗੁਰਦਾਸ ਜੀ ਨੇ ਸਾਨੂੰ ਸਮਝਾਉਣ ਲਈ ਕੁਝ ਇਨਾਂ ਅਖਰਾਂ ਦੁਆਰਾ ਵਰਨਣ ਕੀਤਾ ਹੈ:

**ਚਰਨ ਕਮਲ ਭਜਿ ਕਮਲ[1] ਪ੍ਰਗਾਸ ਭਏ ਦਰਸ[2]ਦਰਸਿ[3] ਸਮ-ਦਰਸ ਦਿਖਾਏ ਹੈ ॥**
**ਸਬਦ ਸੁਰਤਿ ਅਨਹਦ ਲਿਵਲੀਨ ਭਏ, ਉਨਮਨ[4] ਮਗਨ ਗਗਨ ਪੁਰ ਛਾਏ ਹੈ[5] ॥**
**ਪ੍ਰੇਮ ਰਸ ਬਸਿ ਹੋਇ ਬਿਸਮ ਬਿ ਦੇਹ ਭਏ,ਅਤਿ ਅਸਚਰਜ ਮੈ ਹੇਰਤ ਹਿਰਾਏ ਹੈ ॥**
**ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧਿ ਅਕਥ ਕਥਾ ਬਿਨੋਦ[6], ਕਹਤ ਨਾ ਆਏ ਹੈ ॥**
**ਸਤਿਗੁਰ ਦਰਸ਼ਨ ਸ਼ਬਦ ਆਗਾਧਿ ਬੋਧ, ਅਬਿਗਤਿ[7] ਗਤਿ[8] ਨੇਤਿ ਨਤਿ [9] ਨਮੋ ਨਮ ਹੈ ॥**
**ਦਰਸ ਧਿਆਨ ਅਰੁ ਸ਼ਬਦ ਗਿਆਨ ਲਿਵ, ਗੁਪਤ ਪ੍ਰਗਟ ਠਟ[10] ਪੂਰਨ ਬ੍ਰਹਮ ਹੈ ॥**
**ਨਿਰਗੁਨ ਸਰਗੁਨ ਕੁਸਮਾਵਲੀ ਸੁਗੰਧਿ[11] ਸੰਧਿ,[2] ਏਕ ਅਉ ਅਨੇਕ ਰੂਪ ਗੰਮਿਤਾ ਅਗਮ ਹੈ ॥**
**ਪਰਮਦਭੁਤ[13] ਅਸਚਰਜੈ ਅਸਚਰਜ ਮੈ, ਅਕਥ ਕਥਾ ਅਲਖ ਬਿਸਮੈ ਬਿਸਮ ਹੈ ੪੭੯੧ ॥**
**ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ, ਅਤਿ ਅਸਚਰਜ ਮੈ ਨਮੋ ਨਮੋ ਨਮ ਹੈ ॥**
**ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ, ਬਾਸਨ ਸੁਬਾਸੁ ਤਾਸੁ ਦੁਤੀਆ ਨ ਸਮ ਹੈ ॥**
**ਸਹਿਜ ਸਮਾਧਿ ਨਿਜ ਆਸਨ ਸਿੰਘਾਸਨ ਸ੍ਵਾਦ ਬਿਸਮਾਦ ਰਹ ਰਸਰੀਮਿਤਾ ਅਗਮ ਹੈ ॥**

*1. ਹਿਰਦੇ ਦਾ ਕਮਲ 2. ਦਰਸ਼ਨ 3. ਵੇਖਕੇ 4. ਆਪਣੇ ਸਰੂਪ ਵਿੱਚ ਮਗਨ ਹੋ ਗਏ 5. ਕੌਤਕ 7. ਅਸਚਰਜ 8. ਰੀਤੀ 9. ਬੇ-ਅੰਤ 10. ਬਣ ਗਿਆ 11. ਮੇਲ ਹੋ ਗਿਆ 12. ਧਰਮ ਅਸਚਰਜ ਹੋ ਗਿਆ 13. ਆਨੰਦ ਮਈ ਕੌਤਕ*

**ਰੂਪ ਕੈ ਅਨੂਪ ਰੂਪ, ਮਨ ਮਨਸਾ ਥਕਤ, ਅਕਥ ਕਥਾ, ਬਿਨੋਦ ਬਿਸਮੈ ਬਿਸਮ ਹੈ ॥**

ਇਸ ਅਵਸਥਾ ਨੂੰ ਵਰਣਨ ਕਰਨਾ ਸਤਿਗੁਰੂ ਨਾਨਕ ਦੱਸਦੇ ਹਨ। ਨਾਨਕ ਕਥਨਾ ਕਰੜਾ ਸਾਰ॥ ਫਿਰ ਵੀ ਬਾਣੀ ਦੁਆਰਾ ਗੁਰੂ ਸਾਹਿਬਾਨ ਨੇ ਭਗਤਾ ਨੇ, ਭਾਈ ਗੁਰਦਾਸ ਵਰਗੇ ਬ੍ਰਹਮ ਗਿਆਨੀ ਗੁਰ ਸਿੱਖਾਂ ਨੇ ਜੋ ਕੁਝ ਦੱਸਣ ਦੀ ਕੋਸਿਸ਼ ਕੀਤੀ ਹੈ ਉਸ ਨੂੰ ਅਸਾਡੇ ਸਮਝ ਗੋਚਰਾਂ ਕਰਨ ਲਈ ਅਖਰਾਂ ਦੁਆਰਾ ਇਉਂ ਹੀ ਵਰਨਣ ਕੀਤਾ ਹੈ। ਪਰ ਸਰੀਰ ਨੂੰ ਹਰਕਤ ਵਿੱਚ ਲਿਆਉਣਾ ਮੁਸ਼ਕਿਲ ਸੀ। ਇਹ ਵੀ ਇਕ ਕੋਈ ਕੁਦਰਤੀ ਪ੍ਰੀਖਿਆ ਹੀ ਸੀ। ਦੁਪਹਿਰਾ ਢੱਲਣ ਤੋਂ ਬਾਅਦ ਵਹਿੰਗੀ ਵਾਲਾ ਚੱਲ ਪਿਆ। ਆਥਣ ਤੱਕ ਮਨਸੂਰਵਾਲ ਪਹੁੰਚ ਗਿਆ। ਜਦੋਂ ਘਰ ਗਏ ਤਾਂ ਮਾਤਾ ਵੇਖ ਕੇ ਬੜੀ ਹੈਰਾਨ ਵੀ ਹੋਈ ਅਤੇ ਇਕ ਇੰਨੇ ਚਿਰ ਪਿੱਛੋਂ ਘਰ ਆਏ, ਕਈ ਵਰ੍ਹੇ ਹੀ ਬਾਹਰ ਲੱਗ ਗਏ ਸਨ ਦੂਸਰਾ ਬਾਬਾ ਜੀ ਘਰੋਂ ਚਲੇ ਜਾਣ ਦੇ ਬਾਅਦ ਪਿਤਾ ਜੀ ਸਰੀਰ ਤਿਆਗ ਗਏ ਸਨ। ਇਕ ਬਾਬਾ ਜੀ ਘਰੋਂ ਬੀਮਾਰ ਹੋ ਕੇ ਗਏ ਸਨ ਸਭ ਗੱਲਾਂ ਰਲ ਗਈਆਂ। ਮਾਤਾ ਨੇ ਵੈਰਾਗ ਬੜਾ ਕੀਤਾ। ਗਲ ਲਗ ਕੇ ਰੋਈ ਅਤੇ ਕਿਹਾ "ਤੇਰੇ ਪਿਤਾ ਤੈਨੂੰ ਮਿਲਣ ਲਈ ਤਰਸਦੇ ਸੰਸਾਰ ਤੋਂ ਚਲੇ ਗਏ। ਤੂੰ ਕਿਧਰ ਚਲਾ ਗਿਆ ਸੀ।" ਇਸ ਤਰ੍ਹਾਂ ਮਾਤਾ ਨੇ ਬਹੁਤ ਵੈਰਾਗ ਕੀਤਾ। ਆਪ ਆਪਣੇ ਰੰਗ ਮਸਤ ਰਹੇ। ਕੋਈ ਉੱਤਰ ਨਾ ਦਿੱਤਾ। ਵਹਿੰਗੇ ਵਾਲਾ ਤਾਂ ਇਕ ਰਾਤ ਕੱਟ ਕੇ ਵਾਪਸ ਚੱਲਾ ਗਿਆ ਪਰ ਆਪ ਆਪਣੇ ਘਰ ਹੀ ਰਹੇ।

## ਘਰੇ ਟਿਕਾਣਾ, ਫਿਰ ਘਰੋਂ ਚਲੇ ਜਾਣਾ

ਮਾਤਾ ਜੀ ਨੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਿਹੋ ਜਿਹਾ ਇਲਾਜ ਉਸ ਵੇਲੇ ਦੁਆਈ ਆਦਿਕ ਸੀ, ਉਹ ਕਰਦੇ ਰਹੇ। ਉਸ ਵੇਲੇ ਬਾਬਾ ਜੀ ਦੀ ਉਮਰ ਤਕਰੀਬਨ ੨੬ (ਛੱਬੀ) ਕੁ ਸਾਲ ਦੀ ਸੀ। ਪਰ ਸਰੀਰ ਉਸੇ ਤਰ੍ਹਾਂ ਬੀਮਾਰ ਸੀ। ਇਲਾਜ ਨਾਲ ਕੋਈ ਫਰਕ ਨਹੀਂ ਪਿਆ। ਜੋ ਸਿਮਰਨ ਦਾ ਪ੍ਰਵਾਹ ਸੀ ਉਹ ਨਿਰੰਤਰ ਚਲ ਰਿਹਾ ਸੀ। ਛੇ ਮਹੀਨੇ ਮਾਤਾ ਜੀ ਹੀ ਸੇਵਾ ਸੰਭਾਲ ਕਰਦੇ ਰਹੇ। ਮੰਜੇ ਉਤੇ ਪਿਆ ਦਾ ਹੀ ਟੱਟੀ-ਪਿਸਾਬ ਮਾਤਾ ਜੀ ਕਰੌਂਦੇ ਰਹੇ। ਇਕ ਦਿਨ ਮਾਤਾ ਜੀ ਕਿਤੇ ਬਾਹਰ ਗਏ ਸਨ। ਆਪ ਜੀ ਨੂੰ ਟੱਟੀ-ਪਿਸ਼ਾਬ ਦੀ ਹਾਜਤ ਹੋਈ। ਘਰ ਦੇ ਕਿਸੇ ਹੋਰ ਨੇ ਧਿਆਨ ਨਾ ਕੀਤਾ। ਵੱਡੀ ਭਰਜਾਈ

ਨੂੰ ਕਿਹਾ ਤਾਂ ਉਹ ਨੇ ਸੰਭਾਲਨ ਦੀ ਥਾਂ। ਉਲਟੀ ਬੋਲੀ ਮਾਰੀ "ਆ ਵੜਿਆ ਵਾਪਸ। ਤੈਨੂੰ ਝਲਿਆ ਨਾ ਕਿਸੇ ਨੇ ? ਸਾਡਾ ਰੋਟੀ ਪਾਣੀ ਦਾ ਵੇਲਾ ਹੈ। ਇਸ ਨੇ ਰੋਟੀ ਖਾਣੀ ਵੀ ਦੁੱਭਰ ਕਰ ਦਿੱਤੀ ਹੈ।" ਹੋਰ ਵੀ ਅਨੇਕ ਤਰ੍ਹਾਂ ਦੇ ਕੌੜੇ ਬਚਨ ਕਹੇ। ਪਰ ਸੰਭਾਲਿਆ ਨਹੀਂ। ਆਪ ਜੀ ਨੇ ਉਸ ਵਕਤ ਹੀ ਕਿਹਾ "ਹੇ ਨਿਰੰਕਾਰ ਤੇਰੀ ਰਜਾ ਹੈ। ਤੂੰ ਇਹੋ ਕਰਵਾਉਣਾਂ ਸੀ ਅਸਾਡੇ ਨਾਲ।" ਉਸੇ ਵੇਲੇ ਮੰਜੇ ਦੀ ਪੈਂਦ ਵਿੱਚ ਲੱਤਾਂ ਫਸਾਂ ਕੇ ਜੋਰ ਮਾਰਿਆ। ਉਸੇ ਵਕਤ ਸਭ ਜੋੜ ਤੜਾਕ-ਤੜਾਕ ਕਰਕੇ ਖੁਲ੍ਹ ਗਏ। ਉਸ ਵੇਲੇ ਤਕਲੀਫ ਤਾਂ ਬਹੁਤ ਹੋਈ। ਉਸੇ ਵੇਲੇ ਹੀ ਉਠ ਕੇ ਮੰਜੇ ਤੋਂ ਹੇਠਾਂ ਬੋਰੀ ਤੇ ਬੈਠ ਗਏ। ਮਾਂ ਵੀ ਬਾਹਰੋਂ ਆ ਗਈ। ਬੈਠੇ ਦੇਖਕੇ ਬੜੀ ਖੁਸ਼ ਹੋਈ ਕਹਿਣ ਲੱਗੀ "ਆਹ ਅੱਜ ਕੋਣ ਠੀਕ ਕਰ ਗਿਆ।" ਆਪ ਬੋਲੇ "ਜਿਸ ਨੇ ਗੰਢ ਬੰਨੀ ਸੀ, ਓਹੀ ਖੋਲ੍ਹ ਗਿਆ ਹੈ। "ਉਸ ਤੋਂ ਬਾਅਦ ਪੰਦਰਾਂ ਕੁ ਦਿਨ ਵਿੱਚ ਤੁਰਨ ਫਿਰਨ ਜੋਗੇ ਹੋ ਗਏ। ਟੱਟੀ-ਪਿਸ਼ਾਬ ਵੀ ਬਾਹਰ ਜਾਣ ਲੱਗ ਪਏ। ਇੱਕ ਦਿਨ ਮਾਤਾ ਨੂੰ ਕਹਿਣ ਲੱਗੇ "ਮਾਤਾ ਹੁਣ ਮੈਨੂੰ ਤੋਰ ਦੇ।" ਮਾਂ ਨੇ ਕਿਹਾ ਕਿ "ਅਜੇ ਠਹਿਰ ਜਾ। ਕੁਛ ਹੋਰ ਤਕੜਾ ਹੋ। ਖੁਰਾਕ ਖਾ ਕੇ ਚਲਾ ਜਾਵੀਂ। ਅਜੇ ਤੂੰ ਬਾਹਰ ਜਾਣ ਦੀ ਖੇਚਲ ਝੱਲਣ ਜੋਗਾ ਨਹੀਂ, ਕਮਜ਼ੋਰ ਹੈ।" ਫਿਰ ਬਾਬਾ ਜੀ ਨੇ ਭਰਜਾਈ ਵਾਲੀ ਸਾਰੀ ਗਲ ਦੱਸੀ। ਦੱਸ ਕੇ ਕਹਿਣ ਲੱਗੇ "ਲੈ ਮਾਂ ਤੂੰ ਸਾਡੀ ਸੇਵਾ ਬਹੁਤ ਕੀਤੀ ਹੈ। ਤੇਰੀ ਸੇਵਾ ਸਦਕੇ ਤੇਰੀ ਬੰਸ ਰਹੇਗੀ। ਉਹ ਵੀ ਇੱਕ ਭਾਈ ਦੀ ਹੋਰ ਕਿਸੇ ਦੀ ਔਲਾਦ ਨਹੀਂ ਰਹਿਣੀ। ਸਭ ਮਰ ਖਪ ਜਾਣਗੇ। ਜਿਹੜੇ ਬਚੇ ਉਨ੍ਹਾਂ ਨੂੰ ਰੋਟੀ ਵੀ ਮੁਸ਼ਕਿਲ ਨਾਲ ਜੁੜੇਗੀ।" ਔਲਾਦ ਤਾਂ ਇੱਕ ਭਾਈ ਦੀ ਹੀ ਕਾਇਮ ਹੈ, ਹੋਰ ਕਿਸੇ ਦੀ ਨਹੀਂ। ਘਰੋਂ ਵੀ ਕੰਮ ਠੀਕ ਹੀ ਹੈ। ਪਿੱਛੇ ਤਾਂ ਹਾਲਤ ਪਤਲੀ ਹੀ ਸੀ, ਪਰ ਹੁਣ ਕੁਝ ਚੰਗੀ ਹੈ। ਤਿੰਨ ਘਰ ਹਨ। ਇੱਕ ਕੋਲ ਨੰਬਰਦਾਰੀ ਹੈ, ਦੋ ਹੋਰ ਹਨ। ਸੁਣ ਕੇ. ਮਾਤਾ ਦੇ ਚਿੱਤ ਨੂੰ ਬਹੁਤ ਦੁੱਖ ਹੋਇਆ। ਮਾਤਾ ਨੇ ਬੜਾ ਜੋਰ ਲਾਇਆ ਕਿ ਨਾ ਜਾ ਪਰ ਆਪ ਰਹਿਣ ਲਈ ਤਿਆਰ ਨਾ ਹੋਏ ਫਿਰ ਮਾਤਾ ਨੇ ਕਿਹਾ "ਤੂੰ ਕਿਵੇਂ ਜਾਵੇਂਗਾ ?" ਆਪ ਕਹਿਣ ਲੱਗੇ "ਜਿਵੇਂ ਵਹਿੰਗੀ ਵਿੱਚ ਕੋਈ ਇਥੇ ਛੱਡ ਗਿਆ ਹੈ ? ਉਵੇਂ ਹੀ ਤੁਸੀਂ ਮੈਨੂੰ ਵਹਿੰਗੀ ਤੇ ਉਸੇ ਪਿੰਡ ਪੁਚਾ ਦਿਓ। ਅੱਗੇ ਮੈ ਆਪੇ ਹੌਲੀ-ਹੌਲੀ ਚਲਾ ਜਾਊਂਗਾ।" ਅਖੀਰ ਮਾਤਾ ਨੇ ਮਜਬੂਰ ਹੋ ਕੇ ਭਰੇ ਦਿਲ ਨਾਲ ਤਿੰਨ ਕੱਪੜੇ ਖੱਦਰ ਦੇ ਇੱਕ ਕੁੜਤਾ, ਇੱਕ ਚਾਦਰ,

ਇੱਕ ਦੁਪੱਟਾ ਅਤੇ ਇਕ ਛੋਟੀ ਜਿਹੀ ਕੁੱਜੀ ਵਿੱਚ ਸੇਰ ਘਿਉ ਪਾ ਕੇ ਝਿਉਰ ਨੂੰ ਸੱਦ ਕੇ ਉਸੇ ਤਰ੍ਹਾਂ ਵਹਿੰਗੀ ਵਿੱਚ ਬਿਠਾ ਕੇ ਜਿਥੋਂ ਅੱਗੇ ਆਏ ਸਨ, ਮਨਸੂਰ ਵਾਲ ਤੋਂ ਕੁਝ ਦੂਰ ਵਾਟ ਪਹੁੰਚਾ ਦਿੱਤਾ। ਬਾਬਾ ਜੀ ਉਸੇ ਤਰ੍ਹਾ ਮਸਤ ਹਾਲਤ ਵਿੱਚ ਰਹਿੰਦੇ ਸਨ।

**ਸੰਤਨ ਅਵਰ ਨ ਕਾਹੂ ਜਾਨੀ॥**
**ਬੇ-ਪਰਵਾਹ ਸਦਾ ਰੰਗਿ ਹਰਿ ਕੈ**
**ਜਾ ਕੋ ਪਾਖੁ ਸੁਆਮੀ॥ ਰਹਾਉ॥** (ਟੋਡੀ ਮ: ੫ ੭੧੧)

ਸਿਮਰਨ ਨਿਰੰਤਰ ਮੂਲ ਮੰਤਰ ਦਾ ਦਿਨ ਰਾਤ ਕਰਦੇ ਰਹਿੰਦੇ ਸਨ। ਜਦੋਂ ਕਿਤੇ ਚਿਤ ਮੰਨਣਾ, ਮੰਗ ਕੇ ਰੋਟੀ ਖਾ ਲੈਣੀ ਨਹੀਂ ਤਾਂ ਆਨੰਦ ਵਿੱਚ ਹੀ ਰਹਿਣਾ। ਫਿਰ ਕਿਤੇ ਹੋਰ ਪਾਸੇ ਨੂੰ ਚੱਲ ਪਏ।

## ਕਪੂਰਲੇ ਪਹੁੰਚਣਾ

ਇਸ ਪਿੰਡ ਤੋਂ ਥੋੜੀ ਜਿਹੀ ਦੂਰ ਜਾਣ ਬਾਅਦ ਇੱਕ ਗੱਡੇ ਵਾਲਾ ਮਿਲਿਆ। ਪੁਛਣ ਲੱਗਾ "ਸੰਤ ਜੀ ਕਿਥੇ ਜਾਓਗੇ ?" ਉਤਰ ਦਿੱਤਾ ਕਿ "ਸ੍ਰੀ ਅਨੰਦਪੁਰ ਸਾਹਿਬ ਵੱਲ।"

ਉਹ ਕਹਿਣ ਲੱਗਾ "ਤੁਸੀਂ ਤਾਂ ਤੁਰਦੇ ਵੀ ਹੌਲੀ-ਹੌਲੀ ਹੋ, ਇਸ ਤਰ੍ਹਾਂ ਕਦੋਂ ਪਹੁੰਚੋਗੇ ?" ਆਪ ਨੇ ਦੱਸਿਆ "ਸਰੀਰ ਨੂੰ ਤਕਲੀਫ ਹੋਣ ਕਰਕੇ ਤੁਰਿਆ ਨਹੀਂ ਜਾਂਦਾ।" ਗੱਡੇ ਵਾਲਾ ਬੋਲਿਆ "ਕਪੂਰਥਲੇ ਤੱਕ ਤਾਂ ਮੇਰੇ ਨਾਲ ਚਲੇ ਚਲੋ। ਉਥੋਂ ਤੱਕ ਮੈਂ ਪੁਚਾ ਸਕਦਾ ਹਾਂ। ਮੈਂ ਉਥੇ ਤੱਕ ਹੀ ਜਾਣਾ ਹੈ।" ਆਪਨੇ ਕਿਹਾ "ਨਹੀਂ ਸਾਡਾ ਕੰਮ ਹੀ ਰੋਜ ਬਾਹਰ ਰਹਿਣਾ ਦਾ ਹੈ। ਕਿੱਥੇ ਸਵਾਰੀ ਭਾਲਾਂਗੇ। ਤੂੰ ਜਾ।"

ਉਹ ਕਹਿਣ ਲੱਗਾ "ਹੁਣ ਤਾਂ ਤੁਸੀਂ ਬੈਠ ਜਾਓ।" ਉਸਦੇ ਕਈ ਵਾਰ ਕਹਿਣ ਉਤੇ ਮੰਨ ਗਏ। ਉਸਨੇ ਗੱਡੇ ਉਤੇ ਮੰਜੀ ਰਖੀ ਹੋਈ ਸੀ। ਕਹਿਣ ਲੱਗਾ "ਇਸ ਉਤੇ ਅਰਾਮ ਨਾਲ ਬੈਠ ਜਾਵੋਗੇ।" ਆਪ ਹੱਸ ਕੇ ਕਹਿਣ ਲੱਗੇ "ਬਈ ਤੇਰੇ ਤਾਂ ਗੱਡੇ ਉਤੇ ਬਹਿਣ ਦਾ ਸਾਡੇ ਕੋਲ ਕੁਝ ਦੇਣ ਨੂੰ ਨਹੀਂ ਜੇ ਮੰਜੀ ਉਤੇ ਬੈਠ ਗਏ ਤੇ ਫੇਰ ਭਾੜਾ ਮੰਗੇਗਾ।" ਉਹ ਬੋਲਿਆ "ਜੀ, ਮੈਂ ਕੁਛ

ਨਹੀਂ ਮੰਗਦਾ। ਤੁਸੀਂ ਬੈਠ ਜਾਓ।” ਆਪ ਬੈਠ ਗਏ। ਉਹ ਗੱਡਾ ਹੌਲੀ-ਹੌਲੀ ਤੋਰਦਾ ਰਿਹਾ। ਰਸਤੇ ਵਿੱਚ ਜਿਥੇ ਸ਼ਾਮ ਪੈ ਗਈ। ਉਥੇ ਗੱਡਾ ਰੋਕ ਦਿੱਤਾ। ਉਸਨੇ ਰੋਟੀ ਤਿਆਰ ਕਰ ਲਈ ਤੇ ਕਹਿਣ ਲੱਗਾ “ਸੰਤ ਜੀ, ਰੋਟੀ ਖਾਓ ਜੀ।” ਆਪ ਕਹਿਣ ਲੱਗੇ “ਸਾਨੂੰ ਤਾਂ ਭੁਖ ਨਹੀਂ, ਤੂੰ ਖਾ ਲੈ।” ਉਸਨੇ ਕਿਹਾ “ਤੁਹਾਡੇ ਵਾਸਤੇ ਦੋ ਰੋਟੀਆਂ ਰਖ ਦਿੱਤੀਆਂ ਹਨ। ਜਦੋਂ ਚਿੱਤ ਮੰਨੇ ਖਾ ਲੈਣੀਆਂ।” ਇਉਂ ਕਹਿਕੇ ਪ੍ਰਸ਼ਾਦੇ ਬਾਬਾ ਜੀ ਦੇ ਦੁਪੱਟੇ ਵਿੱਚ ਲਪੇਟ ਦਿੱਤੇ। ਆਪ ਰੋਟੀ ਖਾ ਲਈ ਤੇ ਹੱਥ ਧੋ ਕੇ ਕਹਿਣ ਲੱਗਾ “ਸੰਤ ਜੀ ਮੈਂ ਤਾਂ ਥੱਕਿਆ ਹੋਇਆ ਹਾਂ ਅਰਾਮ ਕਰਦਾ ਹਾਂ। ਨੀਂਦ ਆਉਂਦੀ ਹੈ।” ਇਉ ਕਹਿਕੇ ਬੋਰੀ ਉਤੇ ਦਰੀ ਵਿਛਾ ਕੇ ਜਮੀਨ ਤੇ ਲੇਟ ਗਿਆ। ਬਾਬਾ ਜੀ ਕਹਿਣ ਲੱਗੇ ਬਈ ਤੂੰ ਮੰਜੀ ਉਤੇ ਪੈ ਜਾ।” ਉਹ ਕਹਿਣ ਲੱਗਾ “ਇਹ ਮੰਜੀ ਤੁਹਾਡੀ ਨਮਿਤ ਹੀ ਹੈ। ਹੁਣ ਨਾਲੇ ਤੁਸੀਂ ਉਪਰੋਂ ਸਾਰੇ ਨਿਗਾਹ ਰਖੋਗੇ। ਮੈਂ ਥਕਿਆ ਹੋਇਆ ਹਾਂ। ਜੇ ਮੈਂ ਮੰਜੀ ਉਤੇ ਪੈ ਗਿਆ ਮੈਨੂੰ ਥੱਕੇ ਨੂੰ ਨੀਂਦ ਨਹੀਂ ਆਉਣੀ।” ਇਸ ਕਰਕੇ ਜ਼ਮੀਨ ਤੇ ਲੰਮਾ ਪੈ ਗਿਆ। ਥੋੜ੍ਹੇ ਚਿਰ ਸੌਣ ਤੋਂ ਬਾਅਦ ਉਠਕੇ ਜਦੋਂ ਉਸਨੇ ਨਿਗ੍ਹਾ ਮਾਰੀ। ਬਲਦ ਵੇਖੇ ਤਾਂ ਇੱਕ ਬਲਦ ਲਿਟ ਰਿਹਾ ਸੀ ਜਿਵੇਂ ਬੜੇ ਜੋਰ ਦਾ ਦਰਦ ਹੋਵੇ, ਮਲੂਮ ਹੁੰਦਾ ਸੀ ਹੁਣ ਮਰਿਆ ਕਿ ਹੁਣ ਮਰਿਆ। ਉਹ ਵੇਖਕੇ ਉਚੀ-ਉਚੀ ਰੋਣ ਲਗ ਪਿਆ। ਆਵਾਜ ਸੁਣਕੇ ਆਪ ਨੇ ਨੇਤ੍ਰ ਖੋਲ੍ਹੇ ਪੁਛਣ ਲੱਗੇ। “ਕਿਉਂ ਬਈ ਕੀ ਗੱਲ ਹੋ ਗਈ ?” ਰੋਂਦਾ ਹੋਇਆ ਬੋਲਿਆ। “ਜੀ ਮੈਂ ਮਾਰਿਆ ਗਿਆ, ਗਰੀਬ ਆਦਮੀ ਹਾਂ। ਵਿਆਜੂ ਪੈਸੇ ਲੈ ਕੇ ਮੈਂ ਇਹ ਬਲਦ ਖਰੀਦਿਆ ਹੈ। ਭਾੜਾ ਕਿਰਾਇਆ ਢੋਹ ਕੇ ਗੁਜਾਰਾ ਕਰਦਾ ਹਾਂ, ਛੋਟੇ ਛੋਟੇ ਬੱਚੇ ਹਨ। ਜਮੀਨ ਗਹਿਣੇ ਪਾਈ ਹੋਈ ਹੈ। ਹੋਰ ਕੋਈ ਰੋਜੀ ਦਾ ਵਸੀਲਾ ਨਹੀਂ।

ਆਪ ਕਹਿਣ ਲੱਗੇ “ਤਕੜਾ ਹੋ, ਜਿਸ ਨੇ ਪੈਦਾ ਕੀਤਾ ਹੈ ਉਹ ਰੋਜੀ ਦੇਵੇਗਾ ਹੌਂਸਲਾ ਕਰ।”

ਕਹਿਣ ਲੱਗਾ “ਕਿਵੇਂ ਹੌਂਸਲਾ ਕਰਾਂ ? ਸਿਰ ਤੇ ਮੁਕੱਦਮਾ ਚਲਦਾ ਹੈ ਇਸ ਤਰੀਕ ਤੇ ਖਬਰੇ ਕੀ ਫੈਸਲਾ ਹੋਵੇ ? ਉਤੋਂ ਬਲਦ ਵਾਲੀ ਬਿਪਤਾ ਪੈ ਗਈ।” ਰੌਂਦਾ ਵੇਖਕੇ ਮਨ ਵਿੱਚ ਦਇਆ ਆ ਗਈ। ਮਹਾਂਪੁਰਖ ਦਾ ਮਨ ਬੜਾ ਨਿਰਮਲ ਤੇ ਕੋਮਲ ਹੁੰਦਾ ਹੈ। ਕਿਸੇ ਦਾ ਦੁਖ ਵੇਖ ਬੜੀ ਛੇਤੀ ਮਿਹਰ

ਕਰਦੇ ਹਨ। ਉਨ੍ਹਾਂ ਦੀ ਨਿਗ੍ਹਾਂ ਵਿੱਚ ਮੇਹਰ, ਚਰਨਾਂ ਵਿੱਚ ਮੇਹਰ, ਹੱਥਾਂ ਵਿੱਚ ਮੇਹਰ। ਕਿਸੇ ਰਸਤਿਉਂ ਕੋਈ ਆਵੇ ਮੇਹਰ ਹੋਈ ਸਮਝੋ। ਅਸੀਂ ਆਪ ਹੀ ਕੋਈ ਭੁੱਲ ਕਰ ਬੈਠਦੇ ਹਾਂ। ਜਿਸਦਾ ਫਲ ਸਾਨੂੰ ਦੁਖ ਰੂਪ ਵਿੱਚ ਮਿਲਦਾ ਹੈ। ਬਾਬਾ ਜੀ ਨੇ ਪੁਛਿਆ "ਕਿ ਜਿਹੜੀਆਂ ਦੋ ਰੋਟੀਆਂ ਸਾਡੇ ਲਈ ਰਖੀਆਂ ਹਨ ਉਹ ਲਿਆ ਕਿਥੇ ਹਨ।" ਉਸਨੇ ਬਾਬਾ ਜੀ ਦੇ ਪਰਨੇ ਦੇ ਲੜ ਤੋਂ ਦੋ ਰੋਟੀਆਂ ਕੱਢ ਕੇ ਫੜਾ ਦਿੱਤੀਆਂ। ਇੱਕ ਰੋਟੀ ਕਢਕੇ ਕਹਿਣ ਲਗੇ "ਲੈ ਇਹ ਰੋਟੀ ਉਸ ਬਲਦ ਨੂੰ ਖਵਾ ਦਿਓ।

ਉਹ ਕਹਿਣ ਲੱਗਾ "ਜੀ ਉਹ ਤਾਂ ਜਮੀਨ ਤੇ ਲਿਟੀ ਜਾ ਰਿਹਾ ਹੈ। ਉਠਦਾ ਹੀ ਨਹੀਂ। ਖਾਏਗਾ ਕਿਵੇਂ ?"

ਆਪ ਕਹਿਣ ਲੱਗੇ "ਤੂੰ ਉਸ ਦੇ ਕੋਲ ਜਾ ਮੂੰਹ ਅੱਗੇ ਤਾਂ ਕਰ। ਐਥੇ ਗੱਲਾਂ ਕਰੀ ਜਾਂਦਾ ਹੈ।" ਜਿਸ ਵੇਲੇ ਉਹ ਰੋਟੀ ਲੈ ਕੇ ਗਿਆ ਬਲਦ ਨੇ ਝੱਟਮੂੰਹ ਵਿੱਚ ਪਾ ਲਈ। ਖਾਣ ਸਾਰ ਹੀ ਦਰਦ ਹਟ ਗਿਆ ਬਲਦ ਉਠ ਦੇ ਖੜੋ ਗਿਆ। ਉਹ ਖੁਸ਼ ਹੋ ਗਿਆ। ਆਪ ਕਹਿਣ ਲੱਗੇ।" ਤੂੰ ਹੁਣ ਬੇ-ਫਿਕਰ ਹੋ ਕੇ ਸੌਂ ਜਾ। ਉਹ ਜਾ ਕੇ ਸੌਂ ਗਿਆ। ਪਰ ਇੱਕ-ਦੋ ਵਾਰ ਬਲਦ ਨੂੰ ਉਠ ਕੇ ਵੇਖਿਆ। ਬਲਦ ਠੀਕ ਸੀ। ਜਿਤਨੀ ਵਾਰ ਉਠਿਆ ਬਾਬਾ ਜੀ ਉਸ ਨੂੰ ਬੈਠੇ ਹੀ ਨਜ਼ਰ ਆਏ। ਜਦੋਂ ਦਿਨ ਚੜ੍ਹਿਆ, ਤੁਰਨ ਦੀ ਤਿਆਰੀ ਕਰਕੇ ਚੱਲ ਪਏ ਰਸਤੇ ਵਿੱਚ ਉਸ ਨੇ ਜਿਕਰ ਕੀਤੀ ਕਿ "ਸੰਤ ਜੀ ਮਹਾਰਾਜ, ਕਿਤੇ ਮੇਰੇ ਵੀ ਚੰਗੇ ਦਿਨ ਆਉਣਗੇ ? ਜਦੋਂ ਦੀ ਮੈਂ ਹੋਸ਼ ਸੰਭਾਲੀ ਹੈ ਮੈਂ ਕੋਈ ਵੀ ਸੁੱਖ ਨਹੀਂ ਵੇਖਿਆ।" ਇਸ ਤਰ੍ਹਾਂ ਕਰਕੇ ਰੋ ਪਿਆ। ਆਪ ਜੀ ਉਤਰ ਦਿੱਤਾ "ਨਾ ਹੀ ਸਦਾ ਦਿਨ ਚੰਗੇ ਰਹਿੰਦੇ ਹਨ ਅਤੇ ਨਾ ਹੀ ਸਦਾ ਹੀ ਮਾੜੇ ਰਹਿੰਦੇ ਹਨ। ਤੂੰ ਕਿਰਤ ਕਮਾਈ ਕਰੀ ਚਲ ਪ੍ਰਮੇਸ਼ਵਰ ਭਲੀ ਕਰੇਗਾ।

ਉਹ ਬੋਲਿਆ "ਜੀ ਇੱਕ ਮੇਰੇ ਤੇ ਕਿਸੇ ਨੇ ਮੁਕੱਦਮਾ ਕੀਤਾ ਹੈ। ਕਚਹਿਰੀ ਵਿੱਚ ਅੱਜ ਉਸਦਾ ਫੈਸਲਾ ਹੋਣਾ ਹੈ।" ਬਾਬਾ ਜੀ ਹੱਸਕੇ ਕਹਿਣ ਲੱਗੇ "ਫੈਸਲਾ ਤੇਰੇ ਹੱਕ ਵਿਚ ਹੋਵੇਗਾ। ਅੱਜ ਹੀ ਹੋਵੇਗਾ।" ਉਹ ਬੋਲਿਆ "ਜੀ ਜਿਸ ਬੰਦੇ ਨਾਲ ਮੇਰਾ ਮੁਕਦਮਾ ਹੈ ਉਹ ਬੜਾ ਜੋਰ ਵਾਲਾ ਹੈ। ਇਥੇ ਉਸਦੀ ਬੜੀ ਚਲਦੀ ਹੈ।" ਆਪ ਹੱਸ ਕੇ ਬੋਲੇ "ਜੇ ਤੈਨੂੰ ਨਹੀਂ ਇਤਬਾਰ ਤਾਂ ਅਸੀਂ ਉਤਨਾ ਚਿਰ ਤੇਰੇ ਗੱਡੇ ਉਤੇ ਹੀ ਰਹਾਗੇ, ਥੱਲੇ ਪੈਰ ਨਹੀਂ

ਲਾਉਂਦੇ।" ਕਪੂਰਥਲੇ ਪਹੁੰਚਣ ਤੋਂ ਬਾਅਦ ਉਸ ਨੇ ਗੱਡਾ ਰੋਕ ਦਿੱਤਾ। ਆਪ ਬੋਲੇ "ਜਾ ਬੇ-ਫਿਕਰ ਹੋ ਕੇ ਅਸੀਂ ਬੈਠੇ ਹਾਂ ਤੇਰਾ ਮੁਕੱਦਮਾ ਜਿੱਤੇ ਤੋਂ ਹੀ ਜਾਵਾਂਗੇ।" ਉਹ ਕਚਹਿਰੀ ਚਲਾ ਗਿਆ। ਜਿਸ ਵੇਲੇ ਅਦਾਲਤ ਲੱਗੀ ਪਹਿਲੀ ਅਵਾਜ਼ ਹੀ ਇਸ ਬੰਦੇ ਨੂੰ ਪਈ ਅਤੇ ਜੱਜ ਨੇ ਸਾਰਾ ਮੁਕੱਦਮਾ ਸੁਣ ਕੇ ਫੈਸਲਾ ਇਸ ਦੇ ਹੱਕ ਵਿੱਚ ਦੇ ਦਿੱਤਾ। ਬੱਸ ਫਿਰ ਕੀ ਸੀ ਖੁਸ਼ੀ ਖੁਸ਼ੀ ਗੱਡੇ ਕੋਲ ਆਇਆ ਤਾਂ ਆਉਂਦੇ ਸਾਰ ਉਸ ਵੱਲ ਵੇਖ ਕੇ ਬਾਬਾ ਜੀ ਹੱਸੇ ਕਹਿਣ ਲੱਗੇ ਕਿਉਂ ਤੇਰਾ ਕੰਮ ਤਾਂ ਰਾਤ  ਹੀ ਕਰ ਦਿੱਤਾ ਸੀ। ਤੂੰ ਐਵੇਂ ਡਰੀ ਜਾ ਰਿਹਾ ਸੀ।" ਕਹਿਣ ਲੱਗਾ "ਮੈਨੂੰ ਤਾਂ ਤੁਹਾਨੂੰ ਰੱਬ ਨੇ ਮਿਲਾ ਦਿੱਤਾ ਬੜੀ ਮੇਹਰ ਹੋਈ ਮੇਰੇ ਗਰੀਬ ਉਤੇ।" ਆਪ ਬੋਲੇ "ਅਸੀਂ ਤਾਂ ਹੁਣ ਚਲਦੇ ਹਾਂ। ਆਪਣਾ ਸਮਾਲ ਸਾਂਭ ਲੈ।" ਤੁਰਨ ਲਗਿਆ, ਉਸ ਨੂੰ ਤਿੰਨ ਬਚਨ ਕਿਤੇ।

1. ਇੱਕ ਤਾਂ ਕਿਸੇ ਦਾ ਹੱਕ ਨਾ ਰਖੀ।
2. ਜਿਨਾ ਹੋ ਸਕੇ ਪ੍ਰਮੇਸ਼ਵਰ ਨੂੰ ਯਾਦ ਕਰੀ।
3. ਆਪਣੇ ਵਿੱਤ ਅਨੁਸਾਰ ਆਏ ਸੰਤ ਸਾਧ ਦੀ ਸੇਵਾ ਕਰੀਂ। ਗੁਰੂ ਨਾਨਕ ਭਲੀ ਕਰੇਗਾ।

## ਸਾਧ ਕੈ ਸੰਗਿ ਨਹੀ ਕਛੁ ਘਾਲ॥<br>ਦਰਸਨੁ ਭੇਟਤ ਹੋਤ ਨਿਹਾਲ ॥

ਇਥੋਂ ਤੁਰਨ ਲੱਗਿਆ ਨੇ ਇੱਕ ਨਵਾਂ ਵੇਸ ਕਰ ਲਿਆ। ਇੱਕ ਗੋਦੜੀ ਵਰਗਾ ਮੋਟਾ ਕੱਪੜਾ ਜਿਸ ਦੇ ਨਾਲ ਆਪਣੇ ਮੁਖ ਤੇ ਪੜਦਾ ਹਰ ਵੇਲੇ ਰੱਖਣਾ। ਚਾਦਰ ਦੀ ਕਦੇ ਬੁੱਕਲ ਮਾਰ ਲੈਣੀ ਕਦੇ ਮੋਢੇ ਉਤੇ ਰਖ ਲੈਣੀ। ਲੱਕ ਖੱਦਰ ਦਾ ਦੁੱਪਟਾ ਅਤੇ ਇੱਕ ਹੱਥ ਵਿੱਚ ਚਿੱਪੀ ਇੱਕ ਹੱਥ ਸੋਟੀ ਹੌਲੀ-ਹੌਲੀ ਤੁਰਦੇ-ਤੁਰਦੇ ਊਨੇ ਸਾਹਿਬ ਦੇ ਨੇੜੇ ਇੱਕ ਉਜਾੜ ਵਿੱਚ ਬ੍ਰਿਛ ਹੇਠ ਢੋਹ ਲਾ ਕੇ ਬੈਠ ਗਏ। ਥੋੜੇ ਚਿਰ ਵਿੱਚ ਬੱਕਰੀਆਂ ਚਾਰਨ ਵਾਲਾ ਆਜੜੀ ਆ ਗਿਆ। ਉਸ ਨੇ ਵੇਖ ਕੇ ਕਿਹਾ ਕਿ ਕੋਈ ਫੱਕਰ ਬੈਠਾ ਹੈ। ਉਸ ਨੇ ਨੇੜੇ ਆ ਕੇ ਨਮਸਕਾਰ ਕੀਤੀ ਤੇ ਕਿਹਾ "ਫੱਕਰ ਸਾਂਈਂ, ਇਥੇ ਸਾਹਮਣੇ ਊਨਾ ਸ਼ਹਿਰ ਹੈ। ਉਥੇ ਜਾ ਕੇ ਜੇ ਭਿਛਿਆ ਕਰਨੀ ਹੈ ਤਾਂ ਕਰ ਲਵੋ, ਨਹੀਂ ਤਾਂ ਉਥੇ 'ਬੇਦੀਆਂ' ਦਾ ਲੰਗਰ ਅੱਠੋ ਪਹਿਰ ਚੱਲਦਾ ਹੈ। ਉਥੇ ਸਭ ਨੂੰ ਰੋਟੀ ਮਿਲਦੀ ਹੈ। ਉਥੇ

ਚਲੇ ਜਾਓ।" ਪਹਿਲੋਂ ਤਾਂ ਆਪ ਕੁਝ ਨਹੀਂ ਬੋਲੇ, ਦੂਜੀ ਵਾਰ ਉਸ ਦੇ ਕਹਿਣ ਤੇ ਬੋਲੇ "ਪਿਆਰਿਆ, ਤੂੰ ਕੋਈ ਫਿਕਰ ਨਾ ਕਰ ਆਪਣਾ ਕੰਮ ਕਰ ਜਾ ਕੇ"। ਉਹ ਬੱਕਰੀਆਂ ਚਾਰਦਾ ਚਾਰਦਾ ਅੱਗੇ ਚਲਾ ਗਿਆ। ਸ਼ਾਮ ਨੂੰ ਉਹ ਵਾਪਸ ਮੁੜਿਆ ਤਾਂ ਆਪ ਜੀ ਨੂੰ ਉਸ ਤਰਾਂ ਉਥੇ ਬੈਠੇ ਵੇਖਿਆ। ਨੇੜੇ ਆ ਕੇ ਨਮਸਕਾਰ ਕਰਕੇ ਕਹਿਣ ਲੱਗਾ "ਰੱਬ ਵਾਲਿਓ, ਤੁਸੀਂ ਇਥੇ ਹੀ ਬੈਠੇ ਹੋ। ਕਿਤੇ ਗਏ ਨਹੀਂ ਭੋਜਨ ਛੱਕਣ ਲਈ ?" ਆਪ ਨੇ ਕਿਹਾ ਕਿ "ਨਹੀਂ।" ਆਜੜੀ ਬੋਲਿਆ "ਜੇ ਮਨਜ਼ੂਰ ਕਰੋ ਤਾਂ ਇੱਕ ਬੱਕਰੀ ਦਾ ਦੁੱਧ ਹੀ ਥੋੜਾ ਲੈ ਲਵੋ।" ਆਪ ਨੇ ਕਿਹਾ ਜੇ ਤਾਂ ਇਨਾਂ ਵਿੱਚ ਤੇਰੀ ਆਪਣੀ ਬੱਕਰੀ ਹੈ ਤਾਂ ਉਸ ਦਾ ਦੁੱਧ ਦੇਹ, ਨਹੀਂ ਤਾਂ ਕਿਸੇ ਦੀ ਬੱਕਰੀ ਦਾ ਨਹੀਂ।" ਉਹ ਬੋਲਿਆ "ਇਨ੍ਹਾਂ ਵਿੱਚ ਦੋ ਬੱਕਰੀਆਂ ਮੇਰੀਆਂ ਹਨ। ਇੱਕ ਦਾ ਲੈ ਲਵੋਂ।" ਇਤਨਾ ਆਖ ਕੇ ਉਹ ਬੱਕਰੀ ਕੰਨੋ ਫੜ ਕੇ ਲੈ ਆਇਆ। ਆਪ ਨੇ ਉਸਦਾ ਦੁੱਧ ਇੱਕ ਚਿੱਪੀ ਵਿੱਚ ਚੋ ਕੇ ਛੱਕ ਲਿਆ। ਆਜੜੀ ਤਾਂ ਘਰ ਚਲਾ ਗਿਆ ਤੇ ਜਿਸ ਵਕਤ ਆਪਣੇ ਘਰ ਜਾ ਕੇ ਬੱਕਰੀ ਚੋਈ ਤਾਂ ਦੂਜੀ ਬੱਕਰੀ ਦੇ ਥਣਾਂ ਵਿੱਚ ਦੁੱਧ ਵੇਖਿਆ, ਹੈਰਾਨ ਜਿਹਾ ਹੋ ਕੇ ਸੋਚਣ ਲੱਗ ਪਿਆ, ਇਹ ਬੱਕਰੀ ਤਾ ਸੰਤਾਂ ਨੇ ਚੋ ਲਈ ਸੀ। ਜਦੋਂ ਥਣ ਭਰੇ ਵੇਖੇ ਤਾਂ ਦੁੱਧ ਚੋ ਲਿਆ। ਪਰ ਸਾਰੀ ਰਾਤ ਸੋਚਦਾ ਰਿਹਾ। ਦਿਨ ਚੜਿਆ ਤਾਂ ਬੱਕਰੀਆਂ ਲੈ ਕੇ ਸਭ ਤੋਂ ਪਹਿਲਾਂ ਉਥੇ ਹੀ ਪਹੁੰਚਿਆ। ਪਰ ਆਪ ਉਸ ਦੇ ਆਵੁਣ ਤੋਂ ਪਹਿਲਾਂ ਹੀ ਚਲੇ ਗਏ। ਫਿਰ ਆਜੜੀ ਨੇ ਬੱਕਰੀਆਂ ਵੀ ਚਾਰੀਆਂ, ਆਪ ਜੀ ਦੀ ਭਾਲ ਵੀ ਕੀਤੀ ਕਿਤੋਂ ਨਾ ਮਿਲੇ। ਦੂਜੇ ਦਿਨ ਵੀ ਨਾ ਮਿਲੇ, ਤੀਸਰੇ ਦਿਨ ਭਾਲ ਵੀ ਕੀਤੀ ਕੋਈ ਪਤਾ ਨਾ ਲੱਗਾ। ਚੌਥੇ ਦਿਨ ਇੱਕ ਥਾਂ ਇੱਕ ਬ੍ਰਿਛ ਹੇਠ ਬੈਠੇ ਅਚਾਨਕ ਹੀ ਮਿਲ ਪਏ। ਉਸਨੇ ਪਛਾਣ ਕੇ ਕੋਲ ਜਾ ਕੇ ਨਮਸਕਾਰ ਕੀਤੀ ਤੇ ਬੋਲਿਆ "ਜੀ ਮੈਂ ਤਾਂ, ਬੜੀ ਦੂਰ ਤੱਕ ਭਾਲ ਕੀਤੀ, ਕਿਤੇ ਪਤਾ ਨਹੀਂ ਲੱਗਾ ਤੇ ਅੱਜ ਅਚਾਨਕ ਹੀ ਮਿਲ ਪਏ।" ਹੱਸ ਕੇ ਕਹਿਣ ਲੱਗੇ "ਸਾਨੂੰ ਕਿਥੋਂ ਕਿਥੋਂ ਭਾਲੇਗਾ ? ਤੂੰ ਆਪਣਾ ਕੰਮ ਕਰ ਜਾ ਕੇ।" ਉਹ ਬੇਨਤੀ ਕਰਨ ਲੱਗ "ਜੀ ਦੁੱਧ ਕੁਛ ਹੋਰ ਲੈ ਲਵੋ।" ਕਹਿਣ ਲੱਗੇ ਕੱਲ ਨੂੰ ਸਹੀ, ਅੱਜ ਤਾਂ ਲੋੜ ਨਹੀਂ।" ਅਗਲੇ ਦਿਨ ਸਵੇਰੇ ਹੀ ਉਹ ਬੱਕਰੀ ਲੈ ਆਇਆ "ਲਓ ਮਹਾਰਾਜ ! ਦੁਧ ਚੋ ਲਵੋ।" ਆਪ ਨੇ ਦੁੱਧ ਚੋ ਕੇ ਛੱਕ ਲਿਆ। ਉਸ ਆਜੜੀ ਦੇ ਮਾਲਾ ਫੜੀ ਹੋਈ ਵੇਖ ਕੇ ਬਾਬਾ ਜੀ ਕਹਿਣ ਲੱਗੇ "ਤੂੰ ਤਸਬੀ ਫੇਰਦਾ

ਹੁੰਦਾ ਹੈ ?" ਉਸ ਨੇ ਕਿਹਾ ਕਈ ਸਾਲ ਹੋ ਗਏ। ਫਿਰ ਪੁਛਿਆ "ਕਿਥੋਂ ਉਪਦੇਸ਼ ਲਿਆ ਸੀ ?" ਉਸਨੇ ਦੱਸਿਆ "ਜੀ ਸਾਡਾ ਇੱਕ ਪੀਰ ਸੀ। ਉਸਨੇ ਸਾਰਾ ਕੁਝ ਦੱਸਿਆ ਸੀ ਉਸ ਨੇ ਹੋਰ ਬਹੁਤ ਕੁਝ ਕਿਹਾ ਸੀ, ਕਿ ਅੰਦਰੋਂ ਬੜੀਆਂ ਸੋਹਣੀਆਂ ਅਵਾਜ਼ਾ ਆਉਂਦੀਆਂ ਹਨ। ਫਿਰ ਕਿਸੇ ਰੱਬੀ ਨੂਰ ਦੀ ਝਲਕ ਵੀ ਪੈਣ ਲੱਗ ਜਾਂਦੀ। ਪਰ ਅਜੇ ਕੁਝ ਨਹੀਂ ਪਤਾ ਲੱਗਾ। ਫਿਰ ਬਾਬਾ ਜੀ ਕਹਿਣ ਲੱਗੇ "ਸਾਡੇ ਨੇੜੇ ਹੋ ਤੈਨੂੰ ਕੁਝ ਦਿਖਾਈਏ।" ਜਦੋਂ ਨੇੜੇ ਹੋਇਆ ਤਾਂ ਕਹਿਣ ਲਗੇ "ਇਥੇ ਬੈਠ ਕੇ ਹੁਣ ਪੜ੍ਹ ਜੋ ਤੇਰੇ ਪੀਰ ਨੇ ਦੱਸਿਆ ਹੈ।" ਜਦੋਂ ਉਸ ਨੇ ਪੜ੍ਹਿਆ ਤਾਂ ਮਨ ਹੋਰ ਹੀ ਹੋ ਗਿਆ। ਅਨੰਦ ਐਸਾ ਆਇਆ ਕਿ ਕਥਨ ਤੋਂ ਬਾਹਰ, ਜੋ ਇਸ ਨੂੰ ਕਦੇ ਆਇਆ ਹੀ ਨਹੀਂ ਸੀ। ਮਸਤ ਹੋ ਗਿਆ। ਫਿਰ ਬਾਬਾ ਜੀ ਬੋਲੇ "ਕਿਉਂ ਬਈ ਹੁਣ ਦੱਸ।" ਕਹਿਣ ਲੱਗਾ "ਅੱਲਾ ਵਾਲਿਓ, ਬੜੀ ਰਹਿਮਤ ਕੀਤੀ ਮੇਰੇ ਗਰੀਬ ਉਤੇ। ਕੁਰਬਾਨ ਜਾਵਾਂ।" ਇਹ ਸਭ ਕੁਝ ਅੰਦਰੋਂ ਹੀ ਦਿਖਾ ਦਿੱਤਾ ਹੈ।" ਆਪ ਹੱਸਕੇ ਬੋਲੇ "ਹਾਂ, ਸਭ ਕੁਝ ਅੰਦਰ ਹੀ ਹੈ।"

**"ਭਾਈ ਨੰਦ ਲਾਲ ਸਾਹਿਬ"**
**ਜਮਾਲਿ ਓ ਹਮਾ ਜਾ, ਬੇ ਹਜਾਬ ਜਲਵਾਗਰ ਅਸਤ**
**ਤੂੰ ਦਰ ਹਜਾਬਿ ਖੁਦੀ, ਯਾਰਿ ਚਿ: ਕੁ ਨੰਦ ? ੨॥**
**ਸਾਂਈ ਹਰ ਥਾ ਹਾਜਰ ਨਾਜਰ, ਪੜਦਾ ਵਿੱਚ ਨਾ ਰਾਈ**
**ਤੈਨੂੰ ਆਪ ਖੁਦੀ ਉਹਲਾ ਦੱਸ ਕਰੇ ਕੀ ਮਾਹੀ॥**
**ਸਭ ਕਿਛੁ ਘਰ ਮਹਿ ਬਾਹਰਿ ਨਾਹੀ॥**

**ਮਾਝ: ਮ: ੫ (੧੦੨)**

ਫਿਰ ਆਜੜੀ ਨੂੰ ਬੋਲੇ "ਜਾ ਆਪਣਾ ਕੰਮ ਕਰ। ਹੁਣ ਜਿਵੇਂ ਅੱਗੇ ਮਿਹਨਤ ਕਰੇਗਾਂ, ਨਾਮ ਜੱਪੇਗਾ, ਇਹ ਅਨੰਦ ਵਧਦਾ ਹੀ ਜਾਏਗਾ। ਪਰ ਰੱਖੀਂ ਸੰਭਾਲ ਕੇ।"

**ਰਾਮ ਪਦਾਰਥੁ ਪਾਇਕੈ**
**ਕਬੀਰਾ ਗਾਂਠਿ ਨਾ ਖੋਲ॥ ੧੩੯੫॥**

ਇਸ ਤਰ੍ਹਾਂ ਉਸ ਨੂੰ ਨਿਹਾਲ ਕਰਕੇ ਆਪ ਅੱਗੇ ਚਲੇ ਗਏ॥

# ਊਨੇ ਬੇਦੀ ਸਾਹਿਬਜ਼ਾਦੇ ਨਾਲ ਮਿਲਾਪ

ਇਥੋਂ ਚੱਲਕੇ ਹੋਰ ਅੱਗੇ ਜਾਕੇ ਊਨੇ ਸਾਹਿਬ ਦੇ ਨੇੜੇ ਚਲੇ ਗਏ। ਇਕ ਦਰਖਤ ਦੇ ਹੇਠ ਜਾ ਬੈਠੇ। ਕਈ ਦਿਨ ਇਥੇ ਬੈਠਿਆਂ ਨੇ ਬਤੀਤ ਕੀਤੇ। ਇੱਕ ਦਿਨ ਇਸ ਪਾਸੇ ਵੱਲ ਬੇਦੀ ਸਾਹਿਬਜ਼ਾਦੇ ਸ਼ੇਰ ਦਾ ਸ਼ਿਕਾਰ ਕਰਦੇ ਹੋਏ ਆ ਗਏ। ਆਪ ਇਥੇ ਹੀ ਬੈਠੇ ਸਨ। ਉਸ ਦਿਨ ਤਾਂ ਆਪ ਦੇ ਨਾਲ ਕੋਈ ਗੱਲ ਨਹੀਂ ਹੋਈ। ਅਗਲੇ ਦਿਨ ਜਦੋਂ ਉਹ ਫੇਰ ਇਧਰ ਨੂੰ ਆਏ ਆਪ ਜੀ ਨੂੰ ਏਥੇ ਬੈਠੇ ਵੇਖਿਆ ਤੇ ਕੋਲ ਆ ਗਏ ਨਮਸਕਾਰ ਕਰਕੇ ਪੁਛਣ ਲੱਗੇ, "ਮਹਾਤਮਾ ਜਨ ਕਿਥੋਂ ਆਏ ਹਨ।" ਆਪ ਜੀ ਨੇ ਦੱਸਿਆ ਕਿ "ਦੁਆਬੇ ਵੱਲੋਂ।" ਹੋਰ ਸਾਰਾ ਨਗਰ ਵਗੈਰਾ ਪੁਛਣ ਤੋਂ ਬਾਅਦ ਬੇਦੀ ਸਾਹਿਬ ਕਹਿਣ ਲੱਗੇ ਕੋਈ ਜਲ ਪਾਣੀ ਕਿਤੋਂ ਛਕਿਆ ਕੇ ਨਹੀਂ। ਆਪ ਬੋਲੇ। "ਅਜੇ ਤਕ ਤਾਂ ਨਹੀਂ ਛਕਿਆ ਅਤੇ ਨ ਕੋਈ ਇੱਛਾ ਹੋਈ ਹੈ।" ਫਿਰ ਪੁਛਿਆ "ਭਿਛਿਆ ਨਹੀਂ ਕਰਦੇ ?" ਉੱਤਰ ਦਿੱਤਾ "ਕਦੇ ਕਰ ਵੀ ਲੈਂਦੇ ਹਾਂ, ਕਦੇ ਨਹੀਂ ਵੀ ਕਰਦੇ। ਫਿਰ ਬੇਦੀ ਸਾਹਿਬ ਬੋਲੇ "ਜੇ ਹੁਕਮ ਦਿਓ ਤਾਂ ਇਥੇ ਹੀ ਜਲ ਪਾਣੀ ਪਹੁੰਚਾ ਦੇਈਏ।" ਬਾਬਾ ਜੀ ਨੇ ਕਿਹਾ "ਤੁਸੀਂ ਇਤਨੀ ਖੇਚਲ ਨਾ ਕਰੋ ਕੀ ਪਤਾ ਅਸੀਂ ਕਦੋਂ ਇਥੋਂ ਚਲੇ ਜਾਈਏ, ਫਿਰ ਤੁਸੀਂ ਗੁਰੂ ਦੀ ਅੰਸ ਹੋ ਤੁਹਾਨੂੰ ਖੇਚਲ ਦੇਣੀ ਨਹੀਂ ਬਣਦੀ।" ਫਿਰ ਸਾਹਿਬਜ਼ਾਦੇ ਨੇ ਪੁਛਿਆ ਕਿ "ਮੁਖ ਤੇ ਕੱਪੜਾ ਕਿਉਂ ਰੱਖਦੇ ਹੋ।" ਬਾਬਾ ਜੀ ਨੇ ਹੱਸਕੇ ਕਿਹਾ "ਇਵੇਂ ਹੀ ਠੀਕ ਹੈ।" ਸਾਹਿਬਜ਼ਾਦੇ ਕਹਿਣ ਲੱਗੇ "ਜਿਵੇਂ ਤੁਹਾਡੀ ਰਜਾ ਉਵੇਂ ਹੀ ਠੀਕ ਹੈ ਤੇ ਤੁਹਾਡੀ ਕਰਨੀ ਹੈ ਕਰਵਾਉਣੀ ਨਹੀਂ। ਕਦੇ ਮੌਕਾ ਮਿਲਿਆ ਤਾਂ ਦਰਸ਼ਨ ਕਰਾਂਗੇ। ਇਉਂ ਬਚਨ ਕਰ ਸੁਣਕੇ ਬੇਦੀ ਸਾਹਿਬਜ਼ਾਦੇ ਚਲੇ ਗਏ।

# ਊਨੇ ਸਾਹਿਬ ਤੋਂ ਚੱਲ ਕੇ ਜੰਗਲ ਵਿੱਚ

ਉਸ ਤੋਂ ਪਿੱਛੋਂ ਕਈ ਦਿਨ ਬਤੀਤ ਕਰਨ ਪਿਛੋਂ ਇੱਕ ਦਿਨ ਫਿਰਦੇ ਫਿਰਦੇ ਸਹਿਜ ਸੁਭਾ ਹੀ ਊਨੇ ਸਾਹਿਬ ਦੇ ਨੇੜੇ ਪਹੁੰਚ ਗਏ। ਬਾਹਰ ਹੀ ਇੱਕ ਨਵੇਕਲੀ ਜਗ੍ਹਾ ਉਤੇ ਬੈਠ ਗਏ। ਕੁਝ ਚਿਰ ਬਾਅਦ ਇਥੋਂ ਇਕ ਪ੍ਰੇਮੀ ਲੰਘਿਆ। ਆਪ ਜੀ ਨੂੰ ਵੇਖ ਕੇ ਕਹਿਣ ਲੱਗਾ, "ਸੰਤ ਜੀ ਲੰਗਰ ਦਾ ਵਕਤ ਹੈ। ਚਲੋ ਪ੍ਰਸ਼ਾਦਾ ਛੱਕ ਲਵੋ, ਲੰਗਰ ਵਰਤ ਰਿਹਾ ਹੈ।" ਪਰ ਆਪ ਸਮਾਧੀ 'ਚ ਬੈਠੇ ਸਨ ਬੋਲੇ ਨਹੀਂ। ਉਹ ਅੱਗੇ ਲੰਘ ਗਿਆ। ਜਾ ਕੇ ਲਾਂਗਰੀ ਨੂੰ ਕਹਿਣ ਲੱਗਾ "ਬਾਹਰ ਇੱਕ ਮਹਾਤਮਾ ਬੈਠੇ ਹਨ, ਮੈਂ ਉਨਾਂ ਨੂੰ ਲੰਗਰ ਛੱਕਣ ਦੀ ਬੇਨਤੀ ਕੀਤੀ ਸੀ, ਪਰ ਉਨ੍ਹਾਂ ਨੇ ਕੋਈ ਉੱਤਰ ਨਹੀਂ ਦਿੱਤਾ। ਜੇ ਤੂੰ ਮੈਨੂੰ ਕੁਛ ਪ੍ਰਸ਼ਾਦੇ ਫੜਾ ਦੇਵੇਂ, ਮੈਂ ਜਾ ਕੇ ਉਨ੍ਹਾਂ ਨੂੰ ਦੇ ਆਵਾਂ।" ਬੇਦੀ ਸਾਹਿਬਜ਼ਾਦੇ ਵੀ ਕੋਲ ਹੀ ਖਲੋਤੇ ਸਨ ਪੁੱਛਣ ਲੱਗੇ "ਕਿਥੇ ਕੁ ਹਨ ?" ਉਸ ਨੇ ਕਿਹਾ "ਜੀ ! ਬਾਹਰ ਬੈਠੇ ਹਨ।" ਚਾਦਰ ਦੀ ਬੁੱਕਲ ਮਾਰੀ ਹੈ। ਮੂੰਹ ਤੇ ਹੋਰ ਕਪੜਾ ਲਿਆ ਹੈ। "ਬੇਦੀ ਸਾਹਿਬ ਸਮਝ ਗਏ। ਝੱਟ ਕਹਿਣ ਲੱਗੇ "ਉਨ੍ਹਾਂ ਕੋਲ ਅਸੀਂ ਆਪ ਜਾਵਾਂਗੇ।" ਇਉਂ ਕਹਿਕੇ ਦਾਲ ਪ੍ਰਸ਼ਾਦੇ ਲੈ ਕੇ ਥਾਲ ਵਿੱਚ ਰੱਖ ਕੇ ਇੱਕ ਸੇਵਾਦਾਰ ਨੂੰ ਨਾਲ ਲੈ ਕੇ, ਉਥੇ ਪਹੁੰਚ ਗਏ। ਬਾਬਾ ਜੀ ਨੇ ਵੇਖਕੇ ਗੁਰੂ ਕੀ ਅੰਸ ਜਾਣਕੇ ਸਤਿਕਾਰ ਕੀਤਾ ਅਤੇ ਕਿਹਾ "ਤੁਹਾਨੂੰ ਖੇਚਲ ਕਰਨ ਦੀ ਕੀ ਲੋੜ ਸੀ ?" ਬੇਦੀ ਸਾਹਿਬ ਨੇ ਉੱਤਰ ਦਿੱਤਾ। "ਕਮਾਈ ਵੱਡੀ ਹੈ, ਜਾਤ, ਜਨਮ ਵੱਡੀ ਨਹੀਂ। ਜੀ ਆਇਆਂ ਨੂੰ ਲਓ ਪ੍ਰਸ਼ਾਦਾ ਛੱਕੋ।" ਬਾਬਾ ਜੀ ਨੇ ਲੋੜ ਅਨੁਸਾਰ ਛੱਕ ਲਿਆ। ਹੱਥ ਸੁੱਚੇ ਕਰਨ ਤੋਂ ਬਾਅਦ ਬਾਬਾ ਜੀ ਨੇ ਕਿਹਾ ਕਿ ਸਾਨੂੰ ਆਗਿਆ ਦਿਓ, ਤੁਹਾਡਾ ਬਚਨ ਜਿਹੜਾ ਤੁਸੀਂ ਕੀਤਾ ਸੀ ਊਨੇ ਸਾਹਿਬ ਆਇਓ, ਹੁਣ ਮੰਨ ਲਿਆ ਹੈ। "ਬੇਦੀ ਸਾਹਿਬਜ਼ਾਦੇ ਕਹਿਣ ਲੱਗੇ "ਜੇ ਤੁਸੀਂ ਹੁਕਮ ਦਿਓ ਤਾਂ ਆਹ ਸਾਰੀ ਜਮੀਨ ਦੂਰ ਤੱਕ ਜੰਗਲ ਵਾਲੀ ਆਪਣੀ ਹੀ ਹੈ। ਜਿੱਥੇ ਜਗ੍ਹਾ ਪਸੰਦ ਹੋਵੇ, ਉਥੇ ਕੁਟੀਆ ਬਣਵਾ ਦਿੰਦੇ ਹਾਂ ਅਤੇ ਸੇਵਾਦਾਰ ਇੱਕ ਜਾਂ ਦੋ ਤੁਹਾਡੇ ਪਾਸ ਰਹਿਣਗੇ। ਹੁਕਮ ਅਨੁਸਾਰ ਸਭ

ਚੀਜ ਤੁਹਾਨੂੰ ਆਸਨ ਤੇ ਪਹੁੰਚ ਜਾਇਆ ਕਰੇਗੀ।" ਬਾਬਾ ਜੀ ਨੇ ਕਿਹਾ ਕਿ "ਸਾਨੂੰ ਕੋਈ ਇਕਾਂਤ ਅਸਥਾਨ ਦੱਸੋ। ਜਿਥੇ ਨੇੜੇ ਨੇੜੇ ਕੋਈ ਆਬਾਦੀ ਨਾ ਹੋਵੇ, ਸਿਰਫ ਇੱਕ ਪਾਣੀ ਹੋਵੇ। ਤਾਂ ਬੇਦੀ ਸਾਹਿਬ ਕਹਿਣ ਲੱਗੇ ਉਹ ਟਿਕਾਣਾ ਹੈ ਤਾਂ ਸਹੀ। ਇਥੋਂ "ਕਈ ਦਿਨ ਦੇ ਵਿੱਚ ਪਹੁੰਚੀਦਾ ਹੈ, ਬਹੁਤ ਦੂਰ ਹੈ।" ਆਪ ਬੋਲੇ ਉਹੀ ਚਾਹੀਦਾ ਹੈ।"

ਬੇਦੀ ਸਾਹਿਬ ਨੇ ਸਭ ਨਿਸ਼ਾਨੀਆਂ ਦੱਸ ਦਿੱਤੀਆਂ। ਆਪ ਉਸ ਵਕਤ ਹੀ ਤੁਰ ਪਏ। ਹੌਲੀ ਹੌਲੀ ਪੰਜ ਸੱਤ ਦਿਨਾਂ 'ਚ ਪਹੁੰਚ ਗਏ। ਚਾਰ ਚੁਫੇਰੇ ਉਚੇ ਪਹਾੜਾਂ ਵਿਚਾਲੇ ਇੱਕ ਸੰਘਣੇ ਬਿਰਛ ਹੇਠ ਦੀ ਨਦੀ ਦਾ ਨਿਰਮਲ ਜੱਲ ਵਗ ਰਿਹਾ ਸੀ। ਇੱਥੇ ਗਰਮੀ ਸਰਦੀ ਮੌਮਮ ਬੜਾ ਸੁੰਦਰ ਸੀ। ਸੋ ਉਸ ਨਦੀ ਦੇ ਕਿਨਾਰੇ ਬੈਠ ਗਏ। ਬਾਬਾ ਜੀ ਬਚਨ ਕਰਦੇ ਹੁੰਦੇ ਸਨ, "ਇਥੇ ਅਸੀਂ ਪੰਜ ਸਾਲ ਰਹੇ।" ਕੁਝ ਚਿਰ ਬਣਾਂ ਵਿੱਚੋਂ ਫਲ ਮਿਲ ਜਾਣਾ ਛੱਕ ਲੈਣਾ। ਪਹਿਲੇ ਮਹੀਨੇ ਤੀਸਰੇ ਦਿਨ ਇੱਕ ਫਲ। ਦੂਜੇ ਮਹੀਨੇ ਸੱਤਾਂ ਦਿਨਾਂ ਬਾਅਦ ਇੱਕ ਫਲ। ਤੀਜੇ ਮਹੀਨ ਪੰਦਰਾਂ ਦਿਨ ਬਾਅਦ ਇੱਕ ਫਲ। ਚੌਥੇ ਮਹੀਨੇ ਚੌਂਕੜਾ ਮਾਰਕੇ ਬੈਹ ਗਏ। ਇੱਕ ਸਾਲ ਬਾਅਦ ਸਮਾਧੀ ਖੋਲੀ ਤਾਂ ਦੋ ਫਲ ਪਏ ਨਜ਼ਰ ਆਏ। ਵੇਖ ਕੇ ਮਨ ਵਿੱਚ ਫੁਰਨਾ ਆਇਆ ਇਹ ਕੌਣ ਰੱਖ ਗਿਆ। ਇੱਕ ਅਵਾਜ਼ ਆਈ ਇਹ ਤੁਹਾਡੇ ਨਮਿੱਤ ਹਨ ਛੱਕ ਲਵੋ। ਸੋਚਿਆ ਇਹ ਅਵਾਜ਼ ਕਿਥੋਂ ਆਈ ਦੂਜੀ ਵਾਰ ਫਿਰ ਉਹੀ ਸੁਣਾਈ ਦਿੱਤੀ। ਸੁਣ ਕੇ ਫਲ ਛੱਕ ਲਿਆ। ਉਸ ਤੋਂ ਬਾਅਦ ਫਿਰ ਸਮਾਧੀ ਲੀਨ ਹੋ ਗਏ। ਦੋ ਸਾਲ ਬਾਅਦ ਸਮਾਧੀ ਖੋਲੀ। ਤਤਕਾਲ ਫਿਰ ਸਮਾਧੀ ਲੀਨ ਹੋ ਗਏ। ਦੋ ਸਾਲ ਬਾਅਦ ਫਿਰ ਸਮਾਧੀ ਖੋਲੀ। ਆਪ ਹੀ ਬਚਨ ਕਰਦੇ ਹੁੰਦੇ ਸਨ ਅਸੀਂ ਪੰਜ ਦੀਆਂ ੩ ਚੌਂਕੜੀਆਂ ਲਾਈਆਂ। ਪਹਿਲੀ ੧ ਸਾਲ ਦੀ ਦੂਜੀਆਂ ਦੋ-ਦੋ ਸਾਲ ਦੀਆਂ।

ਜੇ ਕੋਈ ਪੁੱਛੇ ਸਮਾਧਿਓਂ ਉਠਣ ਤੋਂ ਬਾਅਦ ਸਮੇਂ ਦਾ ਗਿਆਨ ਕਿਵੇਂ ਰਹਿੰਦਾ ਹੈ। ਇਸ ਦਾ ਉੱਤਰ ਸਤਿਗੁਰੂ ਨੇ ਆਪ ਹੀ ਬਾਣੀ ਵਿੱਚ ਦਿੱਤਾ ਹੈ।

**ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ॥**

ਵਾਰ. ਰਾ. ੯੪੯

**ਹੋਰ ਛਤੀਹ ਜੁਗ ਗੁਬਾਰੁ ਕਰ ਵਰਤਿਆ ਸੁੰਨਾਹਰ॥**

ਮਹਾਂ ਪੁਰਖ ਦੀ ਅਵਸਥਾ ਹੋਰ ਹੈ। ਮਹਾਂ ਪੁਰਖ ਨਿਰੰਕਾਰ ਨਾਲ ਹੋ ਕੇ ਸਮੇਂ ਅਨੁਸਾਰ ਦੇਹ ਵਿੱਚ ਆਉਂਦੇ ਹਨ। ਉਸ ਵੇਲੇ ਸਮੇਂ ਦਾ ਗਿਆਨ ਝੱਟ ਹੀ ਸਫੁਰਨ ਹੋ ਜਾਂਦਾ ਹੈ। ਕਿਉਂਕਿ ਵਾਹਿਗੁਰੂ ਚੇਤਨ ਹੈ, ਜੜ੍ਹ ਨਹੀਂ। ਵਾਹਿਗੁਰੂ ਦੀ ਚੇਤਨਾ ਸੱਤਾ ਹੀ ਸਭ ਨੂੰ ਚੇਤੰਨ ਰੱਖਦੀ ਹੈ। ਨਾਮ ਦੁਆਰਾ ਲੀਨ ਪੁਰਖ ਸਦਾ ਹੀ ਚੇਤੰਨ ਹੈ। ਸੰਸਾਰੀ ਬੰਦਾ ਜਦੋਂ ਕਿਤੇ ਬੇਹੋਸ਼ ਹੁੰਦਾ ਹੈ, ਮੈਂ ਕਿਥੇ ਹਾਂ, ਤੁਸੀਂ ਮੈਨੂੰ ਕੀ ਕਰ ਰਹੇ ਹੋ, ਆਦਿਕ। ਮਹਾਂ ਪੁਰਖ ਇਸਤੋਂ ਤਾਂ ਕਿਤੇ ਉੱਪਰ ਹਨ।

**ਸਬਦੇ ਹੀ ਸੋਝੀ ਪਈ ਸਚੈ ਆਪਿ ਬੁਝਾਈ॥ ੫॥**

**ਵਾ.ਰਾ.ਮ. ੩੯੫੯**

## ਹੋਰ ਕਈ ਅਸਥਾਨਾਂ ਤੇ ਵਿਚਰ ਕੇ ਘਰ ਘਰੋਂ ਫਿਰ ਬਾਹਰ

ਪੰਜ ਸਾਲ ਬਾਅਦ ਆਸਣ ਚੁੱਕ ਕੇ ਚੱਲਦੇ ਚੱਲਦੇ 'ਹਰੀ ਦੁਆਰੇ ਰਿਸ਼ੀਂ ਕੇਸ਼ ਹੁੰਦੇ ਹੋਏ ਬੱਦ੍ਰੀ ਨਾਥ ਚਲੇ ਗਏ। ਫਿਰ ਉਸ ਤੋਂ ਅੱਗੇ ਕਿਸੇ ਥਾ ਕਿਤੇ ਜੰਗਲ ਵਿੱਚ ਤਪੱਸਿਆ ਕਰਦੇ ਰਹੇ। ਫਿਰ ਜਿਵੇਂ ਆਪ ਦੱਸਦੇ ਹਨ ਅਸੀਂ "ਹੇਮ ਕੁੰਡ" ਦੇ ਨੇੜੇ ਹੀ ਕਿਤੇ ਟਿਕੇ ਰਹੇ। ਉਥੇ ਕਈ ਰਿਸ਼ਿਆਂ ਨਾਲ ਮੇਲ ਹੋਇਆ, ਜਿਹੜੇ ਕਿ ਪੁਰਾਤਨ ਸਮੇਂ ਤੋਂ ਆਪਣੀ ਇੱਛਾ ਅਨੁਸਾਰ ਸਰੀਰ ਰੱਖਦੇ ਹਨ। ਯੋਗੀ ਜਨ ਨੇ ਦਸਮੇਂ ਦੁਆਰ ਸੁਆਸ ਟਿਕਾ ਲੈਣੇ ਸੌ-ਸੌ ਬਰਸ ਜਾਂ ਇਸ ਤੋਂ ਵੀ ਵੱਧ ਸਮਾਂ ਸਮਾਧੀ ਲਾ ਕੇ ਬੈਠਣਾ। ਐਸੇ ਮਹਾਨ ਯੋਗੀ ਜਨ ਵੀ ਇਥੇ ਮਿਲੇ। ਫਿਰ ਉਸ ਤੋਂ ਬਾਅਦ ਦੱਸਦੇ ਸਨ "ਕੁਝ ਐਸੇ ਸਿੱਖਾਂ ਦੇ ਵੀ ਦਰਸ਼ਨ ਹੋਏ। ਜਿਹੜੇ ਦਸਮ ਪਾਤਸ਼ਾਹ ਦੇ ਸਮੇਂ ਤੋਂ ਹੀ ਗੁਰੂ ਕੇ ਹੁਕਮ ਅਨੁਸਾਰ ਸਰੀਰ ਰੱਖ ਕੇ ਜੰਗਲਾਂ ਵਿੱਚ ਵਿਚਰਦੇ ਹਨ। ਇਹ ਸਿੱਖ ਬਦੇਹ ਮੁਕਤ ਅਵਸਥਾ ਵਾਲੇ ਹੁੰਦੇ ਹਨ। ਜਿਸ ਵੇਲੇ ਸੰਸਾਰ ਵਿੱਚ ਗੁਰੂ ਜੀਵਨ ਵਾਲੇ ਘਟਦੇ ਦਿੱਸਣ ਤਾਂ ਗੁਰੂ ਕੇ ਹੁਕਮ ਅਨੁਸਾਰ ਇਹ ਸਰੀਰ ਧਾਰ ਕੇ ਸੰਸਾਰ ਵਿੱਚ ਫਿਰ ਤੋਂ ਗੁਰੂ ਸਿੱਖੀ ਜੀਵਨ ਦਾਤ ਬਖਸ਼ ਕੇ ਅਪਨਾ ਸਮਾਂ ਪੂਰਾ ਕਰਕੇ ਦਰਗਾਹ ਨੂੰ ਚਲੇ ਜਾਂਦੇ ਹਨ। ਇਨ੍ਹਾਂ ਨੂੰ ਇਹ ਹੁਕਮ ਹੈ। ਇਸਦੇ ਨਾਲ ਇੱਕ ਭਵਿਖਤ ਬਚਨ ਕੀਤਾ ਕਿ ਜਦੋਂ ਧਰਮੀ ਪੁਰਖ ਰਾਜ ਕਰੇਗਾ ਉਸ ਵੇਲੇ ਉਹ ਬਖਸ਼ੀਆਂ ਹੋਈਆਂ ਰੂਹਾਂ, ਸਭ ਸਰਦਾਰੀਆ, ਗੁਰੂ ਕੇ ਹੁਕਮ ਅਨੁਸਾਰ ਕਰਨਗੀਆਂ। ਉਹ ਸਭ ਦੇ ਜਥੇਦਾਰ ਬਣਨਗੇ। ਇਥੋਂ ਤੁਰ ਕੇ ਫਿਰ ਮੈਦਾਨੀ ਇਲਾਕੇ ਵਲ ਆ ਗਏ। ਇਥੇ ਬੈਠਿਆਂ ਨੂੰ ਹੁਕਮ ਹੋਇਆ ਕਿ ਜਾਕੇ ਇੱਕ

ਵਾਰ ਮਾਤਾ ਨੂੰ ਮਿਲੋ ਉਸ ਨੇ ਯਾਦ ਕੀਤਾ ਹੈ। ਹੁਕਮ ਮੰਨ ਕੇ ਚੱਲ ਪਏ। ਨਗਰ ਪਹੁੰਚੇ। ਜਿਸ ਵੇਲੇ ਘਰ ਗਏ, ਅੱਗੇ ਮਾਤਾ ਦਾ ਸਰੀਰ ਕੁਝ ਢਿੱਲਾ ਸੀ। ਘਰ ਕਿਸੇ ਜੀ ਨੇ ਆਵਾਜ਼ ਦੇ ਕੇ ਕਿਹਾ "ਮਾਂ, ਮਸਤਾਨਾ ਆ ਗਿਆ ਹੈ। ਤੂੰ ਯਾਦ ਕਰਦੀ ਸੀ।" ਮਾਂ ਨੇ ਅੱਖਾਂ ਖੋਲ੍ਹ ਕੇ ਵੇਖਿਆ ਨਾਲ ਹੀ ਮਾਤਾ ਦੇ ਸੁਆਸ ਪੂਰੇ ਹੋ ਗਏ। ਫਿਰ ਘਰ ਨਹੀਂ ਠਹਿਰੇ। ਵਾਪਿਸ ਉਨੀਂ ਪੈਰੀ ਮੁੜੇ। ਇਥੋਂ ਚਲਦੇ ਹੋਏ ਬਹੁਤ ਦੂਰ ਨਿਕਲ ਗਏ ਜਿਥੇ ਗੁਰੂ ਨਾਨਕ ਦਾ ਮਿੱਠਾ ਰੀਠਾ ਅਸਥਾਨ ਹੈ। ਇਥੇ ਕੁਝ ਦਿਨ ਠਹਿਰੇ। ਇਥੋਂ ਚੱਲ ਕੇ ਆਗਰੇ "ਰਾਧਾ ਸੁਆਮੀ" ਮਤ ਦੇ ਕਿਸੇ ਆਗੂ ਨਾਲ ਮੇਲ ਹੋਇਆ। ਉਸ ਦੇ ਪਾਸ ਠਹਿਰ ਕੇ ਫਿਰ ਅੱਗੇ ਚਲੇ ਗਏ।

## ਇੱਕ ਮੁਸਲਮਾਨ ਫ਼ਕੀਰ ਨਾਲ ਮੇਲ

ਇੱਕ ਜਗ੍ਹਾ ਜੰਗਲ ਵਿੱਚ ਮੁਸਲਮਾਨ ਫ਼ਕੀਰ ਰਹਿੰਦਾ ਸੀ। ਇਸਦੇ ਨੇੜੇ ਹੀ ਆਸਣ ਲਾ ਕੇ ਬੈਠ ਗਏ। ਕੁਝ ਚਿਰ ਪਿਛੋਂ ਉਸ ਦਾ ਇੱਕ ਮੁਰੀਦ ਇਧਰ ਆ ਨਿਕਲਿਆ। ਆਪ ਜੀ ਨੂੰ ਬੈਠਿਆਂ ਵੇਖ ਕੇ ਕਹਿਣ ਲੱਗਾ "ਸੰਤ ਜੀ, ਤੁਸੀ ਕਿਥੋਂ ਆਏ।" ਆਪ ਜੀ ਨੇ ਸਾਰੀ ਗੱਲਬਾਤ ਦੱਸੀ। ਉਹ ਸੁਣਕੇ ਕਹਿਣ ਲੱਗਾ, "ਤੁਹਾਡਾ ਇਥੇ ਰਹਿਣਾ ਮੁਸ਼ਕਿਲ ਹੈ।" ਬਾਬਾ ਜੀ ਨੇ ਪੁਛਿਆ "ਕਿਉਂ।" ਉਹ ਬੋਲਿਆ, "ਮੇਰਾ ਪੀਰ ਹੈ। ਉਹ ਹੁਣ ਤਾਂ ਚਲੀਸੈ ਵਿੱਚ ਬੈਠਾ ਹੈ, ਦੋ-ਚਾਰ ਦਿਨਾਂ ਤੱਕ ਬਾਹਰ ਆਵੇਗਾ। ਉਹ ਕਿਸੇ ਹਿੰਦੂ ਨੂੰ ਚੰਗਾ ਨਹੀਂ ਸਮਝਦਾ। ਉਸ ਵੇਲੇ ਤੁਹਾਨੂੰ ਇਥੋਂ ਜਾਣਾ ਪਵੇਗਾ।" ਬਾਬਾ ਜੀ ਕਹਿਣ ਲੱਗੇ "ਇਹ ਕਿਉਂ ? ਜੇ ਕੋਈ ਕਿਸੇ ਦਾ ਵਿਗਾੜੇ ਨਾ ਤਾਂ ਉਸ ਨੂੰ ਤਾਂ ਕੋਈ ਵੀ ਮਾੜਾ ਨਹੀਂ ਸਮਝਦਾ। ਫਿਰ ਇਹ ਤਾਂ ਫੱਕਰ ਹੈ ਇਸ ਨੂੰ ਕੀ ਇਨ੍ਹਾਂ ਗੱਲਾਂ ਨਾਲ ? ਉਹ ਬੋਲਿਆ, "ਜੀ, ਇਤਨਾ ਤਾਂ ਮੈਨੂੰ ਪਤਾ ਨਹੀਂ। ਜਿਸ ਗੱਲ ਦਾ ਮੈਨੂੰ ਪਤਾ ਸੀ ਮੈਂ ਦੱਸ ਦਿੱਤਾ ਹੈ। ਅੱਗੇ ਤੁਹਾਡੀ ਮਰਜ਼ੀ। ਜੋ ਮੈਨੂੰ ਮੇਰੇ ਪੀਰ ਦਾ ਹੁਕਮ ਸੀ ਮੈਂ ਕਹਿ ਦਿੱਤਾ ਹੈ। ਉਸਨੇ ਮੈਨੂੰ ਨਸੀਹਤ ਕੀਤੀ ਹੈ ਕਿ ਕੋਈ ਹਿੰਦੂ ਮੇਰੇ ਮੱਥੇ ਵੀ ਨਾ ਲੱਗੇ। ਕਈ ਵਾਰ ਉਹ ਬਾਹਰ ਵੀ ਆ ਜਾਂਦੇ ਹਨ। ਜੇ ਇੱਧਰ ਆ ਗਏ ਫਿਰ ਮੁਸ਼ਕਿਲ ਹੋਏਗੀ।" ਆਪ ਜੀ ਨੇ ਕੋਈ ਉੱਤਰ ਨਹੀਂ ਦਿੱਤਾਂ ਉਹ ਚਲਾ ਗਿਆ। ਸ਼ਾਮ ਨੂੰ ਜਦੋਂ ਪੀਰ ਨੇ ਅੰਦਰ ਬੈਠੇ ਨੇ ਅਵਾਜ ਦੇ ਕੇ ਮੁਰੀਦ ਸੱਦ ਕੇ ਗੱਲ ਬਾਤ ਕੀਤੀ। ਮੁਰੀਦ ਨੇ ਪੀਰ

ਦੀ ਗੱਲ ਸੁਣ ਕੇ ਬਾਬਾ ਜੀ ਵਾਲੀ ਸਾਰੀ ਵਾਰਤਾ ਕਹਿ ਸੁਣਾਈ। ਸੁਣ ਕੇ ਉਹ ਗੁੱਸੇ ਵਿੱਚ ਆ ਗਿਆ। ਕਹਿਣ ਲੱਗਾ "ਜਾ ਕੇ ਵੇਖ। ਜੇ ਉਹ ਚਲਾ ਗਿਆ ਹੈ ਤਾਂ ਠੀਕ ਹੈ। ਜੇ ਨਹੀਂ ਤਾਂ ਐਸੇ ਵੇਲੇ ਹੀ ਉਸ ਨੂੰ ਤੋਰ ਦੇਹ।" ਉਹ ਗਿਆ। ਜਾ ਕੇ ਬਾਬਾ ਜੀ ਨੂੰ ਕਹਿਣ ਲੱਗਾ "ਸੰਤ ਜੀ, ਤੁਸੀਂ ਚਲੇ ਜਾਓ। ਮੇਰੇ ਪੀਰ ਦਾ ਹੁਕਮ ਹੈ।" ਸੁਣ ਕੇ ਬਾਬਾ ਜੀ ਬੋਲੇ, "ਅਸੀਂ ਤਿੰਨ ਚਾਰ ਦਿਨ ਇਥੇ ਰਹਿਣਾ ਹੈ। ਅਜੇ ਨਹੀਂ ਜਾਣਾ।" ਸੁਣ ਕੇ ਮੁੜ ਗਿਆ। ਉਸ ਨੇ ਜਾ ਕੇ ਦੱਸਿਆ "ਜੀ, ਉਹ ਮੇਰੇ ਤੋਰਿਆ ਨਹੀਂ ਜਾਂਦਾ।" ਪੀਰ ਨੇ ਫਿਰ ਇੱਕ ਹੋਰ ਚੇਲਾ ਭੇਜਿਆ। ਉਸ ਨੇ ਆ ਕੇ ਕਿਹਾ "ਚਲੇ ਜਾਓ।" ਅੱਗੋਂ ਆਪ ਨੇ ਉੱਤਰ ਦਿੱਤਾ। "ਪੀਰ ਨੂੰ ਮਿਲੇ ਬਿਨਾਂ ਨਹੀਂ ਜਾਣਾ" ਚੇਲੇ ਨੇ ਕਿਹਾ "ਉਹ ਤਾਂ ਮੁਸਲਮਾਨ ਤੋਂ ਬਿਨਾਂ ਕਿਸੇ ਨਾਲ ਗੱਲਬਾਤ ਕਰਕੇ ਨਹੀਂ ਰਾਜ਼ੀ। ਤੁਸੀ ਆਖਦੇ ਹੋ ਪੀਰ ਨੂੰ ਮਿਲਣਾ ਹੈ।" ਬਾਬਾ ਜੀ ਨੇ ਕਿਹਾ ਕਿ "ਅਸੀਂ ਉਸਨੂੰ ਮਿਲਣਾ ਹੈ ਅਤੇ ਅੱਜ ਰਾਤ ਨੂੰ ਮਿਲਣਾ ਹੈ। ਤੂੰ ਉਸ ਨੂੰ ਆਖਦੇ ਤੈਨੂੰ ਮਿਲ ਕੇ ਜਾਣਗੇ। ਐਵੇਂ ਨਹੀਂ ਜਾਣਾ। ਉਸ ਨੇ ਜਾਕੇ ਪੀਰ ਨੂੰ ਦੱਸਿਆ "ਜੀ, ਉਹ ਤਾਂ ਇਉਂ ਬੋਲਦਾ ਹੈ।" ਸੁਣ ਕੇ ਪੀਰ ਚੁਪ ਰਿਹਾ। ਅੱਧੀ ਰਾਤ ਤੋਂ ਬਾਅਦ ਪੀਰ ਦੇ ਦਰਦ ਸ਼ੁਰੂ ਹੋ ਗਿਆ। ਵੱਧਦਾ ਵੱਧਦਾ ਵੱਧ ਗਿਆ, ਸਹਾਰਿਆ ਨਾ ਗਿਆ। ਐਸਾ ਦੁਖੀ ਹੋਇਆ ਹਾਏ ਹਾਏ ਕਰੇ। ਫਿਰ ਮੁਰੀਦਾਂ ਨੂੰ ਕਹਿਣ ਲੱਗਾ।"ਜਾਉ, ਉਸ ਸੰਤ ਨੂੰ ਸੱਦ ਕੇ ਲਿਆਓ।" ਇੱਕ ਚੇਲਾ ਗਿਆ। ਬਾਬਾ ਜੀ ਨੂੰ ਜਾ ਦੱਸਿਆ। "ਜੀ ਤੁਹਾਨੂੰ ਪੀਰ ਨੇ ਯਾਦ ਕੀਤਾ ਹੈ।" ਆਪ ਉਸ ਦੇ ਨਾਲ ਹੋ ਤੁਰੇ ਜਦੋਂ ਕੋਲ ਗਏ ਪੁਛਿਆ "ਪੀਰ ਜੀ ਕੀ ਹਾਲ ਹੈ?" ਉਹ ਬੋਲਿਆ "ਜਾਨ ਨਿਕਲਦੀ ਹੈ ਦਰਦ ਨਾਲ। ਰਹਿਮਤ ਕਰੋ।" ਬਾਬਾ ਜੀ ਦੇ ਹੱਥ ਵਿੱਚ ਸੋਟੀ ਸੀ। ਉਸ ਦੇ ਪੇਟ ਨਾਲ ਲਾਈ ਦਰਦ ਬੰਦ ਹੋ ਗਿਆ। ਫਿਰ ਪੁਛਿਆ "ਹੁਣ ਕਿਵੇਂ ਹੈ?" ਉਹ ਬੋਲਿਆ, "ਹੁਣ ਤਾਂ ਦਰਦ ਨਹੀਂ ਹੁੰਦਾ।" ਆਪ ਬੋਲੇ, "ਅਸੀਂ ਤਾਂ ਹੁਣ ਚਲਦੇ ਹਾਂ ਬਾਕੀ ਗੱਲ ਸਵੇਰੇ ਕਰਾਂਗੇ।

ਅਗਲੇ ਦਿਨ ਸਵੇਰੇ ਉਸ ਨੇ ਸੇਵਕ ਭੇਜ ਕੇ ਸਤਿਕਾਰ ਨਾਲ ਕੋਲ ਸੱਦਿਆ ਅਤੇ ਆਪਣੇ ਕੋਲੋਂ ਇੱਕ ਕੱਪੜਾ ਵਿਛਾ ਕੇ ਉਪਰ ਬਿਠਾਇਆ। ਉਸ ਨੇ ਪੁਛਿਆ "ਕੀ ਨਾਮ ਹੈ ਆਪਦਾ?" ਆਪ ਬੋਲੇ "ਸਾਡਾ ਨਾਮ

ਮਹਾਂਹਰਿਨਾਮ ਸਿੰਘ ਹੈ।" ਪੀਰ ਬੋਲਿਆ ਜੀ ਮੇਰਾ ਇੱਕ ਕੰਮ ਵਿਗੜ ਗਿਆ ਹੈ।" ਆਪ ਬੋਲੇ "ਉਹ ਕਿਹੜਾ ?" ਪੀਰ ਬੋਲਿਆ ਮੇਰਾ ਨਿਯਮ ਸੀ ਕਿ ਐਨੇ ਦਿਨ ਲਗਾਤਾਰ ਆਪਣੀ ਬੰਦਗੀ ਦੇ ਦੌਰਾਨ ਆਪਣੇ ਆਸਣ ਉਤੇ ਕਿਸੇ ਨੂੰ ਨਹੀਂ ਆਉਣ ਦੇਣਾ, ਪਰ ਦਰਦ ਹੋਣ ਕਰਕੇ ਨਿਯਮ ਟੁੱਟ ਗਿਆ।" ਆਪ ਹੱਸ ਕੇ ਬੋਲੇ "ਤੂੰ ਕਿਤਨਿਆਂ ਦੇ ਨਿਯਮ ਤੋੜੇ ਹਨ। ਅੱਜ ਤੱਕ ਗਿਣਤੀ ਕਰਕੇ ਵੇਖ। "ਪੀਰ ਜੀ ਮੈਂ ਕਿਵੇਂ ਤੋੜੇ ?" ਤਾਂ ਆਪ ਬੋਲੇ "ਕਿੰਨੇ ਹਿੰਦੂ ਲੋਕ ਮੁਸਲਮਾਨ ਬਣਾਏ। ਯਾਦ ਕਰ। ਉਹ ਦੁਖੀ ਹੋ ਕੇ ਔਲਾਦ ਵੱਲੋਂ, ਘਰ ਵੱਲੋਂ ਤੇਰੇ ਕੋਲ ਆਏ। ਇੱਕ ਫੱਕਰ ਜਾਣ ਕੇ ਪਰ ਤੂੰ ਸਭ ਨੂੰ ਮੁਸਲਮਾਨ ਬਨਣ ਦਾ ਉਪਦੇਸ਼ ਕੀਤਾ। ਕਈ ਤਾਂ ਬਣ ਵੀ ਗਏ ਆਪਣੀ ਗਰਜ ਵਾਸਤੇ। ਕੀ ਉਨ੍ਹਾਂ ਦਾ ਕੋਈ ਨਿਯਮ ਨਹੀਂ ਸੀ ਜਿਹੜਾ ਤੂੰ ਤੋੜਿਆ ਹੋਵੇ ? ਹੁਣ ਵੀ ਤੇਰੇ ਹੁਕਮ ਨਾਲ ਤੇਰੇ ਮੁਰੀਦ ਕਿਸੇ ਹਿੰਦੂ ਨੂੰ ਤੇਰੇ ਨੇੜੇ ਨਹੀਂ ਹੋਣ ਦਿੰਦੇ। ਐਨੀ ਬੰਦਗੀ ਕਰਕੇ ਮੁਤਸਾਬ ਕਰਨ ਦੀ ਕੀ ਲੋੜ। ਜੋ ਤੇਰੇ ਮੁਰਸ਼ਿਦ ਨੇ ਤੈਨੂੰ ਦੱਸਿਆ ਹੈ ਉਹ ਤੂੰ ਕਰ। ਜੇ ਕੋਈ ਤੇਰੀ ਕਰਨੀ ਵੇਖ ਕੇ, ਤੇਰੇ ਤੇ ਸ਼ਰਧਾ ਕਰਦਾ ਹੈ, ਤੂੰ ਆਪਣੀ ਤਾਕਤ ਨਾਲ ਉਸਦੀ ਦੁਨਿਆਵੀ ਲੋੜ ਪੂਰੀ ਕਰ ਸਕਦਾ ਹੈ, ਜੇ ਕੋਈ ਰੂਹਾਨੀਅਤ ਬਾਰੇ ਸਵਾਲ ਕਰੇ, ਕੁਝ ਮੰਗੇ, ਉਸ ਬੰਦੇ ਦੀ ਸੁਰਤ ਬਿਰਤੀ ਉਥੇ ਲੱਗੇ ਹੋਏ ਦੀ ਉਚੀ ਕਰਦੇ, ਮਨ ਦੀ ਅਵਸਥਾ ਬਦਲਦੇ, ਦੀਨ ਬਦਲਾਉਣ ਦੀ ਲੋੜ ਨਹੀਂ। ਜਿਥੇ ਬੂਟਾ ਲੱਗਾ ਹੋਵੇ, ਵਧਿਆ ਫੁਲਿਆ ਹੋਵੇ, ਉਥੋਂ ਪੁੱਟਣ ਦੀ ਲੋੜ ਨਹੀਂ। ਕੀ ਪਤਾ ਤੇਰਾ ਹੋਰ ਥਾਂ ਲਾਇਆ ਹੋਇਆ ਲੱਗੇ ਕੇ ਨਾ ਲੱਗੇ। ਜੋ ਕੁਝ ਤੂੰ ਕਰ ਰਿਹਾ ਹੈਂ ਇਹ ਘਾਟੇ ਵਾਲਾ ਸੌਦਾ ਹੈ। ਬਹੁਤੇ ਮੁਰੀਦ ਬਣਾ ਕੇ ਵੱਡੇ ਤਾਂ ਨਹੀਂ ਬਣੀਦਾ। ਜੀਵਨ ਵਾਲੇ ਥੋੜ੍ਹੇ ਹੀ ਬਹਤ ਹਨ, ਬਹੁਤੇ ਕਦੇ ਹੋਏ ਵੀ ਨਹੀਂ।"

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ।**

**ਵਾਰਾਂ ਤੇ ਵਧੀਕ ਮ: ੧, ੧੪੧੧**

ਬਾਬਾ ਜੀ ਨੇ ਦੱਸਿਆ ਸਾਡੇ ਗੁਰੂ ਦੇ ਘਰ ਵਿੱਚ ਤਾ ਇਓ ਹੁਕਮ ਹੈ:-

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥** (ਅੰਗ ੩੮੧)

ਇਹ ਹੁਣ ਵੇਖ ਲਓ ਅਪਨਾ ਮਨ ਸਮਝਾਉਣ ਉਤੇ ਕੀ ਕੁਝ ਕਰਨਾ ਪੈਂਦਾ ਹੈ। ਉਸ ਬਚਨ ਨੇ ਪੀਰ ਜੀ ਦੇ ਮਨ ਉਤੇ ਐਸਾ ਪ੍ਰਭਾਵ ਪਾਇਆ

ਕਿ ਅਪਨੇ ਮਨ ਦੀ ਸਾਰੀ ਹਾਲਤ ਬਾਬਾ ਜੀ ਕੋਲ ਖੋਲ੍ਹ ਦਿੱਤੀ। ਨਾਲ ਦੱਸਿਆ "ਜੀ ਮੇਰੇ ਵੱਸ ਦੀ ਤਾਂ ਕੋਈ ਗੱਲ ਨਹੀਂ। ਬਹੁਤ ਜ਼ੋਰ ਲਾ ਚੁੱਕਾ ਹਾਂ।" ਬਾਬਾ ਜੀ ਨੇ ਪੁਛਿਆ "ਤੇਰਾ ਮੁਰਸ਼ਦ ਕਿਥੇ ਹੈ।" ਪੀਰ ਬੋਲਿਆ ਜੀ ਉਹ ਤਾਂ ਵਫਾਤ (ਭਾਵ ਮਰ ਚੁੱਕੇ ਹਨ)।" ਇਉਂ ਬਚਨ ਕਰਕੇ ਕਹਿਣ ਲੱਗੇ ਕਲਮਾ ਸੁਣਾ। ਉਸਨੇ ਸੁਣਾਇਆ। ਫਿਰ ਬੋਲੇ "ਜਿਸ ਕਲਾਮ ਦੇ ਚਾਲੀਸੇ ਕੀਤੇ ਹਨ, ਉਹ ਵੀ ਉਸ ਦਾ ਹੀ ਆਪਣੇ ਨਿਯਮ ਅਨੁਸਾਰ ਪਾਠ ਸ਼ੁਰੂ ਕਰ ਦੇ। ਫਿਰ ਵੇਖ ਕਿਵੇਂ ਰੰਗ ਲਗਦੇ ਹਨ।" ਸੱਤ ਬਚਨ ਕਹਿ ਕੇ ਉਸ ਨੇ ਅਗਲੀ ਸਵੇਰ ਤੋਂ ਹੀ ਸ਼ੁਰੂ ਕਰ ਦਿੱਤਾ ਇੱਕ ਦੋ ਦਿਨਾਂ ਵਿੱਚ ਹੀ ਮਨ ਦੀ ਅਵਸਥਾ ਹੋਰ ਹੋ ਗਈ। ਚੌਥੇ ਦਿਨ ਆਪ ਤੁਰਨ ਨੂੰ ਤਿਆਰ ਹੋਏ ਤਾਂ ਹੱਥ ਜੋੜ ਕੇ ਪੀਰ ਨੇ ਬੇਨਤੀ ਕੀਤੀ "ਰੱਬ ਵਾਲਿਓ, ਤੁਸੀਂ ਸਦਾ ਹੀ ਮੇਰੇ ਕੋਲ ਟਿਕੋ। ਮੈਂ ਆਪ ਦੀ ਖ਼ਿਦਮਤ ਕਰਾਂਗਾ।" ਆਪ ਬੋਲੇ, ਨਹੀਂ, ਅਸੀਂ ਹੁਣ ਜਾਣਾ ਹੈ।" ਬਾਬਾ ਜੀ ਪਾਸ ਇੱਕ ਹੱਥ ਲਿਖਤ ਵੇਖ ਕੇ ਪੁਛਣ ਲੱਗਾ "ਇਹ ਕਿਹੜੀ ਕਿਤਾਬ ਹੈ।" ਉਹ ਬੋਲਿਆ "ਮੈਨੂੰ ਦੇ ਦਿਓ।" ਬਾਬਾ ਜੀ ਕਹਿਣ ਲੱਗੇ "ਲੈ ਲਾ, ਤੂੰ ਗੁਰਮੁਖੀ ਕਿਵੇਂ ਪੜ੍ਹੇਂਗਾ ?" ਉਹ ਬੋਲਿਆ "ਮੈਂ ਗੁਰਮੁਖੀ ਪੜ ਸਕਦਾ ਹਾਂ। ਮੇਰਾ ਪਿੱਛਾ ਪੰਜਾਬ ਦਾ ਹੀ ਹੈ।" ਸੋ ਉਸ ਨੇ ਗੁਟਕਾ ਲੈ ਲਿਆ। ਫਿਰ ਬੋਲਿਆ ਜੀ, "ਇੱਕ ਰਾਤ ਹੋਰ ਟਿਕੋ।" ਬੇਨਤੀ ਮੰਨ ਕੇ ਟਿਕ ਗਏ। ਫਿਰ ਪੀਰ ਨੇ ਗੁਟਕੇ ਵਿੱਚੋਂ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕੀਤਾ। ਚਿਤ ਪ੍ਰਸੰਨ ਹੋ ਗਿਆ। ਬੇਨਤੀ ਕਰਨ ਲੱਗਾ "ਜੇ ਹੁਕਮ ਦਿਓ, ਤਾਂ ਮੈਂ ਇਸਦਾ ਵੀ ਪਾਠ ਕਰ ਲਿਆ ਕਰਾਂ। ਆਪ ਬੋਲੇ, "ਕਰ ਲਿਆ ਕਰ" ਫਿਰ ਉਸਨੂੰ ਸ੍ਰੀ ਜਪੁ ਜੀ ਸਾਹਿਬ ਦੇ ਪਾਠ ਦੀ ਮਰਾਯਾਦਾ ਸਮਝਾਈ ਕਿ ਇਸ ਪਾਠ ਨੂੰ ਇਉਂ ਕਰਨਾ ਹੈ।"

ਫਿਰ ਬੋਲੇ "ਇਹ ਪਾਠ ਸਵਾ ਲੱਖ ਹੋ ਜਾਏ, ਬੇੜਾ ਪਾਰ ਹੋ ਜਾਂਦਾ ਹੈ।" ਅਗਲੇ ਦਿਨ ਤੁਰ ਪਏ। ਪੀਰ ਵਿਦਾ ਕਰਨ ਦੂਰ ਤੱਕ ਨਾਲ ਗਿਆ। ਕੁਝ ਅਗੇ ਜਾ ਕੇ ਖਲੋ ਗਏ ਬੋਲੇ, "ਪੀਰ ਜੀ, ਹੁਣ ਮੁੜ ਜਾਓ। ਜਿਤਨੀ ਦੁਨੀਆਂ ਨਾਲੋਂ ਪ੍ਰੀਤੀ ਟੁੱਟੇਗੀ, ਰੱਬ ਨਾਲ ਵਧੇਗੀ। ਬੰਦਗੀ ਕਰਨ ਦਾ ਵੇਲਾ ਹੋਵੇ ਕੋਈ ਰੁਕਾਵਟ ਰਸਤੇ ਵਿੱਚ ਆਵੇ, ਉਸ ਦੀ ਪ੍ਰਵਾਹ ਨਹੀਂ ਕਰਨੀਂ।"

**ਬੇਢੀ ਪ੍ਰੀਤਿ ਮਜੂਰੀ ਮਾਂਗੈ**

**ਜਉ ਕੋਉ ਛਾਨਿ ਛਵਾਵੈ ਹੋ॥**
**ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥**

**ਸੋ: ਨਾਮਦੇਵ ੬੫੭**

ਪੀਰ ਜੀ ਅੰਦਰ ਬਾਹਰ ਰੱਬ ਸਾਰੇ ਹੀ ਹੈ। ਪਰ ਉਸ ਨਾਲ ਜਦੋਂ ਪਿਆਰ ਪੈ ਜਾਵੇ, ਪਿਆਰ ਐਨਾ ਹੋਵੇ, ਜਿਵੇਂ ਦੱਸਿਆ ਹੈ। ਉਹ ਅੰਦਰੋਂ ਪ੍ਰਤੱਖ ਹੋ ਜਾਂਦਾ ਹੈ। ਬੰਦਗੀ ਨਾਲ ਪਿਆਰ ਕਰੋ। ਇਹੋ ਹੀ ਸਭ ਤੋਂ ਸੁਆਦਲੀ ਵਸਤੂ ਹੈ। ਜਾਓ ਮੁੜੋ, ਬੈਠੋ ਆਪਣੇ ਥਾਂ ਉਤੇ।" ਪੀਰ ਨੇ ਆਖਰੀ ਵਾਰ ਪੁਛਿਆ, "ਜੇ ਕਿਤੇ ਮਿਲਣਾ ਹੋਵੇ ਤਾਂ ਕਿਥੇ ?" ਆਪ ਬੋਲੇ ਸਾਡਾ ਨਾਮ ਮਹਾਂਹਰਿਨਾਮ ਸਿੰਘ ਰੁਮੀ ਵਾਲੇ ਹੈ। ਜਦੋਂ ਵਕਤ ਆਇਆ ਆਪ ਸੱਦ ਲਵਾਂਗੇ।

ਮਹਾਂਪੁਰਖਾਂ ਦੀ ਸੰਗਤ ਦਾ ਇਹ ਫਲ ਹੈ

**ਮੇਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥ ਰਹਾਉ॥**

**ਬਿਲਵਲ ਮ: ੮੦੯**

**ਕੀਮੀਆਇਰ ਗਰ ਜ਼ਿ ਮਿਸ਼ ਸਾਜ਼ਦ ਤਿਲਾ ਈਂ ਦੂਰ ਨੇਸਤ॥**
**ਤਾਲਥਿ ਹੱਕ ਖਾਕ ਰਾ, ਖੁਰਸੀਦਿ ਅਨਵਰ ਮੇ ਕੁਨਦ॥**
**ਕਰੇ ਰਸਾਇਣ ਵਾਲਾ ਸੋਨਾ ਤਾਂਬੇ ਨੂੰ ਜਦ ਗਾਲੇ ਦੂਰ ਨਾ ਭਾਲੇ**
**ਖਾਕ ਨੂੰ ਸੂਰਜ ਕਰ ਦਿਖਲਾਂਦੇ ਸੱਚੇ ਸਾਈਂ ਵਾਲੇ ਰਹਿਣ ਸੁਖਾਲੈ॥**

**ਭਾਈ ਨੰਦਲਾਲ ਜੀ**

ਸੋ ਇਸ ਤਰ੍ਹਾਂ ਬਾਬਾ ਜੀ ਨੇ ਪੀਰ ਨੂੰ ਕੱਟੜ ਪੰਥੀਆਂ, ਸ਼ਰਈਆ ਤੋਂ ਉੱਚਾ ਚੁੱਕ ਕੇ ਰੱਬ ਵਾਲੇ ਪਾਸੇ ਲਾਇਆ। ਇਹ ਫ਼ਕੀਰ ਇਕ ਵਾਰ ਭੁੱਚੋ ਪਹੁੰਚਿਆ ਸੀ। ਇਸ ਨੂੰ ਬਾਬਾ ਜੀ ਨੇ "ਨਾਗਪੁਰ ਵਾਲਾ" ਕਹਿ ਕੇ ਸੱਦਿਆ ਸੀ। ਉਹ ਪ੍ਰਸੰਗ ਕਿਸੇ ਅਗਲੇ ਹਿੱਸੇ ਵਿੱਚ ਆਏਗਾ।

# ਜਗਰਾਂਓ ਪੀਰ ਲੱਪੇ ਸ਼ਾਹ ਕੋਲ ਅਤੇ ਇਸ ਦੇ ਆਸੇ ਪਾਸੇ

ਇਸ ਪੀਰ ਤੋਂ ਵਿਦਾ ਹੋ ਕੇ ਕਦੇਕਿਤੇ- ਕਦੇਕਿਤੇ ਟਿਕਾਣਾ ਕਰਦੇ ਹੋਏ ਜਗਰਾਉਂ ਆ ਕੇ ਠਹਿਰੇ। ਇਥੇ ਪੀਰ ਲੱਪੇ ਸ਼ਾਹ ਰਹਿੰਦਾ ਸੀ। ਇੱਕ ਕਰਨੀ ਵਾਲਾ ਪੁਰਖ ਹੋਇਆ ਹੈ। ਜਗਰਾਉਂ ਵਿੱਚ ਇਸ ਦੀ ਪੂਜਾ ਕਰਨ ਵਾਲੇ ਲੋਕ ਸ਼ਰਧਾਲੂ ਬਹੁਤ ਹਨ। ਬਾਬਾ ਜੀ ਦੇ ਬਚਨ ਅਨੁਸਾਰ ਇਸ ਨਾਲ ਮੇਲ ਹੋਇਆ ਅਤੇ ਇਸ ਨੇ ਜਲ ਪਾਣੀ ਦੀ ਸੇਵਾ ਪੁੱਛੀ। ਬਾਬਾ ਜੀ ਨੇ ਇੱਕ ਸੇਰ ਆਟਾ ਪੁਰਾਣੀ ਕਣਕ ਦਾ, ਇੱਕ ਸੇਰ ਘਿਓ, ਇੱਕ ਸੇਰ ਖੰਡ, ਇੱਕ ਸੇਰ ਮਾਂਹ ਦੀ ਦਾਲ, ਚਾਰ ਚੀਜ਼ਾਂ ਮੰਗੀਆਂ। ਉਸ ਨੇ ਲਿਆ ਦਿੱਤੀਆਂ। ਆਪ ਬਣਾ ਕੇ ਛੱਕ ਗਏ। ਸਭ ਕੁਝ ਛੱਕਣ ਤੋਂ ਪਿਛੋਂ ਇਸ ਦੇ ਨਾਲ ਪ੍ਰਮਾਰਥ ਦੇ ਬਚਨ ਹੋਏ। ਇੱਕ ਦੂਜੇ ਨੂੰ ਬਚਨ ਕਰ ਸੁਣ ਕੇ ਪਰਖਿਆ। ਫਿਰ ਪੀਰ ਜੀ ਨੇ ਬਾਬਾ ਜੀ ਨੂੰ ਕਿਹਾ, "ਇਥੇ ਕੁਝ ਚਿਰ ਠਹਿਰੋ।" ਆਪ ਜੀ ਨੇ ਬਚਨ ਕੀਤਾ ਕਿ ਸਾਡੇ ਠਹਿਰਨ ਦਾ ਸਮਾਂ ਅਜੇ ਨਹੀਂ। ਅਜੇ ਕੁਝ ਚਿਰ ਹੋਰ ਫਿਰ ਤੁਰ ਕੇ ਫੇਰ ਆਸਣ ਲਾਵਾਂਗੇ। ਬਾਬਾ ਜੀ ਨੇ ਬਚਨ ਕੀਤਾ ਲੱਪੇ ਸ਼ਾਹ ਜਗਰਾਵਾਂ ਤੇਰੀ ਰਾਜਧਾਨੀ ਹੈ, ਤੂੰ ਰਾਜਾ ਹੈਂ ਇਸ ਸ਼ਹਿਰ ਦਾ। ਆਪਣੀ ਪਰਜਾ ਤੇ ਰਹਿਮ ਕਰ।" ਉਸ ਨੇ ਦੱਸਿਆ, "ਜੀ ਇੱਕ ਵਾਰ ਕੋਈ ਇਸ ਸ਼ਹਿਰ ਨੂੰ ਲੁੱਟਣ ਲਈ ਆ ਗਿਆ। ਉਸ ਵੇਲੇ ਮੈਂ ਬਚਾਇਆ।" ਅੱਗੋਂ ਬਾਬਾ ਜੀ ਨੇ ਉੱਤਰ ਦਿੱਤਾ, "ਉਦੋਂ ਤਾਂ ਬਚਾ ਲਿਆ। ਪਰ ਫਿਰ ਇਹ ਕਿਉਂ ਕਿਹਾ ਕਿ ਜਗਰਾਵਾਂ ਨੂੰ ਪਾਣੀ ਮਾਰੇਗਾ।" ਕਹਿਣ ਲੱਗਾ, "ਜੀ, ਮੇਰੇ ਮੂੰਹੋਂ ਨਿਕਲ ਗਿਆ।" ਬਾਬਾ ਜੀ ਬੋਲੇ, "ਇੱਕ ਵਾਰ ਤੂੰ ਬਚਾ ਲਿਆ। ਦੂਜੀ ਵਾਰ ਬਚਾਉਣ ਵਾਲਾ ਮਹਾਂਪੁਰਖ ਵੀ ਆ ਰਿਹਾ ਹੈ।" ਉਸਨੇ ਪੁਛਿਆ, ਕਿੱਥੇ ਆਵੇਗਾ ?" ਆਪ ਜੀ ਬੋਲੇ, "ਜਗਰਾਉਂ ਤੋਂ ਛਿਪਦੇ ਪਾਸੇ ਵੱਲ ਬਾਹਰ ਆਕੇ ਰਹੇਗਾ, ਉਹ ਰੱਖਿਆ ਕਰੇਗਾ।" ਇਹ ਇਸ਼ਾਰਾ ਬਾਬਾ ਅਨੰਦ ਸਿੰਘ ਜੀ ਮਹਾਰਾਜ ਵੱਲ ਸੀ। ਪਿਤਾ ਜੀ ਤੋਂ ਸੁਣਿਆ ਹੈ। ਇਹ ਬਚਨ 1989-90

ਸੰਨ 1933-34 ਵਿੱਚ ਬੜੀ ਭਾਰੀ ਬਾਰਸ਼ ਹੋਈ। ਉਸ ਵਕਤ ਬਾਬਾ ਅਨੰਦ ਸਿੰਘ ਜੀ ਮਹਾਰਾਜ ਨਾਨਕ ਸਰ ਵਾਲੀ ਜਗ੍ਹਾ ਤੇ ਠਹਿਰੇ ਸਨ ਪੱਕਾ ਆਸਣ ਲਾਇਆ ਹੋਇਆ ਸੀ। ਜਗਰਾਉਂ ਦੇ ਆਸੇ ਪਾਸੇ ਪਾਣੀ ਹੀ ਪਾਣੀ ਸੀ।

ਬਾਬਾ ਅਨੰਦ ਸਿੰਘ ਜੀ ਮਹਾਰਾਜ ਨਾਨਕ ਸਰ ਤੋਂ ਆਸਣ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈ ਕੇ ਆਪ ਬਾਰਸ਼ ਪੈਂਦੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉਤੇ ਛੱਤਰੀ ਦੇਕੇ, ਬਾਕੀ ਰੁਮਾਲੇ ਭਾਈ ਡਰੋਲੀ ਨੂੰ ਚੁਕਾ ਕੇ ਕੁਝ ਹੋਰ ਪ੍ਰੇਮੀਆਂ ਨੂੰ ਨਾਲ ਲੈ ਕੇ ਬੇਰੀਆਂ ਦੀ ਕੋਠੀ ਠਹਿਰੇ ਸਨ। ਉਸ ਸਮੇਂ ਬਾਬਾ ਜੀ ਨਾਲ ਸੇਵਕ ਬਾਬਾ ਹਜ਼ੂਰਾ ਸਿੰਘ ਅਤੇ ਭਾਈ ਡਰੋਲੀ ਸਨ। ਕੁਝ ਸਮਾਂ ਉਥੇ ਗੁਜਾਰਿਆ। ਇਕ ਦਿਨ ਭਾਈ ਡਰੋਲੀ ਕੋਲ ਬਾਬਾ ਜੀ ਨੇ ਭੁੱਚੋ ਵਾਲਿਆਂ ਦੇ ਜ਼ਿਕਰ ਕਰਕੇ ਫਿਰ ਇਹ ਬਚਨ ਕੀਤਾ ਸੀ। "ਆਹ! ਉਹ ਸਮਾਂ ਅੱਜ ਬਣਿਆ ਹੈ। ਉਨ੍ਹਾਂ ਦੇ ਹੁਕਮ ਨਾਲ ਰੱਖਿਆ ਹੋ ਗਈ ਹੈ।" ਇਹ ਬਚਨ ਬਾਬਾ ਅਨੰਦ ਸਿੰਘ ਜੀ ਨੇ ਉਸ ਵੇਲੇ ਪੂਰਾ ਕੀਤਾ। ਹੁਣ ਆਪਾਂ ਬਾਬਾ ਜੀ ਦੇ ਪ੍ਰਸੰਗ ਵੱਲ ਚੱਲੀਏ। ਇਸ ਤੋਂ ਉਪਰੰਤ ਬਾਬਾ ਜੀ ਨੂੰ ਲੱਪੇ ਸ਼ਾਹ ਨੇ ਪੁਛਿਆ, "ਕਿ ਮੈਨੂੰ ਜਪੁਜੀ ਸਾਹਿਬ ਦਾ ਪਾਠ ਸੁਣਾਓਗੇ?" ਬਾਬਾ ਜੀ ਨੇ ਕਿਹਾ, "ਹਾਂ ਸੁਣ ਲੈ।" ਇਉਂ ਕਹਿ ਕੇ ਪਾਠ ਸੁਨਾਉਣਾ ਸ਼ੁਰੂ ਕਰ ਦਿੱਤਾ। ਬਾਬਾ ਜੀ ਨੇ ਪਾਠ ਦਾ ਭੋਗ ਪਾਇਆ ਤਾਂ ਉਸ ਦੀ ਸਮਾਧੀ ਲੱਗੀ ਹੋਈ ਸੀ। ਕੁਝ ਚਿਰ ਬਾਅਦ ਬਾਬਾ ਜੀ ਨੇ ਆਵਾਜ਼ ਦੇ ਕੇ ਉਸ ਦੀ ਸਮਾਧੀ ਖੁਲ੍ਹਾਈ। ਲੱਪੇ ਸ਼ਾਹ ਨੇ ਕਿਹਾ, "ਮਹਾਰਾਜ ਜੀ, ਜੋ ਅਨੰਦ ਅੱਜ ਆਇਆ ਹੈ, ਜ਼ਿੰਦਗੀ ਵਿਚ ਅੱਗੇ ਕਦੇ ਨਹੀਂ ਆਇਆ ਅਤੇ ਇਤਨੀ ਤਾਕਤ ਮੇਰੇ ਵਿਚ ਹੈ, ਕਿ ਜੇ ਕਈ ਸਾਲ ਤੱਕ ਸਮਾਧੀ ਲਗਾ ਕੇ ਬੈਠਨਾ ਚਾਹਾਂ ਤਾਂ ਬੈਠ ਸਕਦਾ ਹਾ। ਅੱਜ ਮੈਂ ਸਮਝਦਾ ਹਾਂ ਮੇਰਾ ਸਭ ਕੁਝ ਕੀਤਾ ਹੋਇਆ, ਤੁਹਾਡੇ ਦਰਸ਼ਨ ਕਰਕੇ ਸਫਲ ਹੋ ਗਿਆ।" ਫਿਰ ਉਸਦੇ ਬੇਨਤੀ ਕਰਨ ਤੇ ਜਪੁਜੀ ਸਾਹਿਬ ਦਾ ਪਾਠ ਉਸਨੂੰ ਜ਼ਬਾਨੀ ਯਾਦ ਕਰਵਾਇਆ। ਫਿਰ ਉਥੋਂ ਵਿਦਾ ਹੋ ਗਏ।

# ਜਗਰਾਵਾਂ ਤੋਂ ਹਠੂਰ ਵੱਲ

ਜਗਰਾਵਾਂ ਤੋਂ ਚੱਲ ਕੇ ਬਾਹਰ ਨਿਕਲੇ ਹੀ ਸਨ ਕਿ ਰਸਤੇ ਵਿਚ ਇਕ ਜ਼ਿਮੀਂਦਾਰ ਮਿਲ ਪਿਆ। ਸਾਧੂ ਭੇਸ ਤੱਕ ਕੇ ਉਸਨੇ ਸੇਵਾ ਪੁੱਛੀ। ਬਾਬਾ ਜੀ ਨੇ ਉਸਨੂੰ ਇੱਕ ਸੇਰ ਖੰਡ, ਇਕ ਸੇਰ ਘਿਓ, ਇਕ ਸੇਰ ਪੁਰਾਣੀ ਕਣਕ ਦਾ ਆਟਾ, ਇੱਕ ਸੇਰ ਮਾਂਹ ਦੀ ਦਾਲ ਦੇਣ ਲਈ ਕਿਹਾ। ਉਹ ਕਹਿਣ ਲੱਗਾ, "ਐਨਾ ਕੁਝ ਤਾਂ ਨਹੀਂ ਇੱਕ ਅੱਧੀ ਰੋਟੀ ਦੇ ਦਿੰਦਾ ਹਾਂ। ਬਾਕੀ ਕਿਤੋਂ ਹੋਰ ਮੰਗ ਲਵੋ।" ਬਾਬਾ ਜੀ ਕਹਿਣ ਲੱਗੇ, "ਜੋ ਕੁਝ ਲੈਣਾ ਹੋਵੇ, ਇਕੋ ਘਰ ਤੋਂ ਲੈਂਦੇ ਹਾਂ। ਮਿਲ ਜਾਵੇਗਾ ਤਾਂ ਠੀਕ ਹੈ, ਨਹੀਂ ਤਾਂ ਕਿਤੇ ਹੋਰ।" ਇਹ ਬਚਨ ਕਰਕੇ ਸ਼ਹਿਰ ਤੋਂ ਬਾਹਰ ਚਲੇ ਗਏ। ਇੱਕ ਬ੍ਰਿਛ ਹੇਠ ਦੋ ਦਿਨ ਬੈਠੇ ਰਹੇ। ਤੀਸਰੇ ਦਿਨ ਇੱਕ ਬੱਕਰੀਆਂ ਵਾਲਾ ਕੋਲ ਆਇਆ ਕਹਿਣ ਲੱਗਾ, "ਤੁਸੀਂ ਕਈ ਦਿਨ ਤੋਂ ਇਥੇ ਬੈਠੇ ਹੋ। ਮੈਂ ਰੋਜ਼ ਵੇਖਦਾ ਹਾਂ। ਤੁਸੀਂ ਮੰਗਣ ਨਹੀਂ ਵੀ ਜਾਂਦੇ।" ਆਪ ਕਹਿਣ ਲੱਗੇ ਸਾਡਾ ਮੰਗਣਾ ਇਹ ਹੈ ਕਿ ਇਕੋ ਹੀ ਘਰ ਤੋਂ ਮੰਗੀਦਾ ਹੈ, ਜੇ ਨਾ ਮਿਲੇ ਤਾਂ ਦੂਜੇ ਘਰ ਨਹੀਂ ਜਾਂਦੇ। ਦੋ ਦਿਨ ਹੋ ਗਏ ਇੱਕ ਤੋਂ ਮੰਗਿਆ ਸੀ। ਉਥੋਂ ਮਿਲਿਆ ਨਹੀਂ ਉਸ ਤੋਂ ਬਾਅਦ ਉਸਨੂੰ ਉਸੇ ਤਰ੍ਹਾਂ ਹੀ ਰਾਸ਼ਨ ਦੱਸ ਦਿੱਤਾ। ਉਹ ਕਹਿਣ ਲੱਗਾ, "ਜੀ ਮੈਂ ਤਾਂ ਗਰੀਬ ਹਾਂ। ਮੇਰੇ ਪਾਸ ਤਾਂ ਦੱਸ ਕੁ ਬੱਕਰੀਆਂ ਹੀ ਹਨ। ਇਨ੍ਹਾਂ ਦਾ ਦੁੱਧ ਹਾਜ਼ਰ ਹੈ।" ਫਿਰ ਪੁੱਛਿਆ "ਬੱਕਰੀਆਂ ਤੇਰੀਆਂ ਹਨ, ਕਿ ਲੋਕਾਂ ਦੀਆਂ?" ਉਹ ਬੋਲਿਆ, "ਜੀ, ਕੁਝ ਮੇਰੀਆਂ ਵੀ ਹਨ।" ਬਾਬਾ ਜੀ ਕਹਿਣ ਲੱਗੇ ਆਪਣੀ ਬੱਕਰੀਆਂ ਦਾ ਦੁੱਧ ਦੇ ਦੇ ਜਿਨ੍ਹਾਂ ਹੋ ਸਕਦਾ ਹੈ।" ਫਿਰ ਕਿਹਾ, "ਤੇਰੀਆਂ ਬੱਕਰੀਆਂ ਦਾ ਦੁੱਧ ਤੋਲ ਵਿਚ ਕਿਤਨਾ ਕੁ ਹੋਵੇਗਾ?" ਉਸ ਨੇ ਕਿਹਾ ਜੇ ਹੁਣ ਚੋਈਏ ਤਾਂ ਥੋੜਾ ਹੀ ਨਿਕਲੇਗਾ। ਪਰ ਜੇ ਆਥਣੇ ਚੋਈਏ ਤਾਂ ਸੱਤ ਕੁ ਸੇਰ ਨਿਕਲਦਾ ਹੈ।" ਫਿਰ ਬਾਬਾ ਜੀ ਨੇ ਪੁੱਛਿਆ, "ਦੁੱਧ ਦਾ ਕੀ ਭਾਅ ਹੈ।" ਕਹਿਣ ਲੱਗਾ, "ਜੀ, ਚਾਰ ਜਾਂ ਪੰਜ ਪੈਸੇ ਸੇਰ ਵਿਕਦਾ ਹੈ।" ਬਾਬਾ ਜੀ ਸੁਣਕੇ ਚੁਪ ਕਰ ਗਏ। ਉਹ ਇੱਕ-ਇੱਕ ਕਰਕੇ ਬੱਕਰੀਆਂ ਲੈ ਆਇਆ ਤੇ ਬਾਬਾ ਜੀ ਚੋਣ

ਲੱਗ ਪਏ। ਕੁਦਰਤ ਐਸੀ ਹੋਈ ਕਿ ਹਰ ਇੱਕ ਬੱਕਰੀ ਨੇ ਉਸ ਦੇ ਅੰਦਾਜੇ ਤੋਂ ਦੁੱਧ ਵੱਧ ਦਿੱਤਾ। ਬਾਬਾ ਜੀ ਸਾਰਾ ਦੁੱਧ ਪੀ ਗਏ। ਉਹ ਦੇਖ ਕੇ ਹੈਰਾਨ ਹੋ ਗਿਆ ਤੇ ਕਹਿਣ ਲੱਗਾ, "ਤੁਸੀਂ ਕਿਤਨੇ ਕੁ ਦਿਨ ਦੇ ਭੁੱਖੇ ਸੀ।" ਆਪ ਬੋਲੇ ਚੁਪ ਰਹੁ ਬੋਲੀਦਾ ਨਹੀਂ ਹੁੰਦਾ।" ਫਿਰ ਪੁੱਛਿਆ ਦੱਸ ਤੂੰ ਦੁੱਧ ਦੇ ਪੈਸੇ ਲੈਣੇ ਹਨ। ਕਿ ਦੁੱਧ ਦਾ ਦੁੱਧ ਲੈਣਾ ਹੈ। ਛੇਤੀ ਦੱਸ।" ਉਹ ਚੁੱਪ ਕਰ ਰਿਹਾ। ਬਾਬਾ ਜੀ ਫਿਰ ਕਹਿਣ ਲੱਗੇ, "ਸਮਝਿਆ ਹੈ ਕਿ ਨਹੀਂ।" ਉਥੋਂ ਬੇਠੇ ਹੀ ਥੋੜ੍ਹੀ ਜਿਹੀ ਜ਼ਮੀਨ ਪੁੱਟ ਕੇ ਕਹਿਣ ਲੱਗੇ, "ਆਹ ਲੈ ਫੜ ਤੇਰੇ ਦੁੱਧ ਤੋਂ ਵੱਧ ਹੀ ਮੁੱਲ ਦਿੰਦੇ ਹਾਂ। ਦੋ ਰੁਪਏ ਉਸ ਦੇ ਹੱਥ ਫੜਾਏ। ਆਪ ਉਠ ਕੇ ਥੋੜ੍ਹੀ ਦੂਰ ਜਾ ਕੇ ਆਰਾਮ ਕਰਕੇ ਹਠੂਰ ਇਕ ਪੁਰਾਣਾ ਕਸਬਾ ਹੈ ਉਥੇ ਪਹੁੰਚ ਗਏ। ਇਥੇ ਵੀ ਇੱਕ ਚੰਗੀ ਤਾਕਤ ਵਾਲਾ ਪੀਰ ਰਹਿੰਦਾ ਸੀ। ਉਸਨੂੰ ਜਾ ਕੇ ਮਿਲੇ।"

## ਹਠੂਰ ਦੀ ਵਾਰਤਾ

ਹਠੂਰ ਬਾਬਾ ਜੀ ਇੱਕ ਫੱਕਰ ਨੂੰ ਮਿਲੇ ਤਾਂ ਉਸਨੇ ਬਾਬਾ ਜੀ ਦਾ ਬਹੁਤ ਸਤਿਕਾਰ ਕੀਤਾ। ਇਥੇ ਕੁਝ ਦਿਨ ਟਿਕੇ। ਇਸ ਫੱਕਰ ਦਾ ਇੱਕ ਗੁਰ-ਭਾਈ ਕਿਤੇ ਬਾਹਰ ਗਿਆ ਹੋਇਆ ਸੀ। ਬਾਬਾ ਜੀ ਦੇ ਹੁੰਦਿਆਂ ਹੀ ਆ ਗਿਆ ਜਦੋਂ ਉਸ ਨੇ ਵੇਖਿਆ ਕਿ ਮੇਰਾ ਭਾਈ ਕਿਸੇ ਹੋਰ ਮੱਤ ਦੇ ਸੰਤ ਨੂੰ ਆਪਣੇ ਕੋਲ ਰੱਖੀ ਬੈਠਾ ਹੈ ਤੇ ਉਸਦਾ ਬਹੁਤ ਮਾਨ ਸਤਿਕਾਰ ਕਰਦਾ ਹੈ, ਉਹ ਵੇਖ ਕੇ ਬਹੁਤ ਨਿਰਾਸ਼ ਹੋਇਆ ਤੇ ਬੋਲਿਆ, "ਇਸ ਨਾਲ ਆਪਣਾ ਮੁਸਲਮਾਨਾਂ ਦਾ ਕੀ ਮਤਲਬ? ਇਸ ਨੂੰ ਇਥੋਂ ਤੋਰ ਦੇ।" ਉਹ ਕਹਿਣ ਲੱਗਾ, "ਨਾ ਬਈ ਇਉਂ ਨਹੀਂ ਤੋਰਨਾ। ਜਿਵੇਂ ਆਏ ਹਨ ਉਵੇਂ ਹੀ ਆਪੇ ਚਲੇ ਜਾਣਗੇ। ਨਾਲੇ ਜੇ ਕੋਈ ਦੁਨਿਆਦਾਰ ਬੰਦਾ ਹੋਵੇ ਤਾਂ ਤੋਰ ਦੇਈਏ।" ਦੂਜਾ ਕਹਿਣ ਲੱਗਾ ਨਹੀਂ ਤਾਂ ਮੈਂ ਤੋਰਾਂ ਪਹਿਲਾ ਕਹਿਣ ਲੱਗਾ ਕਿਵੇਂ ਤੋਰੇਂਗਾ?" ਤਾਂ ਦੂਜੇ ਨੇ ਕਿਹਾ, "ਜਿਵੇਂ ਸਾਧ ਨੂੰ ਸਾਧ ਤੋਰਦਾ ਹੈ।" ਭਾਵ ਸ਼ਕਤੀ ਨਾਲ ਤੋਰਾਂਗਾ। ਪਹਿਲਾ ਹੱਸ ਕੇ ਕਹਿਣ ਲੱਗਾ, "ਤੇਰੇ ਨਾਲੋਂ ਤਕੜਾ ਹੋਇਆ ਤਾਂ ਫਿਰ ਕੀ ਕਰੇਂਗਾ? ਮੈਨੂੰ ਪਤਾ ਹੈ ਕਿ ਇਹ ਬਹੁਤ ਹੀ ਵੱਡੀ ਕਮਾਈ ਵਾਲਾ ਹੈ। ਦੂਜਾ

ਗੁੱਸੇ ਵਿਚ ਆ ਕੇ ਬੋਲਿਆ ਤੂੰ ਚੁੱਪ ਕਰ ਜਾ। ਮੈਂ ਆਪੇ ਸਮਝ ਲਵਾਂਗਾ।"

ਅਗਲੇ ਦਿਨ ਸਵੇਰੇ ਬਾਬਾ ਜੀ ਬੈਠੇ ਸਨ। ਦੂਜਾ ਵੀ ਕੋਲ ਪਹੁੰਚ ਗਿਆ। ਬਾਬਾ ਜੀ ਨੂੰ ਕਹਿਣ ਲੱਗਾ, "ਰਾਂਝਿਆ, ਹੀਰ ਮਿਲੀ ਹੈ ਕਿ ਨਹੀਂ। ਕਿਤੇ ਮੱਝਾਂ ਚਾਰੀਆਂ ਐਵੇਂ ਤਾਂ ਨਹੀਂ ਗਈਆਂ? ਜੇ ਕੁਝ ਨਹੀਂ ਬਣਿਆਂ ਤਾਂ ਕਿਸੇ ਨਾਥ ਨੂੰ ਗੁਰੂ ਧਾਰ ਲੈ।" ਇਸਦਾ ਅਰਥ ਇਹ ਹੈ ਕਿ ਐਨੀ ਸਾਧਨਾ ਕਰਕੇ ਕੁਝ ਸ਼ਕਤੀ ਵੀ ਮਿਲੀ ਹੈ ਜਾਂ ਨਹੀਂ। ਜੇ ਨਹੀਂ ਮਿਲੀ ਤਾਂ ਕਿਸੇ ਹੋਰ ਦਾ ਚੇਲਾ ਬਣ ਜਾ। ਬਾਬਾ ਜੀ ਨੇ ਇਹ ਬਚਨ ਆਪ ਹੀ ਇੱਕ ਦਿਨ ਸੰਗਤ ਵਿਚ ਦੱਸਿਆ ਸੀ। ਸੰਤ ਬਹਾਲ ਦਾਸ ਜੀ ਉਸ ਦਿਨ ਆਪਣੇ ਸੇਵਕਾਂ ਨਾਲ ਦਰਸ਼ਨ ਕਰਨ ਆਏ ਹੋਏ ਸਨ ਭਾਈ ਰਤਨ ਸਿੰਘ ਡਰੌਲੀ ਪੱਖੇ ਦੀ ਸੇਵਾ ਕਰ ਰਹੇ ਸਨ। ਹਜ਼ੂਰ ਬੋਲੇ, "ਅਸੀਂ ਉਸਨੂੰ ਕਹਿਣਾ ਤਾਂ ਕੁਝ ਨਹੀਂ ਸੀ ਚਾਹੁੰਦੇ, ਪਰ ਜਦੋਂ ਉਸ ਨੇ ਨਵਾਂ ਗੁਰੂ ਧਾਰਨ ਕਰਨ ਵਾਲੀ ਠੋਕਰ ਮਾਰੀ ਤਾਂ ਸੋਚਿਆ ਕਿ ਹੁਣ ਤਾਂ ਗੁਰੂ ਨਾਨਕ ਵੱਲ ਹੀ ਉਂਗਲੀ ਕਰ ਦਿੱਤੀ ਹੈ। ਹੁਣ ਤਾਂ ਜਵਾਬ ਦੇਣਾ ਹੀ ਪਵੇਗਾ। ਅਸੀਂ ਕਿਹਾ ਕਿ, "ਇਥੇ ਤਾਂ ਕਈ ਹੀਰਾਂ ਅੱਗੇ ਪਿੱਛੇ ਤੁਰੀਆਂ ਫਿਰਦੀਆਂ ਹਨ, ਕਦੇ ਕਿਸੇ ਵੱਲ ਵੇਖਿਆ ਵੀ ਨਹੀਂ, ਤੈਨੂੰ ਪੁੱਛਣ ਦੀ ਕੀ ਲੋੜ ਪਈ ਹੈ।" ਉਹ ਬੋਲਿਆ, "ਤੂੰ ਮੂੰਹ ਨੰਗਾ ਕਰਕੇ ਮੇਰੇ ਨਾਲ ਗੱਲ ਕਰ।" ਬਾਬਾ ਜੀ ਬੋਲੇ, "ਫ਼ਕੀਰ ਸਾਂਈ, ਆਪਣੀ ਕੋਈ ਲੜਾਈ ਥੋੜ੍ਹੀ ਹੈ। ਆਪਾਂ ਲੜਦੇ ਚੰਗੇ ਨਹੀਂ ਲੱਗਦੇ। ਜਦੋਂ ਉਹ ਨਾ ਹੀ ਹੱਟਿਆ ਤਾਂ ਫਿਰ ਆਪ ਬੋਲੇ, "ਚੰਗਾ ਫਿਰ ਹੋ ਸਾਹਮਣੇ, ਇਉਂ ਬਚਨ ਕਰਕੇ ਜਦੋਂ ਮੂੰਹ ਤੋਂ ਕੱਪੜਾ ਪਾਸੇ ਕਰਕੇ ਵੇਖਿਆ ਤਾਂ ਉਹ ਜ਼ਮੀਨ ਤੇ ਡਿੱਗ ਪਿਆ। ਉਸ ਦਾ ਗੁਰੁਭਾਈ ਵੀ ਆ ਗਿਆ। ਕਹਿਣ ਲੱਗਾ, "ਜੀ, ਇਹ ਵੀ ਆਪਣੇ ਆਪ ਨੂੰ ਰੱਬ ਸਮਝਦਾ ਸੀ। ਚੰਗਾ ਹੀ ਹੋਇਆ ਛੇਤੀ ਪਤਾ ਲੱਗ ਗਿਆ।" ਉਹ ਤਾਂ ਬੇਹੋਸ਼ ਪਿਆ ਰਿਹਾ। ਉਸ ਦੇ ਨਾਲ ਵਾਲੇ ਨੂੰ ਬਾਬਾ ਜੀ ਨੇ ਕਿਹਾ ਛੇਤੀ ਨਾਲ ਇਸ ਦੇ ਮੂੰਹ ਵਿਚ ਪਾਣੀ ਪਾਉ।" ਜਲ ਮੰਗਾ ਕੇ ਛਿੱਟਾ ਦਿੱਤਾ। ਹੋਸ਼ ਆਈ ਤਾਂ ਉੱਠ ਕੇ ਚਰਨਾਂ ਨਾਲ ਲਿਪਟ ਗਿਆ। ਕਹਿਣ ਲੱਗਾ, "ਜੀ, ਮੈਨੂੰ ਖਿਮਾ ਕਰ ਦਿਓ। ਮੈਥੋਂ ਬੜੀ ਅਵੱਗਿਆ ਹੋ ਗਈ ਹੈ।"

ਬਾਬਾ ਜੀ ਨੇ ਸਮਝਾਇਆ ਕਿ ਕੋਈ ਸਾਧੂ ਕਿਸੇ ਰੰਗ ਵਿਚ ਹੋਵੇ ਉਸ

ਨੂੰ ਬੁਰਾ ਨਾ ਕਹੋ। ਤੈਂ ਸਾਨੂੰ ਗੁਰੂ ਵੱਲ ਇਸ਼ਾਰਾ ਕਰਕੇ ਟਕੋਰ ਲਾਈ ਤਾਂ ਇਥੋਂ ਤੱਕ ਗੱਲ ਪਹੁੰਚੀ। ਨਹੀਂ ਤਾਂ ਸਾਨੂੰ ਕੀ ਲੋੜ ਸੀ, ਇਹ ਕੰਮ ਕਰਨ ਦੀ? ਉਸ ਨੇ ਕਿਹਾ, "ਜੀ, ਮੈਂ ਤਾਂ ਗੁਰੂ ਨਾਨਕ ਦਾ ਨਾਮ ਨਹੀਂ ਲਿਆ।" ਬਾਬਾ ਜੀ ਬੋਲੇ, "ਜਦੋਂ ਤੂੰ ਹੋਰ ਗੁਰੂ ਧਾਰਨ ਵਾਲੀ ਗੱਲ ਕੀਤੀ ਇਸ ਦਾ ਮਤਲਬ ਇਹੋ ਹੀ ਸੀ। ਤਾਕਤ ਬਣ ਜਾਏ ਜਰ ਲੈਣੀ ਚੰਗੀ ਹੈ।" ਉਸਨੇ ਬੇਨਤੀ ਕੀਤੀ, "ਮੈਨੂੰ ਵੀ ਗੁਰੂ ਨਾਨਕ ਦੀ ਕਲਾਸ ਦੱਸੋ।" ਤਾਂ ਉਸ ਨੂੰ ਮੂਲ ਮੰਤਰ ਸੁਣਾ ਕੇ ਕਹਿਣ ਲੱਗੇ, "ਇਸ ਨੂੰ ਜਪਿਆ ਕਰ। ਸ਼ਕਤੀਆਂ ਵੀ ਬਹੁਤ ਆ ਜਾਣਗੀਆਂ ਤੇ ਮਨ ਨੂੰ ਸੁਖ ਸ਼ਾਂਤੀ ਵੀ ਮਿਲੇਗੀ।"

## ਸਤਲੁਜ ਦੇ ਕਿਨਾਰੇ

ਹਠੂਰ ਤੋਂ ਚਲਕੇ ਜਗਰਾਵਾਂ ਵੱਲ ਆਏ ਫਿਰ ਸ਼ਹਿਰ ਵਿਚ ਨਹੀਂ ਗਏ। ਆਸੇ ਪਾਸੇ ਹੁੰਦੇ ਹੋਏ ਸਤਲੁਜ ਦਰਿਆ ਕਿਨਾਰੇ ਪਹੁੰਚ ਗਏ। ਇਥੇ ਇਕ ਮੱਝਾਂ ਚਾਰਨ ਵਾਲਾ ਮੁਸਲਮਾਨ ਇਧਰ ਆ ਨਿਕਲਿਆ। ਬਾਬਾ ਜੀ ਨੂੰ ਬੈਠੇ ਦੇਖ ਕੇ ਕਹਿਣ ਲੱਗਾ, "ਸਾਂਈ ਜੀ, ਤੁਸੀਂ ਹਿੰਦੂ ਹੋ ਕਿ ਸਿੱਖ?" ਆਪ ਨੇ ਕਿਹਾ ਸਿੱਖ ਹਾਂ। ਫਿਰ ਕੁਝ ਸੋਚ ਕੇ ਬੋਲਿਆ ਕਿ ਮੈਂ ਤਾਂ ਮੁਸਲਮਾਨ ਹਾਂ, ਤੁਹਾਡੀ ਸੇਵਾ ਕਿਵੇਂ ਕਰਾਂ। ਆਹ ਮੇਰੀਆਂ ਮੱਝਾਂ ਵੀ ਦੁੱਧ ਨਹੀਂ ਦਿੰਦੀਆਂ। ਇਕ ਮੱਝ ਹੈ ਜਿਹੜੀ ਅੱਠਾਂ ਪਹਿਰਾਂ ਬਾਅਦ ਦੁੱਧ ਦਿੰਦੀ ਹੈ। ਅੱਜ ਸਵੇਰੇ ਹੀ ਚੋਈ ਹੈ। ਉਹ ਹੁਣ ਕੱਲ੍ਹ ਨੂੰ ਮਿਲੇਗੀ। ਆਪ ਕਹਿਣ ਲੱਗੇ ਫਿਰ ਰਹਿਣ ਦੇ। ਉਹ ਬੋਲਿਆ, "ਮੇਰਾ ਚਿੱਤ ਤਾਂ ਦੁੱਧ ਪਿਆਉਣ ਨੂੰ ਕਰਦਾ ਹੈ।" ਆਪ ਜੀ ਨੇ ਕਿਹਾ, "ਜੇ ਜ਼ਰੂਰ ਚਿੱਤ ਕਰਦਾ ਹੈ ਤਾਂ ਦੱਸ ਦੁੱਧ ਦਾ ਕੀ ਮੁੱਲ ਲਵੇਂਗਾ?" ਉਸ ਨੇ ਕਿਹਾ, "ਮੈਂ ਤਾਂ ਸੇਵਾ ਕਰਨੀ ਹੈ। ਮੁੱਲ ਨਹੀਂ ਵੇਚਣਾ। ਮੇਰੀ ਮੱਝ ਨੇ ਵੀ ਹੁਣ ਮਿਲਣਾ ਨਹੀਂ। ਬੜੀ ਕੌੜ ਹੈ।" ਆਪ ਜੀ ਬੋਲੇ "ਜੇ ਤੇਰਾ ਇਤਨਾ ਪਿਆਰ ਹੈ ਤਾਂ ਲਿਆ ਮੱਝ ਦੇਖੀਏ ਕਿਹੜੀ ਹੈ।" ਉਹ ਕਹਿਣ ਲੱਗਾ, "ਔਹ ਬੂਰੇ ਰੰਗ ਦੀ। ਸਭ ਤੋਂ ਅੱਗੇ ਜਾਣ ਵਾਲੀ ਹੈ।" ਆਪ ਜੀ ਉਠ ਕੇ ਉਸ ਦੇ ਕੋਲ ਗਏ। ਥਾਪੀ ਮਾਰ ਕੇ ਮੱਝ ਹੇਠ ਬੈਠ ਗਏ। ਮੱਝ ਖਲੋ ਗਈ। ਆਪ ਆਪਣੀ ਬਾਟੀ ਵਿਚ ਹੀ ਦੁੱਧ ਚੋਂਦੇ ਰਹੇ ਤੇ ਨਾਲੋਂ ਨਾਲ ਪੀਂਦੇ ਗਏ। ਆਪਣੀ ਇੱਛਾ ਮੁਤਾਬਕ ਛੱਕ ਕੇ ਉਠ ਖਲੋਤੇ। ਉਹ ਹੈਰਾਨ ਹੋ ਕੇ

ਕਹਿਣ ਲੱਗਾ "ਰੱਬ ਵਾਲਿਓ ਤੁਹਾਡੀਆਂ ਤੁਸੀਂ ਹੀ ਜਾਣੋ।" ਮੇਰੇ ਕੋਲ ਇਸ ਮੱਝ ਨੂੰ ਆਈ ਨੂੰ ਦੱਸ ਵਰ੍ਹੇ ਹੋ ਗਏ ਹਨ। ਮੈਥੋਂ ਬਿਨਾ ਕਿਸੇ ਨੂੰ ਨੇੜੇ ਨਹੀਂ ਆਉਣ ਦਿੰਦੀ। ਦੁੱਧ ਤਾਂ ਇਸ ਨੇ ਕੀ ਦੇਣਾ ਹੈ। "ਆਪ ਜੀ ਬੋਲੇ "ਰੌਲਾ ਨਾ ਪਾ ਸਵੇਰੇ ਆਈਂ। ਫਿਰ ਤੇਰੇ ਨਾਲ ਕੋਈ ਗੱਲ ਕਰਾਂਗੇ।" ਉਹ ਸਵੇਰੇ ਮੱਝ ਚੋਏ ਤੇ ਬਿਨਾਂ ਲੈ ਕੇ ਆ ਗਿਆ। ਬਾਬਾ ਜੀ ਬੋਲੇ "ਮੱਝ ਨੂੰ ਕਿਉਂ ਨਾਲ ਲਿਆਂਦਾ?" "ਉਹ ਬੋਲਿਆ" ਇਹ ਮੱਝ ਹੁਣ ਮੈਂ ਨਹੀਂ ਚੋਣੀ, ਤੁਹਾਡੀ ਹੀ ਹੈ। "ਆਪ ਬੋਲੇ ਨਹੀਂ ਬਈ ਇੱਕ ਡੰਗ ਨੂੰ ਚੋਇਆ ਕਰ ਅਤੇ ਇਕ ਡੰਗ ਅਸੀਂ ਚੋਇਆ ਕਰਾਂਗੇ। ਸਾਡਾ ਇਕ ਕੰਮ ਹੋਰ ਹੈ ਤੇਰੇ ਪ੍ਰਤੀ। ਜੇ ਕਰੇਂਗਾ ਤਾਂ ਦੱਸੀਏ।" ਉਸ ਨੇ ਕਿਹਾ, ਹੁਕਮ ਕਰੋ, ਜ਼ਰੂਰ ਕਰਾਂਗਾ। "ਤਾਂ ਬਾਬਾ ਜੀ ਨੇ ਕਿਹਾ" ਅਸੀਂ ਇਥੇ ਚਾਲੀ ਦਿਨ ਰਹਿਣਾ ਹੈ। ਕੋਈ ਥਾਂ ਦੱਸ। ਦੂਜਾ ਤੂੰ ਕਿਸੇ ਕੋਲ ਗੱਲ ਨਾ ਕਰੀਂ। ਉਸ ਨੇ ਇਕ ਨਿਵੇਕਲੀ ਜਿਹੀ ਥਾਂ, ਬਿਲਕੁਲ ਦਰਿਆ ਦੇ ਕਿਨਾਰੇ ਨੇੜੇ ਦਿਖਾਈ। ਬਾਬਾ ਜੀ ਜਗ੍ਹਾ ਪਸੰਦ ਕਰਕੇ ਬੋਲੇ 'ਇਹ ਠੀਕ ਹੈ ਇਥੇ ਟਿਕਾਂਗੇ। ਉਸ ਨੂੰ ਇਹ ਹੁਕਮ ਕੀਤਾ "ਤੂੰ ਸੂਰਜ ਢਲੇ ਤੋਂ ਮੱਝਾਂ ਚਾਰਨ ਦੇ ਬਹਾਨੇ ਨਾਲ ਆ ਜਾਇਆ ਕਰੀਂ। ਅਸੀਂ ਆਪੇ ਹੀ ਉਠ ਕੇ ਚੋ ਲਿਆ ਕਰਾਂਗੇ। ਤੂੰ ਅਸਾਂ ਨੂੰ ਬੁਲਾਉਣਾ ਨਹੀਂ। ਜੇ ਲੋੜ ਹੋਈ ਤਾਂ ਗੱਲ ਕਰਿਆ ਕਰਾਂਗੇ। "ਇਸ ਤਰ੍ਹਾਂ ਉਸ ਨੂੰ ਕਹਿ ਕੇ ਉਥੇ ਟਿਕ ਗਏ। ਉਹ ਰੋਜ਼ਾਨਾ ਆ ਕੇ ਮੱਝ ਦਾ ਦੁੱਧ ਚੁਆ ਜਾਇਆ ਕਰੇ। ਜਦੋਂ ਕੁਝ ਦਿਨ ਇਸੇ ਤਰ੍ਹਾਂ ਲੰਘ ਗਏ। ਉਸਨੇ ਸੋਚਿਆ ਵੇਖੀਏ ਤਾਂ ਸਹੀ ਇਹ ਕੀ ਕਰਦੇ ਹਨ। ਤਾਂ ਇਉਂ ਸੋਚ ਕੇ ਉਹ ਸੂਰਜ ਛਿਪਣ ਦੇ ਵਕਤ ਆਇਆ ਤਾਂ ਉਸਨੂੰ ਇਕ ਬੜਾ ਭਾਰੀ ਸੁਨਿਹਰੀ ਰੰਗ ਦਾ ਸੱਪ ਨਜ਼ਰ ਆਇਆ ਤੇ ਉਹ ਵੇਖ ਕੇ ਡਰ ਗਿਆ। ਐਡਾ ਵੱਡਾ ਸੱਪ ਕਿਥੋਂ ਆਇਆ? ਇਤਨੇ ਚਿਰ ਨੂੰ ਬਾਬਾ ਜੀ ਬਾਹਰ ਆਏ। ਪੁੱਛਣ ਲੱਗੇ ਕਿਵੇਂ ਆਇਆ ਐਸ ਵੇਲੇ? ਉਸ ਤੋਂ ਬੋਲਿਆ ਨਾ ਗਿਆ। ਬਾਬਾ ਜੀ ਉਸ ਦੇ ਬਿਲਕੁਲ ਨਜ਼ਦੀਕ ਆ ਕੇ ਕਹਿਣ ਲੱਗੇ, ਹੁਣ ਡਰਦਾ ਕਿਉਂ ਹੈ? ਵੇਖ ਲੈ ਜੇ ਕੁਝ ਦੇਖਣਾ ਹੈ। ਤਾਂ ਰੋ ਕੇ ਕਹਿਣ ਲੱਗਾ, "ਮੈਨੂੰ ਬਖਸ਼ ਲਉ। ਮੈਥੋਂ ਭੁੱਲ ਹੋ ਗਈ। ਮੁੜ ਕੇ ਐਸੀ ਗਲਤੀ ਨਹੀਂ ਕਰਦਾ। ਫਿਰ ਬੋਲੇ ਚੰਗਾ ਹੁਣ ਜਾ। ਉਹ ਨਮਸਕਾਰ ਕਰਕੇ ਚਲਾ ਗਿਆ।"

ਇਕ ਦਿਨ ਆਪਣੇ ਵਕਤ ਅਨੁਸਾਰ ਮੱਝ ਲੈ ਕੇ ਆਇਆ ਤਾਂ ਉਸਨੇ

ਬਾਬਾ ਜੀ ਕੋਲ ਇਕ ਚਿੱਟੇ ਰੰਗ ਦਾ ਸ਼ੇਰ ਵੇਖਿਆ ਤੇ ਡਰ ਗਿਆ। ਆਪ ਬੋਲੇ "ਤੂੰ ਡਰ ਨਾ ਇਹ ਸਾਡਾ ਪਹਿਰੇਦਾਰ ਹੈ। ਇਸ ਦੇ ਨਾਲ ਦਾ ਤੂੰ ਅੱਗੇ ਸੱਪ ਦੇ ਰੂਪ ਵਿਚ ਵੇਖਿਆ ਸੀ। ਤੂੰ ਚੁੱਪ ਕਰਕੇ ਜੋ ਸੇਵਾ ਹੁੰਦੀ ਹੈ ਕਰੀ ਚੱਲ।" ਇਸੇ ਤਰ੍ਹਾਂ ਚਾਲੀ ਦਿਨ ਪੂਰੇ ਹੋਣ ਤੋਂ ਬਾਅਦ ਜਿਸ ਦਿਨ ਉਥੋਂ ਤੁਰਨਾ ਸੀ ਉਸ ਨੂੰ ਬੋਲੇ "ਮੰਗ ਲੈ ਹੁਣ ਜੋ ਮੰਗਣਾ ਹੈ। ਸਾਡੀ ਹੁਣ ਤਿਆਰੀ ਹੈ।" ਉਸ ਦੇ ਘਰ ਕੋਈ ਬੱਚਾ ਨਹੀਂ ਸੀ। ਜਾਇਦਾਦ ਚੰਗੀ ਸੀ। ਪਰ ਉਮਰ ਵੱਡੀ ਹੋਣ ਕਰਕੇ ਸ਼ਰਮ ਕਰੇ। ਆਪ ਜੀ ਬੋਲੇ "ਸ਼ਰਮਾਉਣਾ ਨਹੀਂ। ਹੁਣ ਮੌਕਾ ਹੈ ਛੇਤੀ ਕਰ। "ਉਹ ਬੋਲਿਆ" ਜੀ ਪੁੱਤਰ ਨਹੀਂ ਹੈ। "ਆਪ ਜੀ ਬੋਲੇ" ਤੇਰੇ ਘਰ ਦੋ ਪੁੱਤਰ ਹੋਣਗੇ ਤੇ ਹੋਣਗੇ ਵੀ ਜੋੜੇ। "ਇਕ ਦਾ ਨਾਮ ਰਖੀਂ "ਅੱਲ੍ਹਾ ਦਿੱਤਾ" ਤੇ ਦੂਜੇ ਦਾ ਨਾਮ "ਅੱਲਾ ਰੱਖਾ"। ਦੋਵੇਂ ਹੀ ਬੜੇ ਚੰਗੇ ਨੇਕ ਹੋਣਗੇ। ਹੋਣਗੇ ਵੀ ਅੱਜ ਤੋਂ ਇਕ ਸਾਲ ਦੇ ਵਿਚ ਹੀ।" ਤੇ ਫਿਰ ਬੋਲੇ "ਕੁਝ ਹੋਰ ਮੰਗ ਲੈ।" ਉਸ ਦਾ ਕੋਈ ਪੁੰਨ ਜਾਗਿਆ ਤੇ ਕਹਿਣ ਲੱਗਾ" ਰਹਮਿ ਕਰੋ। ਦੋਜ਼ਖ ਤੋਂ ਬਚਾਓ। ਆਪ ਨੇ ਉਸਨੂੰ ਕਲਮਾ ਪੜ੍ਹ ਕੇ ਦਸਿਆ ਅਤੇ ਕਿਹਾ "ਇਉਂ ਕਲਮਾ ਪੜ੍ਹਿਆ ਕਰ।" ਉਸ ਤੋਂ ਬਾਅਦ ਉਸਨੂੰ ਮਾਲਾ ਫੇਰਨ ਦੀ ਜੁਗਤ ਸਮਝਾ ਕੇ ਫਿਰ ਬੋਲੇ। ਲੈ ਹੁਣ ਅਸੀਂ ਚਲਦੇ ਹਾਂ। "ਉਹ ਬੋਲਿਆ ਕੁਝ ਸਮਾਂ ਹੋਰ ਨਹੀਂ ਟਿਕਦੇ।" ਆਪ ਜੀ ਬੋਲੇ ਨਹੀਂ, ਰਹਿਣਾ ਤਾਂ ਮੁਸ਼ਕਲ ਹੈ। ਪਰ ਦੋ ਦਿਨ ਹੋਰ ਤੇਰੇ ਵਾਸਤੇ ਰਹਿੰਦੇ ਹਾਂ। ਦੋ ਦਿਨਾਂ ਬਾਅਦ ਉਸ ਸਥਾਨ ਤੋਂ ਚੱਲ ਪਏ। ਜਾਣ ਤੋਂ ਪਹਿਲਾ ਉਸਨੂੰ ਇਕ ਸਲੋਕ ਪੜ੍ਹ ਕੇ ਸੁਣਾਇਆ।

**ਸਲੋਕ ਮਃ ੧**
**ਪੰਜਿ ਨਿਵਾਜਾਂ ਵਖਤ ਪੰਜਿ ਪੰਜਾ ਪੰਜੇ ਨਾਉ॥**
**ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ॥**
**ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸਨਾਇ॥**
**ਕਰਣੀ ਕਲਮਾ ਆਖਿਕੈ ਤਾਂ ਮੁਸਲਮਾਣੁ ਸਦਾਇ॥**
**ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ॥**

**(ਵਾਰ ਮਾਝ ਕੀ)**

# ਸਤਲੁਜ ਕਿਨਾਰੇ ਤੋਂ ਬਰਨਾਲੇ ਵੱਲ

ਸਤਲੁਜ ਦੇ ਕਿਨਾਰੇ ਤੋਂ ਚੱਲ ਕੇ ਕਲੇਰਾਂ ਦੇ ਨਜ਼ਦੀਕ ਪਹੁੰਚੇ ਜਿਥੇ ਅੱਜ ਕਲ ਨਾਨਕਸਰ ਹੈ। ਇਥੇ ਕੁਝ ਦਿਨ ਟਿਕੇ। ਇਸ ਸਾਖੀ ਦਾ ਬਾਬਾ ਜੀ ਦੇ ਕਥਨ ਅਨੁਸਾਰ ਹੀ ਪਤਾ ਲਗਿਆ ਹੈ। ਜਦੋਂ ਬਾਬਾ ਅਨੰਦ ਸਿੰਘ ਜੀ ਨੂੰ ਨਾਨਕਸਰ ਵਾਲੀ ਜਗ੍ਹਾ ਕਮਰਕੱਸਾ ਖੋਲ੍ਹਣ ਲਈ ਹੁਕਮ ਹੋਇਆ ਸੀ ਭਾਵ ਉਥੇ ਟਿਕਣ ਲਈ ਹੁਕਮ ਕੀਤਾ ਸੀ, ਉਸ ਵਕਤ ਬਚਨ ਕੀਤਾ ਸੀ "ਉਹ ਜਗ੍ਹਾ ਵੀ ਸਾਡੀ ਹੈ। ਅਸੀਂ ਕਿਸੇ ਸਮੇਂ ਉਥੇ ਟਿਕੇ ਸੀ ਤੇ ਇਸ ਦੇ ਆਸੇ ਪਾਸੇ ਕਈ ਜਗ੍ਹਾ ਤੇ ਵਿਚਰਦੇ ਰਹੇ। ਇਥੋਂ ਚਲ ਕੇ ਕਿਲੀ ਚਾਹਲਾਂ ਵਾਲੀ ਪਹੁੰਚੇ। ਉਥੇ ਜੋਗੀ ਪੀਰ ਦਾ ਡੇਰਾ ਸੀ, ਉਥੇ ਟਿਕੇ। ਇਥੋਂ ਤੁਰਦੇ ਤੁਰਦੇ ਕਿਸੇ ਰੱਬੀ ਪ੍ਰੇਰਨਾ ਅਨੁਸਾਰ "ਸੁਲਤਾਨਪੁਰ ਵਲ ਚਲੇ ਗਏ ਤੇ ਇਥੋਂ ਕਿਸੇ ਗੁਪਤ ਅਸਥਾਨ ਤੇ ਨਿਵਾਸ ਕੀਤਾ। ਕਿਸੇ ਸਮੇਂ ਪਿੰਡ "ਮੀਏ ਵਿੰਡ" ਵਿਚ ਵਿਚਰੇ। ਮੀਏ ਵਿੰਡ ਪਿੰਡ ਵਿਚ ਬਾਬਾ ਜੀ ਦੇ ਪਿਤਾ ਦੇ ਨਾਨਕੇ ਸਨ ਜੋ ਗੁਰੂ ਅੰਗਦ ਸਾਹਿਬ ਦੇ ਪਿੰਡ ਨਾਗੋਕੇ ਖਡੂਰ ਦੇ ਨੇੜੇ ਹੀ ਹੈ।

ਮੀਏਂ ਵਿੰਡ ਦਾ ਇਕ ਸਿੰਘ ਗੁਰਦਿੱਤ ਸਿੰਘ ਸੀ ਜਿਸ ਦੀ ਦਿਓਲ ਗੋਤ, ਉਸ ਦੀ ਭੈਣ ਸੰਤੀ, ਘਰਵਾਲੀ ਖੇਮੋ ਸੀ ਤੇ ਲਹਿਣਾ ਸਿੰਘ ਮਾਮਾ। ਇਕ ਮਹੀਨਾ ਉਥੇ ਠਹਿਰੇ। ਇਥੋਂ ਅੰਨ ਪਾਣੀ ਛੱਕਦੇ ਰਹੇ, ਕਣਕ ਦਾ ਫੁਲਕਾ ਮਾਹਾਂ ਦੀ ਦਾਲ। ਲਹਿਣਾ ਸਿੰਘ ਦੇ ਪੁੱਤਰ ਪੋਗਾ ਸਿੰਘ ਤੇ ਸਰਮੁਖ ਸਿੰਘ ਸੀ। ਬਾਬਾ ਜੀ ਦੇ ਪਿਤਾ ਬਾਬਾ ਬੂੜ ਸਿੰਘ ਦੇ ਮਾਮੇ ਦੇ ਪੁੱਤਰ ਮੀਏਂ ਵਿੰਡ ਦੇ ਵਾਸੀ ਸਨ। ਇਥੋਂ ਉਠ ਕੇ ਫਿਰ ਡੇਰਾ "ਜੰਦਾ" ਦੇ ਲਾਇਆ। ਪਹਿਲਾਂ ਗੁਰਦਿੱਤ ਸਿੰਘ ਨੇ ਫਿਰ ਦੁਲਾ ਸਿੰਘ ਨੇ ਸੇਵਾ ਕੀਤੀ। ਇਹ ਲਿਖਤ ਬਾਬਾ ਜੀ ਨੇ ੩੦ ਨਵੰਬਰ ੧੯੨੦ ਈਸਵੀ ਨੂੰ ਹਰਚੰਦ ਸਿੰਘ ਪੁੱਤਰ ਸੁੱਚਾ ਸਿੰਘ ਪੱਤੀ ਭਾਈ ਜੀ ਅਗਵਾੜ ਬੀਬੀ ਕਾ ਤੋਂ ਕਰਵਾਈ। ਉਸਤੋਂ ਬਾਅਦ ੧੯੧੫ ਵਿਚ ਇਹੀ ਲਿਖਤ ਭਾਈ ਰਤਨ ਸਿੰਘ ਡਰੋਲੀ ਤੇ ਉਸਦੀ ਸੁਪਤਨੀ ਨੂੰ ਕਰਵਾਈ। ਇਥੇ ਆਪ ਆਪਣੇ ਮੁਖ ਦੇ ਇਕ ਗੋਦੜੀ ਵਰਗਾ ਕੱਪੜਾ ਰਖਦੇ

ਸਨ। ਛੋਟੇ ਛੋਟੇ ਬੱਚਿਆਂ ਨਾਲ ਖੇਡਦੇ ਸਨ। ਉਨਾਂ ਨੂੰ ਕਈ ਪ੍ਰਕਾਰ ਦੀਆਂ ਚੀਜਾਂ ਵੀ ਗੋਦੜੀ ਵਿਚੋਂ ਕੱਢ ਕੇ ਦੇਣੀਆਂ। ਕਦੇ ਪੈਸੇ ਵੀ ਦੇ ਦੇਣੇ। ਸਭ ਕੁਝ ਗੋਦੜੀ ਵਿਚੋਂ ਹੀ ਕੱਢ ਕੇ ਦੇਈ ਜਾਣਾ, ਪਰ ਮੁਖ ਨੰਗਾ ਨਹੀਓਂ ਸਨ ਕਰਦੇ। ਫਿਰ ਮਾਘ ਦੇ ਮਹੀਨੇ ਮੰਗ ਕੇ ਖਾਧਾ।

ਇਥੇ ਬਚਨ ਕਰਦੇ ਸਨ :

**ਬਾਲਕ ਦਾਸ ਨੇ ਲਈ ਫਕੀਰੀ ਪਹਿਲਾ ਡੇਰਾ ਭਿਖੀ**
**ਮੰਗ ਤੰਗ ਕੇ ਟੁਕੜੇ ਖਾਧੇ ਬਾਲਕ ਡਹਿ ਗਏ ਇੱਟੀ**
**ਇਸ ਫਕੀਰੀ ਤੋਂ ਬਾਲਕ ਦਾਸਾ ਮੁੜਕੇ ਰਲ ਜਾ ਸਿਖੀ।**

ਫਿਰ ਇਥੋਂ ਵਾਪਿਸ ਮੁੜ ਪਏ ਮੋਗੇ ਵੱਲ। ਰਸਤੇ ਵਿਚ ਇਕ "ਸਿੰਘਾ ਵਾਲਾ" ਨਗਰ ਹੈ। ਇਥੇ ਮਹਾਂਪੁਰਖ ਸੰਤ ਮੇਹਰ ਸਿੰਘ ਹੋਏ ਹਨ। ਇੰਨਾਂ ਨੂੰ ਮਿਲੇ। ਇਹ ਸੰਤ ਆਪਣੇ ਹੱਥੀਂ ਆਟਾ ਪੀਹ ਕੇ ਲੰਗਰ ਚਲਾਉਂਦੇ ਸਨ। ਇਨ੍ਹਾਂ ਪਾਸ ਕੁਝ ਦਿਨ ਠਹਿਰੇ। ਇਨ੍ਹਾਂ ਸੰਤਾਂ ਦਾ ਇਹ ਨਿਯਮ ਸੀ ਅੱਧੀ ਰਾਤ ਨੂੰ ਸਿੰਘਾਂ ਵਾਲੇ ਤੋਂ ਉਠ ਭਾਈ ਕੀ ਡਰੋਲੀ ਮਾਤਾ ਦਮੋਦਰੀ ਸਾਹਿਬ ਦੇ ਦਿਹੁਰੇ ਦੀ ਸੇਵਾ ਕਰਨੀ। ਉਥੇ ਝਾੜੂ ਦੇ ਕੇ ਵਾਪਿਸ ਆ ਕੇ ਹੋਰ ਕੋਈ ਕੰਮ ਕਰਦੇ ਸਨ। ਕੁਝ ਸਮਾਂ ਬਾਬਾ ਜੀ ਇਨ੍ਹਾਂ ਕੋਲ ਰਹਿਕੇ ਅੱਗੇ ਚਲੇ ਗਏ। ਇਥੋਂ ਚਲਕੇ ਕਾਂਗੜ ਪਿੰਡ ਇਕ ਰਾਤ ਠਹਿਰੇ।

ਕਾਂਗੜ ਤੋਂ ਬਰਨਾਲੇ ਵੱਲ ਫਰਬਾਹੀ ਪਿੰਡ ਪਹੁੰਚੇ। ਇਸ ਪਿੰਡ ਵਿਚ ਇਕ ਸੰਤ ਥੰਮਣ ਸਿੰਘ ਹੋਏ ਹਨ। ਫਰਬਾਹੀ ਤੋਂ ਬਰਨਾਲੇ ਚਲੇ ਗਏ। ਬਰਨਾਲੇ ਨਗਰ ਤੋਂ ਬਾਹਰ ਹੀ ਟਿਕੇ ਸਨ। ਇਥੇ ਦੋ ਦਿਨ ਬਾਅਦ ਕੀ ਵੇਖਿਆ ਕਿ ਇਕ ਗਰੀਬ ਘਰ ਦੀ ਮਾਈ ਜੰਗਲ ਵਿਚ ਲੱਕੜਾਂ ਬਾਲਣ ਚੁਗਦੀ ਫਿਰਦੀ ਹੈ ਤੇ ਰੋਈ ਜਾਂਦੀ ਹੈ। ਬਾਬਾ ਜੀ ਨੇ ਪੁਛਿਆ "ਮਾਈ ਰੋਂਦੀ ਕਿਉਂ ਹੈ ?" ਪਹਿਲਾਂ ਤਾਂ ਉਸ ਨੇ ਕਿਹਾ "ਜੀ, ਮੇਰੇ ਕਰਮਾਂ ਦਾ ਹੀ ਫਲ ਹੈ ਜੋ ਮਿਲ ਰਿਹਾ ਹੈ।" ਆਪ ਜੀ ਨੇ ਪੁਛਿਆ ਫਿਰ ਵੀ ਕੀ ਗੱਲ ਹੈ। ਕਹਿਣ ਲੱਗੀ "ਮੇਰਾ ਪਤੀ ਮਰ ਚੁੱਕਾ ਹੈ ਤੇ ਇਕ ਪੰਜ ਸਾਲ ਦਾ ਲੜਕਾ ਹੈ। ਉਸ ਨੂੰ ਇਕ ਸਾਲ ਤੋਂ ਐਸੀ ਬਿਮਾਰੀ ਹੈ। ਕੋਈ ਸਮਝ ਨਹੀਂ ਆਈ। ਜਿਤਨੀ ਮੇਰੀ ਹਿੰਮਤ ਪਈ ਉਸ ਨੂੰ ਦੁਆਈ ਵੀ ਕਰਾ ਚੁਕੀ ਹਾਂ। ਕਈਆਂ ਸੰਤਾਂ ਨੂੰ ਵੀ ਮੱਥਾ ਟਿਕਾਇਆ, ਪਰ ਕਿਤੇ ਆਰਾਮ ਨਹੀਂ ਆਇਆ। ਬੱਸ ਹੁਣ ਅੱਜ ਮਰਿਆ

ਕਿ ਕੱਲ ਮਰਿਆ ਸਮਝੋ।" ਆਪ ਕਹਿਣ ਲੱਗੇ ਮਾਈ "ਜੇ ਬਚ ਜਾਏ ?" ਉਹ ਬੋਲੀ "ਚੰਗਾ ਹੀ ਹੈ ਜੇ ਬਚ ਜਾਏ।" ਆਪ ਬੋਲੇ "ਤੂੰ ਕੁਛ ਕਰੇਂਗੀ ਵੀ।" ਕਹਿਣ ਲੱਗੀ ਗਰੀਬਣੀ ਹਾਂ। ਮੇਰੇ ਪਾਸ ਪੈਸਾ ਤਾਂ ਕੋਈ ਹੈ ਨਹੀਂ , ਜਿਸ ਦੇ ਨਾਲ ਪੁੰਨ ਦਾਨ ਕਰ ਸਕਾ। ਆਪ ਬੋਲੇ "ਤੇਰੇ ਪਾਸੋਂ ਪੁੰਨ ਸਿਰਫ ਇਕੋ ਹੀ ਕਰਾਉਣਾ ਹੈ।" ਉਹ ਬੋਲੀ ਕੀ ? "ਇਹ ਬੱਚਾ ਕਿਸੇ ਨੂੰ ਦੇ ਦੋ।" ਕਹਿਣ ਲਗੀ "ਕਿਸਨੂੰ ? ਇਸ ਹਾਲਤ ਵਿਚ ਲਵੇਗਾ ਕੋਣ ?" ਤਾਂ ਆਪ ਬੋਲੇ "ਅਸੀਂ ਲਵਾਂਗੇ"।

ਮਾਈ "ਤੁਸੀਂ ਚੇਲਾ ਬਨਾਉਣਾ ਹੈ ?

ਬਾਬਾ ਜੀ "ਤੈਨੂੰ ਕੀ ਭਾਵੇਂ ਬਣਾਈਏ ਭਾਵੇਂ ਨਾ ਬਣਾਈਏ।"

"ਦਿਆਂਗੇ ਰਾਜੀ ਹੋਏ ਤੋਂ"

"ਜਾ ਲੈ ਆ ਬੱਚੇ ਨੂੰ", ਬਾਬਾ ਜੀ ਨੇ ਬਚਨ ਕੀਤਾ।

ਮਾਈ ਬੱਚੇ ਨੂੰ ਉਸੇ ਵੇਲੇ ਜਾ ਕੇ ਲੈ ਆਈ। ਬਾਬਾ ਜੀ ਨੇ ਦੇਖਿਆ ਤੇ ਕਿਹਾ "ਬੜਾ ਕਮਜੋਰ ਹੋ ਗਿਆ। "ਉਹ ਬੋਲੀ "ਦੇਖ ਲਓ।" ਆਪ ਬੋਲੇ "ਐਥੇ ਸਾਡੇ ਸਾਮ੍ਹਣੇ ਜਮੀਨ ਤੇ ਪਾ ਦੇ।" ਉਸ ਨੇ ਪਾ ਦਿੱਤਾ। ਹਜੂਰ ਨੇ ਇਕ ਕੱਪੜਾ ਇਸ ਦੇ ਉਪਰ ਦੇ ਦਿੱਤਾ। ਫਿਰ ਮਾਈ ਨੂੰ ਬੋਲੇ "ਹੁਣ ਤੂੰ ਜਾ ਕੇ ਆਪਣਾ ਕੰਮ ਕਰ ਲੈ।" ਉਹ ਜੱਕੋ ਤੱਕੀ ਵਿਚ ਉਠ ਕੇ ਚਲੀ ਗਈ। ਜਦੋਂ ਬਾਲਣ ਲੈਣ ਆਈ ਤਾਂ ਬੱਚੇ ਦੇ ਕੋਲ ਬੈਠਣ ਲੱਗੀ ਬਾਬਾ ਜੀ ਬੋਲੇ "ਜਾ ਘਰ ਨੂੰ ਤੇ ਇਕ ਪਹਿਰ ਤੋਂ ਬਾਅਦ ਆਵੀਂ।" ਉਹ ਤੁਰ ਤਾਂ ਪਈ, ਪਰ ਇਕ ਦੋ ਵਾਰ ਪਿਛਾਂ ਮੁੜ ਕੇ ਦੇਖਦੀ ਰਹੀਂ। ਘਰੋਂ ਜਾ ਕੇ ਜਲਦੀ ਹੀ ਆਈ।ਜਿਸ ਵੇਲੇ ਆ ਕੇ ਬਾਬਾ ਜੀ ਨੂੰ ਆਵਾਜ ਦਿੱਤੀ, ਤਾਂ ਆਪ ਬੋਲੇ ਕੱਪੜਾ ਚੁਕ ਕੇ ਆਪਣੇ ਪੁੱਤਰ ਨੂੰ ਦੇਖ ਲੈ। ਜਦੋਂ ਉਸ ਦੇ ਮੂੰਹ ਤੋਂ ਕੱਪੜਾ ਲਾਹਿਆ, ਦੇਖ ਕੇ ਹੈਰਾਨ ਰਹਿ ਗਈ। ਲੜਕਾ ਤਾਂ ਉਸ ਨੂੰ ਇਉਂ ਲਗਿਆ ਜਿਵੇਂ ਕਿਤੇ ਬਿਮਾਰ ਹੋਇਆ ਹੀ ਨਹੀਂ ਹੁੰਦਾ। ਬਾਬਾ ਜੀ ਹੱਸ ਕੇ ਬੋਲੇ "ਹੁਣ ਇਹ ਸਾਡਾ ਹੈ ਤੇਰਾ ਨਹੀਂ। ਰਹੇਗਾ ਤੇਰੇ ਕੋਲ ਹੀ ਪਰ ਸਾਡਾ ਬਣ ਕੇ ਰਹੂਗਾ। ਇਹ ਸਿਧ ਪੁਰਖ ਹੋਵੇਗਾ। ਇਸ ਇਲਾਕੇ ਵਿਚ ਜਦੋਂ ਕੋਈ ਕੰਮ ਕਰਨਾ ਹੋਏਗਾ ਇਸ ਦੇ ਰਾਹੀਂ ਕਰਿਆ ਕਰਾਂਗੇ।" ਇਉਂ ਬਚਨ ਕਰਕੇ ਬੋਲੇ, "ਇਹ ਗੱਲ ਕਿਸੇ ਨੂੰ ਨਹੀਂ ਦਸਣੀ, ਚੁਪ ਹੀ ਰਹਿਣਾ ਹੈ।" ਫਿਰ ਮਾਈ ਨੇ ਪੁਛਿਆ

"ਜੀ ਤੁਹਾਡਾ ਨਾਮ ਕੀ ਹੈ ? ਕਿਥੋਂ ਆਏ ਹੋ।" ਆਪ ਬੋਲੇ "ਆਏ ਹਾਂ ਫਿਰਦੇ ਤੁਰਦੇ। ਸਾਡਾ ਨਾਮ ਹੈ ਮਹਾਂ ਹਰਿਨਾਮ ਸਿੰਘ ਰੂੰਮੀ ਵਾਲੇ।" ਫਿਰ ਆਪ ਨੇ ਬੱਚੇ ਦਾ ਨਾਮ ਪੁਛਿਆ ਤੇ ਮਾਈ ਦੇ ਨਾਮ ਦੱਸਣ ਤੇ ਬੋਲੇ "ਇਹ ਨਾਮ ਨਹੀਂ ਚੰਗਾ। ਇਸ ਦਾ ਨਾਮ ਅਸੀਂ ਰਖਾਂਗੇ।" ਇਸਦੇ ਨਾਲ ਹੀ ਕਿਹਾ "ਇਸਦਾ ਨਾਮ ਹੈ ਮਿਰਚਾਂ ਖਾਣਾ।" ਮਾਈ ਬੋਲੀ ਇਹ ਵੀ ਕੋਈ ਨਾਂ ਹੈ। ਆਪ ਨੇ ਕਿਹਾ ਜੋ ਮਰਜੀ ਰਖੀਏ। ਕਿਸੇ ਨੂੰ ਕੀ। ਅਸੀਂ ਆਪਣੇ ਦਾ ਨਾਮ ਰੱਖ ਦਿਤਾ ਜੋ ਸਾਨੂੰ ਚੰਗਾ ਲੱਗਿਆ। ਫਿਰ ਬੋਲੇ "ਲੈ ਜਾ ਇਸਨੂੰ ਅੱਗੇ ਤੋਂ ਇਹ ਮਸਤ ਹੀ ਰਹੇਗਾ। ਕਿਸੇ ਨਾਲ ਬੋਲੇਗਾ ਨਹੀਂ। ਗਰਮੀ,ਸਰਦੀ, ਭੁੱਖ, ਤੇਹ ਦੀ ਵੀ ਇਸ ਨੂੰ ਕੋਈ ਪ੍ਰਵਾਹ ਨਹੀਂ ਹੋਵੇਗੀ। ਐਵੇਂ ਲੈ ਕੇ ਲੋਕਾਂ ਕੋਲ ਨਾ ਭੱਜੀ ਫਿਰੀ ਘਰ ਹੀ ਇਸ ਨੂੰ ਸੰਭਾਲ ਕੇ ਰੱਖੀ।"

## ਬਾਬਾ ਜੀ ਨੇ ਧਨੌਲੇ ਪਹੁੰਚਨਾ

ਦੋਹਰਾ ਸੁਣੋ ਸਰੋਤਾ ਧਿਆਨ 'ਦੇ ਮਨ ਮੇ ਧਾਰ ਵਿਚਾਰ
ਨਗਰ ਧਨੌਲਾ ਪਹੁੰਚ ਗਏ ਹਰਨਾਮ ਹਰੀ ਦਾਤਾਰ

**ਡਿਉਡਾ ਛੰਦ :**

ਬ੍ਰਿਛਾਂ ਦੇ ਹੇਠ ਆਸਣ ਲਗਾ ਲਿਆ, ਹੋਇ ਕੇ ਅਨੰਦ ਜੀ।
ਜਿੰਨ੍ਹਾਂ ਜਿਨ੍ਹਾਂ ਆ ਕੇ ਦਰਸ ਪਾ ਲਿਆ, ਕਟੇ ਗਏ ਫੰਧ ਜੀ।
ਪਿੰਡ ਵਾਲੇ ਲੋਕ ਵੀ ਛਾਇਆ ਦੇ ਹੇਠ ਨੂੰ ਆਏ ਹੌਲੀ ਹੌਲੀ ਜੀ।
ਬੈਠੇ ਆ ਕੇ ਕੋਲ ਨਾ ਕਿਸੇ ਮੱਥਾ ਟੇਕਿਆ ਨਾ ਕੋਈ ਗੱਲ ਗੌਲੀ ਜੀ।
ਆਪੋ ਵਿਚ ਇਕ ਦੂਜੇ ਨਾਲ ਮਿਲਕੇ, ਰਹੇ ਝੱਖ ਮਾਰਦੇ।
ਰੱਬ ਤੋਂ ਬੇਮੁਖ ਭੁਲੇ ਹੋਏ ਨਾਲ ਤੋਂ, ਜਨਮ ਵਿਗਾੜਦੇ।
ਗਰਮੀ ਦੀ ਰੁੱਤ ਤੱਤੀ ਵਗੇ ਹਵਾ ਜੀ ਸਿਖਰ ਦੁਪਹਿਰ ਸੀ।
ਕੋਈ ਬੰਦਾ ਕੰਮ ਵਾਲਾ ਆਵੇ ਬਾਹਰ ਨੂੰ ਉਹ ਵੀ ਇੱਕਲਾ ਕਹਿਰ ਸੀ।
ਲਗੀ ਜਾ ਪਿਆਸ ਆਸਣ ਤੇ ਬੈਠਿਆ ਸੰਤ ਮਹਾਰਾਜ ਨੂੰ।
ਦਸੋ ਬਈ ਪਿਆਰਿਓ ਜੇ ਪਾਣੀ ਮਿਲ ਜਾਏ ਦੇਂਦੇ ਨੇ ਆਵਾਜ ਨੂੰ।

ਉਨਾਂ ਵਿਚੋਂ ਇਕ ਬੋਲਿਆਂ ਸੀ ਹੱਸ ਕੇ, ਕਰਦਾ ਇਸ਼ਾਰਾ ਜੀ।
ਗੰਦਾ ਪਾਣੀ ਜਿਸ ਟੋਏ ਵਿਚ ਭਰਿਆ, ਮਿੱਟੀ ਤੇ ਗਾਰਾ ਜੀ।
ਇਥੇ ਇਹੋਂ ਪਾਣੀ ਹੈ ਜੀ ਪੀਣ ਵਾਸਤੇ, ਪੀਉ ਰੱਜ ਰੱਜ ਕੇ।
ਇਸ ਤੋਂ ਬਿਨਾਂ ਹੋਰ ਪਾਣੀ ਨਹੀਂ ਮਿਲਣਾ, ਆਖਿਆ ਸੀ ਗੱਜ ਕੇ।
ਸੁਣ ਕੇ ਇਹ ਗੱਲ ਮਹਾਰਾਜ ਬੋਲਦੇ, ਦਿੰਦੇ ਨੇ ਜਬਾਬ ਨੂੰ।
ਇਹ ਤਾਂ ਅਸੀਂ ਰਖਿਆ ਤੁਹਾਡੇ ਵਾਸਤੇ, ਛੇੜੀਏ ਨਾ ਆਬ ਨੂੰ।
ਸੁਣ ਕੇ ਬਚਨ ਇਕ ਬੰਦਾ ਉਠਿਆ, ਮਨ ਪਿਆ ਹੌਲ ਜੀ।
ਚੁਪ ਰਹੋ ਉਨ੍ਹਾਂ ਸਾਰਿਆ ਨੂੰ ਆਖਦਾ, ਕਰੋ ਨਾ ਮਖੌਲ ਜੀ।

## ਡਿਉਢਾ ਦੁਵਈਆ

ਤੁਸੀਂ ਸੰਤ ਜੀ ਇਥੇ ਬੈਠੋ ਮੈਂ ਜਾ ਕੇ ਜਲ ਲਿਆਵਾਂ
ਤੇ ਫੇਰ ਛਕਾਵਾਂ
ਘਰ ਮੇਰਾ ਹੈ ਨੇੜੇ ਇਥੋਂ ਮੈਂ ਛੇਤੀ ਮੁੜ ਆਵਾਂ
ਦੇਰ ਨਾ ਲਾਵਾਂ
ਇਉਂ ਕਹਿਕੇ ਘਰ ਨੂੰ ਉਹ ਤੁਰਿਆ ਲੈ ਆਇਆ ਜਲ ਭਰਕੇ
ਛੇਤੀ ਕਰਕੇ
ਕਹਿਣ ਲਗਾ ਲਓ ਸੰਤ ਜੀ ਜਲ ਆਪਣੇ ਹੱਥ ਧਰਕੇ
ਹਰਿ ਹਰਿ ਕਰਕੇ
ਜਲ ਲੈ ਲੀਤਾ ਤੁਰੰਤ ਹੀ ਪੀਤਾ ਮੂਹੋਂ ਕੁਝ ਨਾ ਬੋਲੇ
ਰਹੇ ਅਡੋਲੇ
ਸਭ ਉਠ ਆਗੇ ਘਰੀਂ ਸਦਾਏ ਬੈਠੇ ਅਰਾਮ ਅਤੋਲੇ
ਅਨੰਦ ਅਡੋਲੇ
ਰਾਤ ਪਈ ਸਭ ਲੋਕੀਂ ਸੁਤੇ ਅੱਧ ਰਾਤ ਵਿਹਾਈ
ਸਮਝ ਨਾ ਆਈ

ਤਾਪ ਚੜਿਆ ਸਭ ਮੁਧੇ ਹੋਏ ਨਾਲ ਉਲਟੀ ਆਈ
ਬਹੁ ਦੁਖਦਾਈ।
ਦਿਨ ਚੜ੍ਹਿਆ ਸਭ ਇੱਕਠੇ ਹੋਏ ਕਰਨ ਵਿਚਾਰ ਸਿਆਂਣੇ
ਅਤੇ ਨਿਆਣੇ
ਇਹ ਕੀ ਭਾਣਾ ਵਰਤਿਆ ਜਾਰੋ ਰੱਬ ਦੇ ਪੇਟੇ ਤਾਣੇ
ਰੱਬ ਹੀ ਜਾਣੇ।

## ਕੋਰੜਾ ਛੰਦ

ਪਾਣੀ ਛਕਾਇਆ ਜਿਸਨੇ ਮਹਾਰਾਜ ਨੂੰ
ਸਾਰਿਆਂ ਚ ਉਹ ਦੇਂਵਦਾ ਆਵਾਜ ਨੂੰ
ਕੱਲ ਵਾਲੀ ਆਖੀ ਗੱਲ ਗੌਲ ਉਏ
ਸੰਤਾਂ ਨੂੰ ਸੀ ਜਿਹੜਾ ਕੀਤਾ ਮਖੌਲ ਉਏ
ਉਸ ਦਾ ਹੀ ਮਿਲਿਆ ਹੈ ਫਲ ਆਪਾਂ ਨੂੰ
ਲਗੀ ਹੈ ਉਛਾਲੀ ਤੇ ਚੜਾਇਆ ਤਾਪਾਂ ਨੂੰ
ਸਾਰੇ ਇੱਕਠੇ ਹੋ ਕੇ ਜਾਈਏ ਉਨਾ ਪਾਸ ਜੀ
ਭੁਲ ਬਖਸ਼ਾਓ ਕਰੋ ਅਰਦਾਸ ਜੀ
ਬੇਨਤੀ ਸਵਾਰੇ ਬਿਗਾੜੇ ਹੋਏ ਕਾਜ ਨੂੰ
ਸਾਰਿਆਂ ਚ ਉਹ ਦੇਂਵਦਾ ਅਵਾਜ ਨੂੰ
ਸਾਰੇ ਮੰਨ ਗਏ ਆਖੀ ਗੱਲ ਜੀ
ਆਉ ਭੁਲ ਬਖਸ਼ਾਈਏ ਸੰਤਾਂ ਪਾਸ ਚੱਲ ਜੀ
ਦਾਨੇ ਬੰਦੇ ਹੋਰ ਵੀ ਰਲਾਉ ਨਾਲ ਜੀ
ਬਿਗੜੇ ਨਾ ਗੱਲ ਕਰ ਲਓ ਖਿਆਲ ਜੀ
ਸਾਰੇ ਹੋ ਕੇ ਇਕੱਠੇ ਗਏ ਸੰਤਾਂ ਪਾਸ ਜੀ
ਦੁਖੜਾ ਸੁਣਾਇਆ ਕੀਤਾ ਅਰਦਾਸ ਜੀ

ਆਪ ਹੀ ਸਵਾਰੋ ਬਿਗੜੇ ਹੋਏ ਕਾਜ ਨੂੰ
ਸਾਰਿਆਂ ਚ ਉਹੀ ਦੇਂਵਦਾਂ ਆਵਾਜ ਨੂੰ

## ਸਿਰ ਖਿੰਡੀ ਛੰਦ

ਬਖਸ਼ੋ ਬਖਸ਼ਣ ਹਾਰ ਹੋਈ ਅਵੱਗਿਆ
ਅਸੀਂ ਹਾਂ ਭੁਲਣ ਹਾਰ ਭੁਲੇ ਮੁਢ ਤੋਂ।
ਸੰਤ ਸਦਾ ਹੀ ਦਿਆਲੂ ਆਏ ਬਖਸ਼ਦੇ,
ਤੁਮ ਸਮ ਕੋਣ ਕ੍ਰਿਪਾਲੂ ਰੱਬ ਦਾ ਰੂਪ ਹੋ।
ਜਿਤਨੀ ਕੀਤੀ ਭੁਲ ਫਲ ਵੀ ਮਿਲ ਗਿਆ,
ਸਰਨ ਆਏ ਚਲ ਕੁਲ, ਹੁਣ ਨਾ ਮੋੜਿਓ।
ਪਈ ਬਿਮਾਰੀ ਸਭਨੂੰ ਘਰ ਘਰ ਡਾਕਦੇ,
ਬਚੇ ਬੁਢੇ ਨਰ ਤੜਫਨ ਮੀਨ ਜਿਓ।
ਇਓਂ ਕਹਿ ਸੀਸ ਨਿਵਾਇਆ ਦੁਇ ਹੱਥ ਜੋੜ ਕੇ
ਗਲ ਵਿਚ ਪੱਲਾ ਪਾਇਆ ਭੁਬੀਂ ਰੋਂਵਦੇ।
ਹੱਸ ਕੇ ਬੋਲੇ ਆਪ ਚੰਗਾ ਇਉਂ ਕਰੋ
ਜਲ ਇਸ ਛੱਪੜ ਵਾਲਾ ਪਿਲਾ ਦਿਓ ਸਭਨੂੰ
ਹੋਵੇ ਉਹ ਅਰੋਗ ਜੋ ਪੀਵੇ ਰੱਜ ਕੇ,
ਉਹੀ ਰਹੇ ਬਿਮਾਰ ਨਫਰਤ ਜੋ ਕਰੇ
ਬਚਨ ਮੰਨ ਕੇ ਸੱਤ ਜਿੰਨਾ ਪੀ ਲਿਆ
ਰੋਗ ਕਟੇ ਤਟ ਫਟ ਮਨ ਸੁਖੀ ਹੋਏ
ਫਿਰ ਕੀਤੀ ਅਰਦਾਸ ਮਿਲਕੇ ਸਾਰਿਆਂ
ਇਥੇ ਕਰੋ ਨਿਵਾਸ ਕੁਟੀਆ ਬਣ ਜਾਏ

**ਸੋਰਠਾ**

ਹੱਸ ਕੇ ਬੋਲੇ ਆਪ ਇਹ ਥਾਂ ਰਹਿਣ ਲਾ ਜੋਗ ਹੈ
ਰਮਤੇ ਆਏ ਸਾਧ ਰਮਤੇ ਹੀ ਤੁਰ ਜਾਏਂਗੇ।

# ਜਿਮੀਂਦਾਰ ਤੇ ਕ੍ਰਿਪਾ ਕਰਨੀ

ਧਨੌਲੇ ਤੋਂ ਚਲ ਕੇ ਭਾਈ ਰੂਪੇ ਦੇ ਨਜਦੀਕ ਜਾ ਪਹੁੰਚੇ। ਨੇੜੇ ਤੇੜੇ ਦੇ ਨਗਰਾਂ ਵਿਚੋਂ ਪ੍ਰਸ਼ਾਦਾ ਮੰਗ ਕੇ ਛੱਕ ਲੈਂਦੇ ਸਨ। ਕਿਸੇ ਇੱਕ ਘਰ ਤੋਂ ਹੀ ਰਸਦ ਲੈਂਦੇ ਤੇ ਕਿਸੇ ਘਰ ਪੱਕਿਆ ਪ੍ਰਸ਼ਾਦਾ ਵੀ ਲੈ ਲੈਂਦੇ ਸਨ। ਪਰ ਲੈਂਦੇ ਇੱਕੋ ਘਰ ਤੋਂ। ਜੇ ਨਾ ਮਿਲਦੀ ਤਾਂ ਦੂਜੇ ਘਰ ਨਹੀਂ ਜਾਂਦੇ ਸਨ। ਫਿਰ ਕਿਤੇ ਬਾਹਰ ਜਾ ਕੇ ਬੈਠ ਜਾਂਦੇ। ਇਸ ਤਰਾਂ ਕੁਝ ਸਮਾਂ ਗੁਜਰਿਆ।

ਇਕ ਦਿਨ ਐਸਾ ਮੌਕਾ ਆਇਆ ਇਕ ਨਗਰ ਵਿਚ ਕਿਸੇ ਘਰ ਪ੍ਰਸ਼ਾਦਾ ਮੰਗਣ ਵਾਸਤੇ ਗਏ ਤਾਂ ਅਗੇ ਇਕ ਜਿਮੀਂਦਾਰ ਮੱਝ ਨੂੰ ਜੂੜ ਪਾ ਕੇ ਕੁਟ ਰਿਹਾ ਸੀ ਕਿਉਂਕੀ ਉਹ ਦੁਧ ਦੇਣ ਵੇਲੇ ਹਿਲਦੀ ਸੀ। ਆਪ ਜਾ ਬੂਹੇ ਅੱਗੇ ਖਲੋਤੇ। ਜਿਮੀਂਦਾਰ ਦੇ ਘਰ ਵਾਲੀ ਆਟਾ ਐ ਕੇ ਆਈ। ਬਾਬਾ ਜੀ ਨੇ ਕਿਹਾ "ਅਸੀਂ ਤਾਂ ਦੁੱਧ ਲੈਣਾ ਹੈ।" ਉਸ ਜਿਮੀਂਦਾਰ ਨੇ ਬਾਬਾ ਜੀ ਦੀ ਆਵਾਜ ਸੁਣ ਲਈ ਤੇ ਕਹਿਣ ਲੱਗਾ "ਇਹ ਕੌਣ ਹੈ ਦੁੱਧ ਮੰਗਣ ਵਾਲਾ ?" ਉਸਦੇ ਘਰ ਵਾਲੀ ਨੇ ਦਸਿਆ "ਇਕ ਸੰਤ ਹੈ।" ਉਸ ਨੇ ਕਿਹਾ "ਦੁੱਧ ਤਾਂ ਸਾਡੀ ਮੱਝ ਹੀ ਨਹੀਂ ਦਿੰਦੀ। ਅਸੀਂ ਕੁਟ ਕੁਟ ਕੇ ਵੀ ਥਕ ਗਏ ਹਾਂ। "ਬਾਬਾ ਜੀ ਨੇ ਬਾਹਰ ਖੜ੍ਹਿਆਂ ਹੀ ਅਵਾਜ ਦਿੱਤੀ "ਜੇ ਮਿਲ ਪਵੇ ਤਾਂ ਦੁੱਧ ਸਾਡਾ ਹੋਵੇਗਾ।" ਉਹ ਕਹਿਣ ਲੱਗਾ "ਠੀਕ ਹੈ" ਬਾਬਾ ਜੀ ਨੇ ਬਚਨ ਕੀਤਾ "ਮੱਝ ਦਾ ਜੂੜ ਖੋਲ ਦੇ।" ਉਸ ਨੇ ਇਵੇਂ ਹੀ ਕੀਤਾ। ਬਾਬਾ ਜੀ ਕਹਿਣ ਲੱਗੇ "ਹੁਣ ਹੱਥ ਸੁੱਚੇ ਕਰਕੇ ਇਸਦੇ ਹੇਠਾਂ ਬੈਠ ਜਾ।" ਉਸ ਨੇ ਹੱਥ ਧੋਤੇ ਤੇ ਥਾਪੀ ਮਾਰ ਕੇ ਮੱਝ ਹੇਠਾਂ ਜਾ ਬੈਠਾ। ਮੱਝ ਨੇ ਦੁੱਧ ਲਾਹ ਲਿਆ। ਜਿੰਨੇ ਡੰਗਾਂ ਦਾ ਦੁੱਧ ਨਹੀਂ ਦਿਤਾ ਸੀ ਮੱਝ ਨੇ ਉਹ ਸਾਰਾ ਦੁੱਧ ਹੀ ਦੇ ਦਿੱਤਾ। ਦੁੱਧ ਚੋਣ ਤੋਂ ਬਾਅਦ ਚੌਂਤਰੇ ਉਪਰ ਰੱਖ ਕੇ ਬਾਬਾ ਜੀ ਨੂੰ ਸੱਦ ਲਿਆ। ਮੰਜਾ ਡਾਹ ਦਿੱਤਾ ਤੇ ਕਹਿਣ ਲੱਗਾ "ਜੀ ਦੁੱਧ ਛੱਕ ਲਓ। "ਬਾਬਾ ਜੀ ਮੰਜੇ ਤੇ ਬੈਠ ਗਏ। ਦੁੱਧ ਪੀ ਲਿਆ। ਜਿਸ ਵੇਲੇ ਤੁਰਨ ਵੇਲੇ ਤੁਰਨ ਲਗੇ ਤਾਂ ਉਸ ਨੇ ਕਿਹਾ "ਜੀ ਦੁੱਧ ਹੋਰ ਵੀ ਹੈ।" ਆਪ ਬੋਲੇ "ਨਹੀਂ ਇਹ ਤੈਨੂੰ ਦਿੱਤਾ।" ਤੁਰਨ ਲਗਿਆਂ

ਤੋਂ ਉਸ ਦੇ ਘਰ ਵਾਲੀ ਹੱਥ ਜੋੜ ਕੇ ਅੱਗੇ ਖਲੋ ਗਈ ਤਾਂ ਆਪ ਨੇ ਪੁਛਿਆ "ਕੀ ਇੱਛਾ ਹੈ ਤੇਰੀ, ਬੇਟਾ ?" ਉਹ ਬੋਲੀ ਘਰ ਵਿਚ ਦੁੱਧ ਤੇ ਪੁੱਤ ਦੀ ਕਮੀ ਹੈ। ਬਾਬਾ ਜੀ ਬੋਲੇ "ਕੁਛ ਪੜ੍ਹੀ ਹੈ।" ਉਸ ਨੇ ਕਿਹਾ "ਹਾਂ ਜੀ, ਮੇਰੀ ਮਾਤਾ ਨੇ ਮੈਨੂੰ ਗੁਰਮੁਖੀ ਪੜ੍ਹਾਈ ਸੀ।" ਫਿਰ ਪੁਛਿਆ "ਤੇਰੇ ਕੋਲ ਗੁਰਬਾਨੀ ਦੀ ਕੋਈ ਪੋਥੀ ਹੈ।" ਉਹ ਅੰਦਰੋਂ ਜਾ ਕੇ ਰੁਮਾਲ ਵਿੱਚ ਲਪੇਟੀ ਇਕ ਪੋਥੀ ਲੈ ਆਈ। ਜਦੋਂ ਆਪ ਨੇ ਉਸਦਾ ਰੁਮਾਲ ਖੋਲ ਕੇ ਦੇਖਿਆ ਉਹ ਪੰਜ ਗਰੰਥੀ ਪੋਥੀ ਹੱਥ ਦੀ ਲਿਖੀ ਹੋਈ ਸੀ। ਪੋਥੀ ਦੇਖ ਕੇ ਬੋਲੇ "ਲੈ ਜਿਸ ਘਰ ਇਹ ਪੰਜ ਗਰੰਥੀ ਪੋਥੀ ਹੈ। ਉਸ ਦੇ ਘਰ ਸਭ ਕੁਝ ਹੈ। ਇਸ ਦਾ ਅੰਮ੍ਰਿਤ ਵੇਲੇ ਉਠ ਕੇ ਇਸਨਾਨ ਕਰਕੇ ਪਾਠ ਕਰਿਆ ਕਰ ਤੇ ਤੇਰੇ ਪਤੀ ਸੁਣਿਆ ਕਰਨ। ਸਭ ਕੁਝ ਠੀਕ ਹੋ ਜਾਵੇਗਾ। ਇਸ ਪੋਥੀ ਦਾ ਸਤਿਕਾਰ ਕਰਨਾ ਹੈ। ਉਚੇ ਸਥਾਨ ਤੇ ਸਾਫ ਰੁਮਾਲੇ ਵਿਚ ਲਪੇਟ ਕੇ ਰਖਣਾ ਹੈ। ਇਸ ਦਾ ਨਿਤਨੇਮ ਕਰਦੇ ਰਹੋ। ਗੁਰੂ ਨਾਨਕ ਦੇ ਘਰ ਵਿਚ ਕੋਈ ਘਾਟਾ ਨਹੀਂ।" ਇਤਨਾ ਬਚਨ ਕਰਕੇ ਉਥੋਂ ਚਲ ਪਏ। ਜਦੋਂ ਘਰ ਤੋਂ ਥੋੜ੍ਹੀ ਦੂਰ ਹੀ ਗਏ ਤਾਂ ਘਰ ਵਾਲਾ ਫਿਰ ਭੱਜ ਕੇ ਆਇਆ ਤੇ ਪੁਛਣ ਲਗਾ "ਸੰਤ ਮਹਾਰਾਜ ਤੁਹਾਡੇ ਦਰਸ਼ਨ ਕਿਥੇ ਹੋਣਗੇ ?"

ਬੇਪ੍ਰਵਾਹ ਮਹਾਂਪੁਰਖ ਬੋਲੇ "ਜੇ ਵਕਤ ਹੋਇਆ ਤਾਂ ਕਿਤੇ ਇਸ ਤਰ੍ਹਾਂ ਹੀ ਮਿਲ ਪਵਾਂਗੇ।

ਮਹਾਂਪੁਰਖ ਨਾਮ ਜਪਣ ਵਾਲੇ, ਨਾਮ ਦੇ ਰਸੀਏ ਜਿਸ ਤਰੀਕੇ ਨਾਲ ਵੀ ਕਿਸੇ ਤੇ ਕ੍ਰਿਪਾ ਕਰਨੀ ਚਾਹੁੰਣ ਹੋ ਜਾਂਦੀ ਹੈ। ਆਪਣੇ ਬਚਨ ਨਾਲ ਵੀ ਕਰ ਦਿੰਦੇ ਹਨ ਤੇ ਕਿਸੇ ਜੁਗਤੀ ਨਾਲ ਨਾਮ ਜਪਾ ਕੇ ਵੀ ਕਰ ਦਿੰਦੇ ਹਨ। ਨਾਮ ਜਪਣ ਦੇ ਸਦਕਾ ਉਨਾਂ ਦੀ ਰਸਨਾ ਤੇ ਪ੍ਰਮੇਸ਼ਵਰ ਦਾ ਨਿਵਾਸ ਹੁੰਦਾ। ਇਸ ਕਰਕੇ ਸਾਹਿਬ ਨੇ ਬਾਣੀ ਵਿਚ ਕਥਨ ਕੀਤਾ ਹੈ:-

**ਪ੍ਰਭ ਜੀ ਬਸਹਿ ਸਾਧ ਕੀ ਰਸਨਾ** ਗ ਸੁ: ਮ: ੫

ਉਨਾਂ ਦੀ ਰਸਨਾ ਤੋਂ ਨਿਕਲਿਆ ਹੋਇਆ ਬਚਨ ਬਿਰਥਾ ਨਹੀਂ ਜਾਂਦਾ। ਹਮੇਸ਼ਾ ਅਟੱਲ ਹੁੰਦਾ ਹੈ। ਇਸ ਦਾ ਅਗਲਾ ਹਿੱਸਾ ਵੀ ਕਿਤੇ ਹੋਰ ਥਾ ਆਵੇਗਾ।

**ਪੂਰੇ ਸਤਿਗੁਰੂ ਮੇਰੇ ਨੇ ਤੈਨੂੰ ਸਿਮਰਨ ਸਿਖਲਾਇਆ**
**ਵਾਹ ਵਧਾਈ ਹੋਵੇ ਤੈਨੂੰ ਸਤ ਉਪਦੇਸ਼ ਅਧੂਰਾ ਹੈ ਲਿਆਇਆ।**

# ਸੰਤ ਗੰਗਾ ਰਾਮ ਨਾਲ ਮਿਲਾਪ

ਇਕ ਵੇਰਾਂ ਆਪ ਬਾਹਰ ਬੈਠੇ ਸਨ। ਇਕ ਵੱਡੀ ਉਮਰ ਦਾ ਮਹਾਤਮਾ ਆਪ ਜੀ ਪਾਸ ਆਇਆ ਤੇ ਨਮਸਕਾਰ ਕਰਕੇ ਬੈਠ ਗਿਆ। ਆਪ ਨੇ ਪੁਛਿਆ "ਸੰਤ ਜੀ ਕਿਥੋਂ ਆਏ ਹੋ ? ਕੀ ਨਾਮ ਹੈ ?" ਮਹਾਤਮਾ ਬੋਲੇ "ਜੀ ਰਮਤਾ ਹੀ ਰਹਿੰਦਾ ਹਾਂ। ਫਿਰਦਾ ਤੁਰਦਾ ਇਧਰ ਆ ਨਿਕਲਿਆ। ਮੇਰਾ ਨਾਮ ਗੰਗਾ ਰਾਮ ਹੈ। ਮੈਂ ਕੁਝ ਪ੍ਰਸ਼ਨ ਪੁੱਛਣੇ ਹਨ।" ਆਪ ਬੋਲੇ "ਪੁੱਛ ਲੈ।" ਉਹ ਕਹਿਣ ਲੱਗਾ "ਜੀਵ ਦਾ ਮਨ ਸਦਾ ਦੁੱਖ ਸੁਖ ਦੇ ਚੱਕਰ ਵਿੱਚ ਹੀ ਰਹਿੰਦਾ ਹੈ। ਇਸ ਵਿਚੋਂ ਕਿਸ ਤਰ੍ਹਾਂ ਨਿਕਲੇ ? ਹਰ ਵੇਲੇ ਮਨ ਨੂੰ ਇਕੋ ਜਿਹਾ ਅਨੰਦ ਕਿਵੇਂ ਰਹੇ ? ਇਹ ਚੀਜਾਂ ਮੈਂ ਗਰੰਥਾਂ ਵਿੱਚੋਂ ਪੜ੍ਹੀਆਂ ਤਾਂ ਹਨ ਪਰ ਮਨ ਤੇ ਨਹੀਂ ਘਟੀਆਂ। ਸੋ ਇਹ ਅਵਸਥਾ ਮੈਨੂੰ ਕਿਸੇ ਤਰੀਕੇ ਨਾਲ ਮਿਲ ਸਕਦੀ ਹੈ ?"

ਇਸ ਤਰ੍ਹਾਂ ਦਾ ਬਚਨ ਭਾਈ ਨੰਦ ਨਾਲ ਸਾਹਿਬ ਨੇ ਕੀਤਾ ਹੈ

**ਯੱਕ ਦਮ-ਬ-ਖ਼ੇਮ ਰਾਹ ਨਾ ਬੁਰਦਮ ਕਿ: ਕੀਸਤਮ।**
**ਐ ਵਾਏ ਨਕਦਿ ਜਿੰਦਗੀਅਮ, ਰਾਇਗਾਂ ਗੁਜ਼ਸਤ ॥੪॥**
**ਆਪਣਾ ਆਪ ਪਛਾਣ ਨਾ ਸਕਿਆ ਇਕ ਦਮ ਸੂਝ ਨਾ ਆਈ,**
**ਖਬਰ ਨਾ ਪਾਈ,**
**ਬਹੁਤ ਸ਼ੋਕ ਜੋ ਸਾਰੀ ਉਮਰਾਂ ਐਵੇ ਚਾਇ ਗੁਆਈ,**
**ਕੰਮ ਨਾ ਆਈ।**

**(ਜ਼ਿੰਦਗੀ ਨਾਮਾ ਭਾਈ ਨੰਦ ਲਾਲ ਜੀ)**

ਬਾਬਾ ਜੀ ਕਹਿਣ ਲੱਗੇ "ਹਾਂ ਹੋ ਸਕਦੀ ਹੈ। ਪਹਿਲਾਂ ਇਸ ਨਗਰ ਵਿਚ ਜਾ ਕੇ ਇਕ ਘੜਾ ਮੰਗ ਕੇ ਲਿਆ।" ਉਹ ਘੜਾ ਲੈ ਆਇਆ ਫਿਰ ਬੋਲੇ "ਚਲ ਕਿਤੇ ਇਸ਼ਨਾਨ ਕਰੀਏ।" ਇਸ ਤਰ੍ਹਾਂ ਕਹਿਕੇ ਉਸ ਨੂੰ ਨਾਲ ਲੈ ਕੇ ਇਕ ਛੱਪੜ ਦੇ ਕੋਲ ਆ ਗਏ। ਬੈਠ ਕੇ ਕਹਿਣ ਲੱਗੇ "ਜਲ ਭਰ ਕੇ ਲਿਆ।" ਇਸ ਤਰ੍ਹਾਂ ਉਸ ਨੇ ਆਪ ਜੀ ਨੂੰ ਇਸ਼ਨਾਨ ਕਰਾਇਆ। ਪਤਾ ਨਹੀਂ ਕਿੰਨੇ

ਘੜੇ ਭਰ-ਭਰ ਕੇ ਲਿਆਕੇ ਇਸ਼ਨਾਨ ਕਰਾਇਆ। ਇਸ਼ਨਾਨ ਕਰਨ ਤੋਂ ਬਾਅਦ ਉਥੋਂ ਉਠ ਕੇ ਇਕ ਪਾਸੇ ਜਾ ਬੈਠੇ ਪੁੱਛਣ ਲੱਗੇ "ਤੈਨੂੰ ਬਾਣੀ ਯਾਦ ਹੈ ?" ਉਹ ਬੋਲਿਆ "ਜੀ ਜਪੁ ਜੀ ਸਾਹਿਬ ਯਾਦ ਹੈ।" ਆਪ ਬੋਲੇ ਇਥੇ ਬੈਠ ਕੇ ਪਾਠ ਸੁਣਾ।" ਉਸ ਨੇ ਪਾਠ ਸ਼ੁਰੂ ਕਰ ਦਿੱਤਾ। ਜਿਸ ਵਕਤ ਪਾਠ ਸਮਾਪਤ ਹੋਣ ਤੇ ਆਇਆ, ਆਖਰੀ ਪਉੜੀ ਦੀਆਂ ਅਖੀਰਲੀਆਂ ਪੰਗਤੀਆਂ ਪੜ੍ਹੀਆਂ :

**ਜਿਨ ਕਉ ਨਦਰਿ ਕਰਮੁ ਤਿਨ ਕਾਰ॥**
**ਨਾਨਕ ਨਦਰੀ ਨਦਰਿ ਨਿਹਾਲ**

ਸਿਰ ਤੇ ਹੱਥ ਰਖਕੇ ਬੋਲੇ "ਜਾ ਨਿਹਾਲ ਹੋ ਗਿਆ।" ਤਿੰਨ ਵਾਰ ਬਚਨ ਕੀਤਾ। ਜਦੋਂ ਪਾਠ ਸਮਾਪਤ ਕੀਤਾ। ਫਿਰ ਮਹਾਤਮਾਂ ਦੀ ਸਮਾਧੀ ਲਗ ਗਈ ਤੇ ਮਨ ਟਿਕ ਗਿਆ। ਕੁਝ ਚਿਰ ਬਾਅਦ ਆਵਾਜ਼ ਦੇ ਕੇ ਬੁਲਾਇਆ ਤਾਂ ਉਨ੍ਹਾਂ ਨੇ ਨੇਤਰ ਖੋਹਲੇ। ਪ੍ਰਸੰਨ ਹੋ ਕੇ ਬੋਲੇ "ਜਾ ਮੌਜ ਕਰ। ਰਿਧੀਆ ਸਿਧੀਆਂ ਤੇਰੇ ਚਰਨਾਂ ਵਿਚ ਰਹਿਣਗੀਆਂ।"

ਇਸ ਮਿਹਰ ਦੀ ਨਿਗਾਹ ਨੂੰ ਬਾਣੀ ਵਿਚ ਦੱਸਿਆ ਹੈ,

**ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥**

(ਅੰਗ ੬੮੧)

**ਸਾਹਿਬਿ ਹਾਲ ਬ-ਜੁਜ਼ ਹਰਫਿ ਖ਼ੁਦਾ, ਦਮ ਨ ਜਨਦ।**
**ਗੈਰਿ ਜਿਕਰਸ਼, ਸਮਾ ਅਵਾਜ ਬਵਦ ਕੀਲੋ ਮਕਾਲ॥੫**

**ਭਾਈ ਨੰਦ ਲਾਲਾ ਜੀ**

**ਸਾਂਈ ਬਾਂਝੋਂ ਸੰਤਾਂ ਦੇ ਮੁਖ ਦੂਜੀ ਗੱਲ ਨਾ ਆਵੇ**
**ਨਾਮ ਸਾਂਈ ਬਿਨ ਜੋ ਕੁਝ ਕਹਿਣਾ ਸਭ ਗਲ ਅਵਾਂਏ**
**ਮੁਰਸ਼ਦ ਕਾਮਿਲ ਮਾ, ਬੰਦਗੀਅਤ ਫ਼ਰਮਾਇਦ।**
**ਐ ਜਹੇ, ਫਾਲਿ ਮੁਬਾਰਿਕ ਕਿ ਕੁਨਦ ਸਾਹਿਬ ਹਾਲ॥੬॥**

**ਭਾਈ ਨੰਦ ਲਾਲ ਜੀ**

**ਪੂਰੇ ਸਤਿਗੁਰੂ ਮੇਰੇ ਨੇ ਤੈਨੂੰ ਸਿਮਰਨ ਹੀ ਸਿਖਲਾਇਆ**
**ਵਾਹ ਵਧਾਈ ਹੋਵੇ ਤੈਨੂੰ ਸਤ ਉਪਦੇਸ਼ ਲਿਆਇਆ।**

# ਸੰਤ ਮੰਡਲੀ ਨਾਲ ਗਿਆਨ ਚਰਚਾ

ਭਾਈ ਰੂਪੇ ਦੇ ਇਲਾਕੇ ਤੋਂ ਚੱਲ ਕੇ ਤੁਰਦੇ-ਤੁਰਦੇ ਇਕ ਹੋਰ ਜਗ੍ਹਾ ਚਲੇ ਗਏ। ਕੁਝ ਸਮਾਂ ਇਥੇ ਟਿਕਣ ਤੋਂ ਬਾਅਦ ਬਾਬਾ ਜੀ ਕੋਲ ਇਕ ਸੰਤ ਮੰਡਲੀ ਆ ਗਈ। ਉਨ੍ਹਾਂ ਨੇ ਵੀ ਬ੍ਰਿਛ ਹੇਠ ਡੇਰਾ ਲਾ ਲਿਆ। ਸ਼ਾਮ ਦੇ ਵਕਤ ਜਦੋਂ ਉਨ੍ਹਾਂ ਨੇ ਆਪਣਾ ਭੰਡਾਰਾ ਤਿਆਰ ਕੀਤਾ ਤਾਂ ਬਾਬਾ ਜੀ ਨੂੰ ਬੈਠੇ ਦੇਖ ਕੇ ਇੱਕ ਸਾਧੂ ਨੇ ਆਵਾਜ਼ ਦਿੱਤੀ। ਪਰ ਆਪ ਆਪਣੇ ਅਨੰਦ ਵਿੱਚ ਐਸੇ ਮਗਨ ਸਨ ਕਿ ਉਸ ਸਾਧੂ ਦੀ ਆਵਾਜ਼ ਸੁਣੀ ਹੀ ਨਹੀਂ। ਉਹ ਤਾਂ ਆਵਾਜ਼ ਦੇ ਕੇ ਚੱਲਾ ਗਿਆ ਤੇ ਭੰਡਾਰਾ ਵਰਤਨਾ ਸ਼ੁਰੂ ਹੋ ਗਿਆ। ਭੰਡਾਰਾ ਵਰਤਾਉਣ ਵੇਲੇ ਜਦੋਂ ਮੁਖੀਏ ਸੰਤਾਂ ਦੀ ਇਧਰ ਨਿਗਾਹ ਪਈ ਤਾਂ ਆਪ ਨੂੰ ਉਥੇ ਆਸਣ ਤੇ ਹੀ ਬੈਠੇ ਦੇਖਿਆ। ਉਨਾ ਨੇ ਫਿਰ ਇਕ ਸੇਵਾਦਾਰ ਨੂੰ ਭੇਜਿਆ "ਸੰਤਾਂ ਨੂੰ ਬੁਲਾ ਕੇ ਲਿਆਓ।" ਸੇਵਾਦਾਰ ਫਿਰ ਦੂਜੀ ਵਾਰ ਬੁਲਾਉਣ ਗਿਆ। ਸੇਵਾਦਾਰ ਨੇ ਫਿਰ ਜਾ ਕੇ ਦੱਸਿਆ "ਜੀ, ਉਹ ਤਾਂ ਕੋਈ ਜਵਾਬ ਨਹੀਂ ਦਿੰਦੇ।

ਮਹਾਤਮਾ ਨੇ ਕਿਹਾ "ਕਿਹਾ ਚਲੋ ਠੀਕ ਹੈ।" ਭੰਡਾਰਾ ਵਰਤਾ ਦਿੱਤਾ ਗਿਆ। ਉਸ ਤੋਂ ਬਾਅਦ ਮਹਾਤਮਾ ਨੇ ਰਾਤ ਨੂੰ ਕਈ ਵਾਰ ਉਠ ਕੇ ਦੇਖਣ ਦੀ ਕੋਸ਼ਿਸ਼ ਕੀਤੀ। ਆਪ ਆਸਣ ਤੇ ਹੀ ਬੈਠੇ ਰਹੇ। ਦਿਨ ਚੜ੍ਹ ਗਿਆ। ਪਰ ਆਪ ਫਿਰ ਵੀ ਉਥੇ ਹੀ ਵਿਰਾਜੇ ਰਹੇ। ਉਨ੍ਹਾਂ ਮਹਾਤਮਾ ਦੇ ਮਨ ਵਿੱਚ ਬੜਾ ਅਸਚਰਜ ਹੋਇਆ ਕਿ ਐਸੀ ਅਖੰਡ ਸਮਾਧੀ ਹੈ। ਚਿਤ ਵਿੱਚ ਵਿਚਾਰ ਆਈ ਕਿ ਇਨ੍ਹਾਂ ਨਾਲ ਕੁਝ ਬਚਨ ਕਰੀਏ ਇਸ ਵਿਚਾਰ ਨਾਲ ਬਾਬਾ ਜੀ ਪਾਸ ਆ ਕੇ ਬੈਠ ਗਏ। ਪਰ ਬਾਬਾ ਜੀ ਤਾਂ ਉਸੇ ਅਨੰਦ ਵਿੱਚ ਮਸਤ ਸਨ। ਕੁਝ ਚਿਰ ਬੈਠੇ ਰਹੇ। ਪਰ ਆਪ ਨੇ ਸਮਾਧੀ ਨਹੀਂ ਖੋਲ੍ਹੀ ਤੇ ਮਹਾਤਮਾ ਉਠ ਕੇ ਚਲੇ ਗਏ ਜਾ ਕੇ ਆਪਣੀ ਮੰਡਲੀ ਵਾਲੇ ਸਾਧੂਆਂ ਨੂੰ ਕਹਿਣ ਲੱਗੇ "ਅੱਜ ਡੇਰਾ ਇਥੇ ਹੀ ਰੱਖਣਾ ਹੈ। ਇਥੋਂ ਜਾਣਾ ਨਹੀਂ।" ਉਨ੍ਹਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਮਹਾਤਮਾ ਬੋਲੇ "ਜਿਹੜੇ

ਔਹ ਸੰਤ ਕੱਲ੍ਹ ਦੇ ਸਮਾਧੀ ਤੋਂ ਨਹੀਂ ਉਠੇ, ਉਨ੍ਹਾਂ ਦੇ ਦਰਸ਼ਨ ਕਰਕੇ ਤੇ ਬਚਨ ਸੁਣ ਕੇ ਚਲਾਂਗੇ। ਇਸ ਤਰਾਂ ਕਹਿਕੇ ਮਹਾਤਮਾ ਨੇ ਡੇਰਾ ਉਥੇ ਹੀ ਰੱਖ ਲਿਆ ਤੇ ਉਡੀਕ ਕਰਨ ਲੱਗੇ ਕਿ ਬਾਬਾ ਜੀ ਕਦੋਂ ਸਮਾਧੀ ਵਿੱਚੋਂ ਉਠਦੇ ਹਨ। ਜਿਸ ਵਕਤ ਬਾਬਾ ਜੀ ਨੇ ਸਮਾਧੀ ਖੋਲ੍ਹੀ ਤਾਂ ਸੂਰਜ ਢਲ ਚੁੱਕਾ ਸੀ। ਉਸੇ ਵੇਲੇ ਮਹਾਤਮਾ ਨੇ ਦੇਖ ਕੇ ਬਾਬਾ ਜੀ ਪਾਸ ਆ ਕੇ ਨਮਸਕਾਰ ਕੀਤੀ। ਨਾਲ ਹੀ ਮਹਾਤਮਾ ਦੇ ਇੱਕ ਦੋ ਹੋਰ ਸੇਵਕ ਆਏ। ਇਹ ਮਹਾਤਮਾ ਦੇ ਚੇਲੇ ਬੜੇ ਵਿਦਵਾਨ ਸਨ। ਮਹਾਤਮਾ ਤਾਂ ਨਮਸਕਾਰ ਕਰਕੇ ਬੈਠ ਗਏ, ਪਰ ਚੇਲੇ ਮਨ ਵਿੱਚ ਵਿਦਿਆ ਦਾ ਅਭਿਮਾਨ ਲਈ ਬੈਠੇ ਸਨ। ਉਨ੍ਹਾਂ ਸੇਵਕਾਂ ਦੇ ਮਨੋਭਾਵ ਨੂੰ ਪੜ੍ਹਕੇ ਬਾਬਾ ਜੀ ਨੇ ਇਕ ਸੰਸਕ੍ਰਿਤ ਦਾ ਸਲੋਕ ਪੜ੍ਹਿਆ :–

**ਅਸੀਤਯ ਚਤੁਰੋ ਵੇਦਾਨ ਧਰਮ ਸ਼ਾਸਤਰਾਨੀ ਅਣੇ ਕਸ।**
**ਬ੍ਰਹਮ ਤਤੰਵ ਨਾ ਜਾਨਾਤਿ ਦਰਵੀ ਪਾਕ ਰਸੰਤ ਥਾ।**

**ਮੁਕਤੀਨ ਉਪਨਿਸ਼ਦ ਅ. ੨ ਸਲੋਕ ੩੫**

ਜਿਸਦਾ ਭਾਵ ਅਰਥ ਸੀ – ਚਾਰ ਵੇਦ ਪੜ੍ਹ ਲਏ। ਧਰਮ ਗ੍ਰੰਥ ਅਨੇਕ ਸ਼ਾਸਤਰ ਵੀ ਪੜ੍ਹ ਲਏ। ਪ੍ਰੰਤੂ ਬ੍ਰਹਮ ਨੂੰ ਨਹੀਂ ਜਾਣਿਆਂ। ਕੋਈ ਸੁਖ ਨਹੀਂ ਮਿਲਿਆ। ਜਿਵੇਂ ਸਾਰੇ ਪਦਾਰਥਾਂ ਵਿਚ ਫਿਰਦੀ ਹੋਈ ਕੜਛੀ ਖਾਲੀ ਰਹਿ ਜਾਂਦੀ ਹੈ, ਕੋਈ ਸੁਆਦ ਨਹੀਂ ਦਸਦੀ।

**ਕੜਛੀਆਂ ਫਿਰੰਨ੍ਹਿ ਸੁਆਉ ਨ, ਜਾਣਨਿ ਸੁਞੀਆਂ।**
**ਸੇਈ ਮੁਖ ਦਿਸੰਨਿ ਨਾਨਕ ਰਤੇ ਪ੍ਰੇਮ ਰਸਿ।**

**(ਗ.ਵਾ. ਮ:੫, ਅੰਗ ੫੨੧)**

ਇਹ ਬਚਨ ਸੁਣਨ ਤੋਂ ਬਾਅਦ ਮਹਾਤਮਾ ਤਾਂ ਨਮਸਕਾਰ ਕਰਨ ਲੱਗ ਪਏ, ਪਰ ਇੱਕ ਉਨ੍ਹਾਂ ਦਾ ਚੇਲਾ ਜੋ ਬੜਾ ਵਿਦਵਾਨ ਸੀ, ਉਸ ਨੇ ਪ੍ਰਸ਼ਨ ਕੀਤਾ, "ਸੰਤ ਜੀ ਮਹਾਰਾਜ, ਫਿਰ ਵਿਦਵਾਨ ਲੋਕ ਕੀ ਹੋਏ ?" ਬਾਬਾ ਜੀ ਨੇ ਇਕ ਹੋਰ ਸਲੋਕ ਪੜ੍ਹਿਆ।

**ਭਾਰ ਵਾਰੀ ਗਰਦਭ।**
**ਭਾਰ ਚੁਕਣ ਵਾਲਾ ਇਕ ਗਧਾ ਹੈ।**
**ਅਨੇਕ ਸ਼ਾਕਤਰੰ ਬਹੁ ਵੇਦਿਤਵਯ ਕਾਲੋ**

**ਯਹ ਸਾਰਭੂਤੰ ਤਦਉਪਾਸਿਤਵਯ ਹੰਸੋਯ ਯਾ ਖੀਰ**

**ਮਿਵਾਂਬੁ ਮਧਯਾਤ॥**

ਅਰਥ-ਸ਼ਾਸਤ੍ਰ ਵੀ ਬਹੁਤ ਹਨ। ਜਿਸ ਬ੍ਰਹਮ ਨੂੰ ਪ੍ਰਾਪਤ ਕਰਨਾ ਹੈ ਉਸਦਾ ਵੀ ਕੋਈ ਅੰਤ ਨਹੀਂ। ਹੋਰ ਸਮਾਂ ਬਹੁਤ ਥੋੜਾ ਹੈ ਪਤਾ ਨਹੀਂ ਮੌਤ ਕਦੋਂ ਆ ਜਾਵੇ। ਬਿਘਨ ਬਹੁਤ ਪੈਂਦੇ ਹਨ। ਗਰੰਥਾਂ ਵਿਚ ਜੋ ਸਾਰ ਵਸਤੂ ਹੈ ਉਸ ਕੋ ਪ੍ਰਾਪਤ ਕਰੋ। ਜਿਵੇਂ ਹੰਸ ਪਾਣੀ ਵਿਚੋਂ ਦੁੱਧ ਨੂੰ ਵੱਖ ਕਰ ਲੈਂਦਾ ਹੈ।

**ਪੜਿ ਪੜਿ ਗੱਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥**
**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥**
**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥**
**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥**
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**

**ਆਸਾ ਦੀ ਵਾਰ ਮ. ੧ (੪੬੭)**

ਇਹ ਬਚਨ ਸੁਣ ਕੇ ਉਨ੍ਹਾਂ ਦੇ ਮਨ ਵਿੱਚ ਵਿਚਾਰ ਆਇਆ ਅਤੇ ਸਭ ਮਹਾਤਮਾ ਬੈਠ ਗਏ। ਹੋਰ ਬਚਨ ਬਿਲਾਸ ਹੁੰਦੇ ਰਹੇ। ਬਾਅਦ ਵਿੱਚ ਬਾਬਾ ਜੀ ਨੂੰ ਜਲ ਪਾਣੀ ਪੁੱਛਿਆ। ਆਪ ਨੇ ਕਿਹਾ "ਜੋ ਕੁਝ ਤਿਆਰ ਹੈ ਲਿਆ ਦਿਓ, ਨਹੀਂ ਤਾਂ ਕੋਈ ਇੱਛਾ ਨਹੀਂ। ਜੋ ਕੁਝ ਇਸ ਵੇਲੇ ਤਿਆਰ ਸੀ ਲਿਆ ਦਿੱਤਾ ਤੇ ਆਪ ਨੇ ਛੱਕ ਲਿਆ। ਬਾਅਦ ਵਿੱਚ ਉਸ ਮਹਾਤਮਾ ਨੇ ਆਪਣੇ ਚੇਲਿਆਂ ਨੂੰ ਸੰਬੋਧਨ ਕਰਕੇ ਕਿਹਾ, "ਬੱਚਿਓ, ਇਹ ਬਹੁਤ ਹੀ ਮਹਾਨ ਯੋਗੀ ਰਾਜ ਮਹਾਤਮਾ ਹਨ। ਇਨ੍ਹਾਂ ਨੂੰ ਐਵੇਂ ਨਾ ਸਮਝ ਲਿਓ। ਤੁਸੀਂ ਵਿਦਵਾਨ ਜ਼ਰੂਰ ਹੋ ਪਰ ਪਰਮ ਤੱਤ ਦੀ ਪ੍ਰਾਪਤੀ ਤੁਹਾਨੂੰ ਅਜੇ ਨਹੀਂ ਹੋਈ। ਜੋ ਭਗਵਾਨ ਕ੍ਰਿਸ਼ਨ ਨੇ ਗੀਤਾ ਵਿੱਚ ਪੂਰਨ ਪੁਰਖਾਂ ਦੇ ਲੱਛਣ ਦੱਸੇ ਹਨ, ਉਹ ਤੁਸੀਂ ਪੜੇ ਤਾਂ ਹਨ। ਅੱਜ ਤੁਸੀਂ ਪ੍ਰਤੱਖ ਰੂਪ ਵਿੱਚ ਸਾਹਮਣੇ ਬੈਠੇ ਦੇਖ ਲਓ।"

ਫਿਰ ਮਹਾਤਮਾ ਨੇ ਗੀਤਾ ਦਾ ਇਕ ਸਲੋਕ ਪੜ੍ਹ ਕੇ ਸੁਣਾਇਆ :-

**ਸ਼ਮਃ ਸ਼ਤ੍ਰਊ 'ਚ ਮਿਤਰੈ 'ਚ ਤਥਾ ਮਾਨ ਅਪਮਾਨਯੋ।**
**ਸ਼ੀਤ ਉਸ਼ਨ ਸੁਖ ਦੁਖੇਸ਼ੂ ਸਮਃ ਸੰਗ ਵਿਦਰਜਿਤਹ॥**
**ਤੁਲ ਨਿੰਦਾ ਉਸਤੁਤੀ ਰੀਮੌਨੀ ਸੰਤੁਸ਼ੋਟ ਯੇਨ ਕੇਨ ਜਿਤ॥**
**ਅਨਿਕਤਃ ਇਸ ਥਿਰ ਮਤਿਃ ਭਗਤੀ ਮਾਨ ਮੇ ਪ੍ਰਊ ਨਰਃ**

**ਭਗਵਤ ਗੀਤਾ ਅਃ ੧੨ ਸਲੋਕ ੧੮-੧੯**

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥**

**ਸ.ਮ. (ਅੰਗ ੧੪੨੭)**

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥**
**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥**

**ਸ.ਮ. (ਅੰਗ ੧੪੨੭)**

ਇਸ ਤੋਂ ਉਪਰੰਤ ਮਹਾਤਮਾ ਹੋਰ ਬਚਨ ਬਿਲਾਸ ਕਰਕੇ ਆਗਿਆ ਲੈ ਕੇ ਅੱਗੇ ਨੂੰ ਚਲੇ ਗਏ।

# ਇੱਕ ਦੁਖੀਏ ਦਾ ਦੁੱਖ ਦੂਰ ਕਰਨਾ

ਮਹਾਤਮਾ ਦੇ ਚਲੇ ਜਾਣ ਤੋਂ ਬਾਅਦ ਆਪ ਵੀ ਇਥੋਂ ਅੱਗੇ ਚਲੇ ਗਏ। ਇਕ ਨਗਰ ਦੇ ਬਾਹਰ ਇੱਕ ਟਿੱਬਾ ਸੀ। ਉਸ ਟਿੱਬੇ ਤੇ ਇੱਕ ਕਰੀਰ ਦੀ ਛਾਂ ਹੇਠ ਬੈਠ ਗਏ। ਨੇੜੇ ਹੀ ਇਕ ਜ਼ਿਮੀਂਦਾਰ ਦਾ ਹੱਲ ਜੋਤਿਆ ਹੋਇਆ ਸੀ। ਜ਼ਿਮੀਂਦਾਰ ਹੱਲ ਵਾਹ ਰਿਹਾ ਕਲੀਆਂ ਗਾ ਰਿਹਾ ਸੀ। ਬਾਬਾ ਜੀ ਨੂੰ ਦੇਖ ਕੇ ਚੁੱਪ ਕਰ ਗਿਆ। ਉਸ ਨੂੰ ਚੁੱਪ ਦੇਖਕੇ ਆਪ ਕਹਿਣ ਲਗੇ "ਇੱਕ ਵਾਰੀ ਫਿਰ ਸੁਣਾ, ਉਹ ਹੀਰ ਵਾਲੀ ਕਲੀ।" ਤਾਂ ਉਸ ਨੇ ਫਿਰ ਉਹ ਸੁਣਾਈ। ਆਪ ਸੁਣ ਕੇ ਬਹੁਤ ਖੁਸ਼ ਹੋ ਕੇ ਕਹਿਣ ਲੱਗੇ "ਫਿਰ ਸੁਣਾ।" ਇਉਂ ਲਗਾਤਾਰ ਤਿੰਨ ਚਾਰ ਵਾਰੀ ਸੁਣੀ। ਜਦੋਂ ਸੁਣ ਹਟੇ ਤਾਂ ਕੋਲ ਆ ਕੇ ਕਹਿਣ ਲੱਗਾ "ਸੰਤ ਜੀ, ਤੁਹਾਨੂੰ ਹੀਰ ਦੀ ਕਲੀ ਬੜੀ ਚੰਗੀ ਲੱਗੀ।"

ਆਪ ਕਹਿਣ ਲੱਗੇ, "ਹਾਂ ਉਹ ਵੀ ਆਸ਼ਿਕ ਹੈ। ਹੀਰ ਤੇ ਰਾਂਝਾ ਦੋਵੇਂ ਆਸ਼ਿਕ ਹੋਏ ਸਨ।"

ਉਸ ਨੇ ਸੁਤੇ ਸਿਧ ਹੀ ਪੁਛਿਆ "ਜੀ, ਤੁਸੀਂ ਵੀ ਕਿਸੇ ਦੇ ਆਸ਼ਿਕ ਹੋ ?"

ਕਹਿਣ ਲੱਗੇ "ਹਾਂ, ਅਸੀਂ ਰੱਬ ਦੇ ਆਸ਼ਿਕ ਹਾਂ।" ਇਸ ਤਰ੍ਹਾਂ ਬਚਨ ਕਰਨ ਤੋਂ ਬਾਅਦ ਉਹ ਜ਼ਿਮੀਂਦਾਰ ਹੱਲ ਛੱਡ ਕੇ ਕੋਲ ਆ ਗਿਆ। ਜਦੋਂ ਕੋਲ ਆਇਆ ਤਾਂ ਬਾਬਾ ਜੀ ਕਹਿਣ ਲੱਗੇ "ਤੂੰ ਘਰ ਪਹੁੰਚ।" ਉਸਨੇ ਕਿਹਾ "ਜੀ ਮੈਂ ਘਰੋਂ ਸਵੇਰੇ ਹੀ ਆਇਆ ਹਾਂ।"

ਆਪ ਕਹਿਣ ਲੱਗੇ "ਤੇਰੇ ਘਰ ਬੱਚਾ ਬੱਚੀ ਹੋਣ ਵਾਲਾ ਹੈ ਨਾ, ਘਰੇ

ਤੇਰੀ ਹੀ ਲੋੜ ਹੈ।" ਉਹ ਹੈਰਾਨ ਹੋ ਕੇ ਕਹਿਣ ਲੱਗਾ "ਤੁਹਾਨੂੰ ਕਿਵੇਂ ਪਤਾ ਹੈ ?" ਬਾਬਾ ਜੀ ਚੁਪ ਹੀ ਰਹੇ। ਤਾਂ ਜ਼ਿਮੀਂਦਾਰ ਛੇਤੀ ਦਿਨੇ ਹਲ ਲੈ ਕੇ ਘਰ ਪਹੁੰਚ ਗਿਆ। ਉਸ ਦੀ ਘਰ ਵਾਲੀ ਨੂੰ ਕਾਫੀ ਤਕਲੀਫ ਸੀ। ਉਸ ਵੇਲੇ ਉਸ ਨੇ ਦਾਈ ਨੂੰ ਬੁਲਾ ਕੇ ਜੋ ਇਲਾਜ ਹੋ ਸਕਦਾ ਸੀ ਕੀਤਾ। ਪਰ ਜਦੋਂ ਕੁਝ ਅਰਾਮ ਨਾ ਆਇਆ ਤੇ ਤਕਲੀਫ ਵੱਧ ਗਈ, ਮਨ ਵਿੱਚ ਵਿਚਾਰ ਕੀਤੀ ਉਨ੍ਹਾਂ ਸੰਤਾਂ ਕੋਲ ਚਲੀਏ ਤਾਂ ਉਸੇ ਵੇਲੇ ਬਾਬਾ ਜੀ ਪਾਸ ਪਹੁੰਚਿਆ। ਸਾਰੀ ਤਕਲੀਫ ਦੱਸੀ। ਆਪ ਕਹਿਣ ਲੱਗੇ "ਅੱਛਾ, ਜਾਹ ਗੁਰੂ ਭਲੀ ਕਰੇਗਾ।" ਉਸਨੂੰ ਧੀਰਜ ਨਾ ਆਵੇ। ਬਾਬਾ ਜੀ ਨੇ ਬਹੁਤ ਪਿਆਰ ਨਾਲ ਕਿਹਾ "ਹੁਣ ਤੂੰ ਘਰ ਜਾ, ਤੇਰਾ ਕੰਮ ਸ਼ੁਧ ਹੈ।" ਸੋ ਉਹ ਤੁਰ ਤਾਂ ਪਿਆ। ਜਿਸ ਵੇਲੇ ਘਰ ਪਹੁੰਚਿਆ ਤਾਂ ਆਉਂਦੇ ਨੂੰ ਦਾਈ ਨੇ ਵਧਾਈ ਦਿੱਤੀ ਤੇ ਕਿਹਾ "ਲੜਕਾ ਹੋਇਆ ਹੈ।" ਉਸ ਤੋਂ ਬਾਅਦ ਜ਼ਿਮੀਂਦਾਰ ਫਿਰ ਬਾਬਾ ਜੀ ਪਾਸ ਪਹੁੰਚਿਆ ਤੇ ਸਾਰੀ ਵਿਥਿਆ ਦੱਸੀ। ਬਾਬਾ ਜੀ ਕਹਿਣ ਲਗੇ "ਤੇਰਾ ਕੰਮ ਹੋ ਗਿਆ ਹੈ ਜਾ ਮੌਜ ਕਰ।" "ਜੀ ਮੇਰੇ ਲਾਇਕ ਕੋਈ ਜਲ ਪਾਣੀ ਦੀ ਸੇਵਾ ਬਖਸ਼ੋ।" ਬਾਬਾ ਜੀ ਕਹਿਣ ਲੱਗੇ "ਦੁੱਧ ਛੱਕਦੇ ਹੁੰਦੇ ਹਾਂ ਜੇ ਤੇਰੇ ਘਰ ਹੈ ਤਾਂ ਲਿਆ।" ਉਹ ਸੁਣ ਕੇ ਘਰ ਆਇਆ ਅਤੇ ਜਿਤਨਾ ਕੁ ਦੁੱਧ ਸੀ ਲੈ ਕੇ ਬਾਬਾ ਜੀ ਪਾਸ ਪਹੁੰਚ ਗਿਆ। ਦੁੱਧ ਆਪ ਨੇ ਛੱਕ ਲਿਆ। ਛੱਕਣ ਤੋਂ ਬਾਅਦ ਪੁਛਣ ਲੱਗੇ "ਤਾਂ ਤੇਰਾ ਕਾਰੋਬਾਰ ਕਿਹੋ ਜਿਹਾ ਚਲਦਾ ਹੈ ?" ਉਸ ਨੇ ਕਿਹਾ "ਮਾੜਾ ਮੋਟਾ ਹੀ ਹੈ, ਗੁਜਾਰਾ ਹੀ ਚਲਦਾ ਹੈ। ਆਪ ਕਹਿਣ ਲੱਗੇ "ਤਕੜਾ ਹੋ, ਹੌਂਸਲਾ ਕਰ। ਜਿਸ ਨੇ ਪੈਦਾ ਕੀਤਾ ਹੈ, ਉਹ ਰੋਜ਼ੀ ਵੀ ਦਿੰਦਾ ਹੈ।" ਉਸ ਨੇ ਬੇਨਤੀ ਕੀਤੀ "ਜੀ ਮੇਰੇ ਲਈ ਕੋਈ ਹੋਰ ਸੇਵਾ।" ਆਪ ਕਹਿਣ ਲਗੇ "ਅਸੀਂ ਕੁਝ ਦਿਨ ਇਥੇ ਟਿਕਣਾ ਹੈ। ਇਸ ਕਰੀਰ ਦੇ ਆਲੇ ਦੁਆਲੇ ਸਾਨੂੰ ਇੱਕ ਛੱਪਰੀ ਬੰਨ ਦੇ।" ਉਸਨੇ ਕੁਝ ਦਿਨਾਂ ਵਿੱਚ ਸਰ ਤੇ ਕਾਨਾ ਬਗੈਰ ਲਿਆ ਕੇ ਛੱਪਰੀ ਬੰਨ ਦਿੱਤੀ।

ਫਿਰ ਉਸ ਨੂੰ ਕਹਿਣ ਲੱਗੇ "ਹੁਣ ਅਸੀਂ ਕੁਝ ਦਿਨ ਇਸ ਵਿਚ ਠਹਿਰਾਂਗੇ। ਇਕ ਘੜਾ ਪਾਣੀ ਦਾ ਭਰ ਕੇ ਲਿਆ ਦੇ ਅਤੇ ਇਕ ਰੋਟੀ ਸਵੇਰੇ ਦੁੱਧ ਦੇ ਨਾਲ ਲਿਆ ਦਿਆ ਕਰ। ਹੋਰ ਅੱਗੇ ਪਿਛੇ ਤੂੰ ਸਾਡੇ ਕੋਲ ਨਹੀਂ ਆਉਣਾ। ਤੂੰ ਪਿੰਡ ਵਿਚ ਸਾਡੇ ਬਾਰੇ ਕੋਈ ਗੱਲ ਨਹੀਂ ਕਰਨੀ ਹੈ।" ਇਸ

ਤਰ੍ਹਾਂ ਕੁਝ ਸਮਾਂ ਉਸ ਦੇ ਖੇਤ ਵਿੱਚ ਗੁਜਾਰਿਆ। ਇਕ ਦਿਨ ਉਹ ਜਿਮੀਂਦਾਰ ਆਪਣੇ ਘਰ ਵਿੱਚ ਪਸ਼ੂ ਬੰਨਣ ਲਈ ਕਿੱਲੇ ਵਾਸਤੇ ਥਾਂ ਪੁੱਟ ਰਿਹਾ ਸੀ। ਅਚਾਨਕ ਹੀ ਗੰਧਾਲਾ ਜ਼ਮੀਨ ਵਿਚ ਕਿਸੇ ਚੀਜ਼ ਨਾਲ ਟਕਰਾਇਆ। ਜਦੋਂ ਉਸ ਨੇ ਹੱਥ ਪਾ ਕੇ ਦੇਖਿਆ ਤਾਂ ਢੱਕਣ ਵਰਗੀ ਕੋਈ ਚੀਜ਼ ਜਾਪੀ। ਉਸ ਨੇ ਕਹੀ ਲੈ ਕੇ ਟੋਇਆ ਪੁੱਟਿਆ ਤਾਂ ਉਸ ਵਿੱਚ ਇਕ ਬਰਤਨ ਮਿਲਿਆ ਜਿਸ ਵਿਚ ਰੁਪਏ ਸਨ। ਘਰ ਵਿੱਚ ਬੜੀ ਖੁਸ਼ੀ ਹੋਈ। ਜਦੋਂ ਅਗਲੇ ਦਿਨ ਸਵੇਰੇ ਬਾਬਾ ਜੀ ਪਾਸ ਰੋਟੀ ਤੇ ਦੁੱਧ ਲੈ ਕੇ ਗਿਆ ਤਾਂ ਬਾਬਾ ਜੀ ਨੇ ਪੁਛਿਆ "ਬਈ ਮੁੰਡੇ ਦਾ ਨਾਮ ਕੀ ਰੱਖਿਆ ਹੈ ?" ਉਸ ਨੇ ਕਿਹਾ "ਤੁਸੀਂ ਹੀ ਰੱਖ ਦਿਓ।" ਆਪ ਕਹਿਣ ਲੱਗੇ "ਮੁੰਡੇ ਦਾ ਨਾਮ ਤਾਂ ਅਸੀਂ ਕਲ੍ਹ ਹੀ ਰੱਖ ਦਿੱਤਾ ਸੀ। ਜਦੋਂ ਤੈਨੂੰ ਰੁਪਈਏ ਲੱਭੇ ਸਨ ਉਦੋਂ ਰੱਖਿਆ ਹੈ।" ਉਸ ਨੇ ਹੈਰਾਨ ਹੋ ਕੇ ਪੁਛਿਆ "ਜੀ ਉਦੋਂ ਕਿਹੜਾ ਨਾਮ ਰੱਖਿਆ ਹੈ ?" ਆਪ ਕਹਿਣ ਲੱਗੇ "ਜਿਸ ਦੇ ਆਏ ਤੋਂ ਧਨ ਆ ਗਿਆ ਹੈ।" ਇਹ ਗੱਲ ਸੁਣ ਕੇ ਉਸ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਤਾਂ ਆਪ ਬੋਲੇ ਅੱਛਾ ਹੁਣ ਸਾਡੀ ਤਿਆਰੀ ਹੈ।" ਉਸ ਨੇ ਕਿਹਾ "ਕੁਝ ਦਿਨ ਤਾਂ ਹੋਰ ਠਹਿਰੋ।" ਪਰ ਆਪ ਬੋਲੇ "ਹੁਣ ਨਹੀਂ ਰਹਿਣਾ। ਤੂੰ ਲੋਕਾਂ ਕੋਲ ਗੱਲ ਕਰੇਗਾ, ਲੋਕ ਸਾਨੂੰ ਆ ਕੇ ਔਖੇ ਕਰਨਗੇ। ਤੇਰਾ ਕੰਮ ਹੋ ਗਿਆ ਹੈ ਹੁਣ ਸਭ ਠੀਕ ਹੈ।" ਇਸ ਦਾ ਅਗਲਾ ਪ੍ਰਸੰਗ ਕਿਸੇ ਹੋਰ ਥਾਂ ਆਵੇਗਾ।

## ਨਾਮ ਮਹਾਤਮਾ ਅਤੇ ਰਿਧ ਸਿਧ

ਇਨ੍ਹਾਂ ਦਿਨਾਂ ਵਿੱਚ ਜਦੋਂ ਆਪ ਬਾਹਰ ਹੀ ਤੁਰਦੇ ਫਿਰਦੇ ਸਨ ਕਈ ਪ੍ਰਕਾਰ ਦੇ ਮਤ ਮਤਾਂਦਰਾਂ ਦੇ ਸੰਤ ਮਹਾਤਮਾਂ ਨਾਲ ਮਿਲਾਪ ਹੁੰਦਾ ਰਿਹਾ। ਕਿਸੇ ਸਮੇਂ ਭਾਈਆਂ ਨਾਲ ਵਿਚਾਰਾਂ ਵੀ ਹੋਈਆਂ। ਉਨ੍ਹਾਂ ਵਿੱਚੋਂ ਕੁਝ ਇਉਂ ਹਨ। ਇਕ ਵਾਰ ਦੋ ਸਾਧੂ ਚੰਗੇ ਵਿਦਵਾਨ ਅਤੇ ਸਾਧਨਾਂ ਕਰਨ ਵਾਲੇ ਆਪ ਨੂੰ ਮਿਲੇ। ਉਨ੍ਹਾਂ ਨੇ ਬਾਬਾ ਜੀ ਦਾ ਸਰੀਰਕ ਪਹਿਰਾਵਾ ਦੇਖਿਆ ਪਰ ਕੋਈ ਨਿਸਚਾ ਨਾ ਕਰ ਸਕੇ ਕਿ ਇਹ ਕਿਸ ਭੇਖ ਵਿਚੋਂ ਹਨ। ਜਦੋਂ ਬੈਠਣ ਦਾ ਤਰੀਕਾ ਵੇਖਿਆ, ਕੋਈ ਚੌਕੜਾ ਨਹੀਂ ਮਾਰਨਾ, ਜਿਵੇਂ ਬੈਠੇ ਹਨ ਉਸੇ ਤਰ੍ਹਾਂ ਹੀ ਬੈਠੇ ਰਹਿਣਾ। ਅਖੀਰ ਬਹੁਤ ਸੋਚਣ ਵਿਚਾਰਨ ਤੋਂ ਬਾਅਦ ਉਨ੍ਹਾਂ ਨੇ

ਆਪ ਹੀ ਪੁਛ ਲਿਆ। ਉਤਰ ਵਿਚ ਆਪ ਨੇ ਦੱਸਿਆ "ਅਸੀਂ ਨਾਨਕ ਪੰਥੀ ਹਾਂ। ਗੁਰੂ ਨਾਨਕ ਮੱਤ ਦੇ ਧਾਰਨੀ।" ਫਿਰ ਪ੍ਰਸ਼ਨ ਕੀਤਾ "ਕੀ ਕੋਈ ਸਾਧਨਾ ਵੀ ਕਰਦੇ ਹੋ ?" "ਨਾਮ ਜਪਦੇ ਹਾਂ ਇਹੋ ਸਾਧਨ ਹੈ।" ਫਿਰ ਉਨ੍ਹਾਂ ਨੇ ਪ੍ਰਸ਼ਨ ਕੀਤਾ "ਕੋਈ ਯੋਗ ਸਾਧਨ, ਕਰਮ ਕਾਂਡ ਕੋਈ ਵਿਚਾਰ ਕਿਸੇ ਪਾਸੇ ਪ੍ਰਵਿਰਤੀ ਹੈ।" ਯੋਗ ਆਦਿਕ ਸਾਧਨਾ ਬਿਨਾਂ ਸਰੀਰਕ ਸ਼ੁੱਧੀ ਨਹੀਂ ਹੁੰਦੀ ਅਤੇ ਸਰੀਰ ਦੀ ਸ਼ੁਧਤਾ ਬਗੈਰ ਧਿਆਨ ਨਹੀਂ ਟਿਕਦਾ, ਧਿਆਨ ਬਿਨਾਂ ਕੁਝ ਜਾਣਿਆਂ ਨਹੀਂ ਜਾਂਦਾ। ਆਪ ਬੋਲੇ "ਸਭ ਸਾਧਨਾ ਤੋਂ ਸ਼੍ਰੋਮਣੀ ਸਾਧਨ ਨਾਮ ਹੈ, ਵੇਦ ਸ਼ਾਸ਼ਤਰ ਪੁਰਾਣ, ਜਪਤੁ ਸਭ ਆਪਣੇ-ਆਪਣੇ ਥਾਂ ਤੇ ਹਨ। ਸਰਬ ਸ਼੍ਰੋਮਣੀ ਸ਼੍ਰੀ ਪ੍ਰਭ ਨਾਮ ਹੈ।

**ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥**

**ਗਉੜੀ ਮ: ਮ: ੫ (੨੬੫)**

**ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥**
**ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉਂ ਸੰਨੀ ਉਪਰਿ ਚੋਰ।**

**ਸਾਰੰਗ ਵਾ: ਮ ੩ ੧੨੪੭**

ਮਹਾਤਮਾ ਨੇ ਕਿਹਾ "ਕਰਮ ਤਾਂ ਕਰਨਾ ਹੀ ਪੈਂਦਾ ਹੈ ਚਾਹੇ ਕਿਸੇ ਵੀ ਪ੍ਰਕਾਰ ਦਾ ਹੋਵੇ।" ਆਪ ਜੀ ਬੋਲੇ "ਕੇਵਲ ਨਿਸ਼ਕਾਮ ਕਰਨਾ ਹੈ। ਸਭ ਕੁਝ ਪ੍ਰਮੇਸ਼ਵਰ ਨਮਿਤ ਕਰਨਾ ਹੈ।"

**ਕਰਮ ਕਰਤ ਹੋਵੈ ਨਿਹ ਕਰਮ ॥**
**ਤਿਸੁ ਬੈਸਨੋ ਕਾ ਨਿਰਮਲ ਧਰਮ ॥**
**ਕਾਹੂ ਫਲ ਕੀ ਇਛਾ ਨਹੀ ਬਾਛੈ ॥**
**ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥**

**ਗਉੜੀ ਸੁ: ਮ: ੫**

ਬਾਬਾ ਜੀ ਨੇ ਬਚਨ ਕੀਤਾ "ਦੋ ਪ੍ਰਕਾਰ ਦੇ ਕਰਮ ਹਨ, ਇਕ ਨਖਿਧ ਕਰਮ, ਦੂਜਾ ਕਰਨ ਵਾਲਾ ਕਰਮ। ਕਰਨ ਵਾਲੇ ਕਰਮ ਵੀ ਚਾਰ ਕਿਸਮ ਦੇ ਹਨ। ੧. ਨਿਤ ਕਰਮ। ੨. ਨੇਮਤਿਕ ਕਰਮ ੩. ਕਾਮਯ ਕਰਮ ੪. ਪ੍ਰਸ਼ਚਤ ਕਰਮ ॥ ਸਭ ਕਰਮ ਮਿਲਾ ਕੇ ਪੰਜ ਬਣਦੇ ਹਨ।" ਇਸ ਨੂੰ ਵਿਚਾਰ ਕੇ ਦੇਖੋ ਇਹ ਸਭ ਜਨਮ ਦੇਣ ਵਾਲੇ ਹਨ, ਪਰ ਚਿਤ ਦੀ ਸ਼ੁਧੀ ਵਾਸਤੇ ਨਿਸ਼ਕਾਮ

ਕਰਮ ਕਰੇ ਫਿਰ ਤਾਂ ਠੀਕ ਹੈ ਜੇ ਇਨਾਂ ਕਰਮਾ ਨੂੰ ਹੀ ਸਭ ਸਮਝਕੇ ਇਨ੍ਹਾਂ ਵਿੱਚ ਹੀ ਦਿਨ ਰਾਤ ਲਗਾ ਰਹੇ ਤਾਂ

**ਕੋਟਿ ਕਰਮ ਬੰਧਨ ਕਾ ਮੂਲੁ ॥**

**ਭੈਰਉ ਮ. ੫, ੧੨੪੯**

**ਕੋਟਿ ਕਰਮ ਕਰੈ ਹਉ ਧਾਰੇ। ਸ੍ਰਮੁ ਪਾਵੈ ਸਗਲੇ ਬਿਰਥਾਰੇ ॥**

**ਗਉੜੀ ਸ. ਮ. ੫ (੨੭੮)**

**ਜੀਵ ਕਰਮ ਕਰਕੇ ਜਨਮ ਮਰਨ ਦੁਖ ਸੁਖ ਨੂੰ ਭੋਗਦਾ ਹੈ।**

ਬੰਧਨਾਂ ਵਿਚ ਫੱਸਿਆ ਰਹਿੰਦਾ ਹੈ ਵਿਦਿਆ ਤੋਂ ਭਾਵ ਹੈ ਬ੍ਰਹਮ ਗਿਆਨੀ ਬ੍ਰਹਮ ਦਾ ਬੇਤਾ ਹੋ ਜਾਣ ਕਰਕੇ ਕਰਮਾਂ ਦਾ ਤਿਆਗ ਕਰਕੇ, ਇਹ ਅਵਸਥਾ ਪਾ ਲੈਂਦਾ ਹੈ।

**ਜਿਉ ਜਲ ਮਹਿ ਜਲੁ ਆਇ ਖਟਾਨਾ ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ ॥**
**ਮਿਟਿ ਗਏ ਗਵਨ ਪਾਏ ਬਿਸ੍ਰਾਮ ॥**
**ਨਾਨਕ ਪ੍ਰਭ ਕੈ ਸਦ ਕੁਰਬਾਨ ॥**

**ਗਉੜੀ ਸ.ਮ.੫**

ਫਿਰ ਦੂਸਰਾ ਸਾਧੂ ਬੋਲਿਆ "ਜੀ ਵਿਚਾਰ ਤਾਂ ਆਪ ਜੀ ਦੀ ਠੀਕ ਹੈ, ਮੇਰੇ ਵਿਚਾਰ ਵਿਚ ਤਾਂ ਇਉਂ ਹੈ, ਸਾਧੂ ਕੋਲ ਕੋਈ ਸ਼ਕਤੀ ਸਿੱਧੀ ਹੋਵੇ ਤਾਂ ਦੁਨੀਆਂ ਵੀ ਸਤਕਾਰ ਕਰਦੀ ਹੈ ਚੰਗਾ ਸਮਝਦੀ ਹੈ, ਨਹੀਂ ਤਾਂ ਕੋਈ ਪਰਵਾਹ ਨਹੀਂ ਕਰਦਾ, ਯੋਗ ਸਾਧਨਾ ਆਦਿਕ ਬਿਨਾਂ ਰਿੱਧ ਸਿੱਧੀ ਦੀ ਪ੍ਰਾਪਤੀ ਨਹੀਂ ਹੁੰਦੀ।" ਆਪ ਜੀ ਨੇ ਉੱਤਰ ਵਿੱਚ ਕਿਹਾ "ਜੇ ਪ੍ਰਮੇਸ਼ਵਰ ਤੇ ਭਰੋਸਾ ਕਰਕੇ ਉਸ ਦੇ ਨਾਮ ਵਿੱਚ ਲੱਗ ਜਾਏ, ਆਪਣੀ ਸਭ ਜਿੰਮੇਵਾਰੀ ਉਸ ਉਤੇ ਸੁੱਟ ਛੱਡੇ ਅਤੇ ਆਪਣਾ ਆਪ ਉਸਨੂੰ ਅਰਪਣ ਕਰ ਦੇਵੇ, ਤਾਂ ਸਮਰਥ ਵਾਹਿਗੁਰੂ ਆਪਣੇ ਸੇਵਕ ਦੀ ਲਾਜ ਪਤ ਸਭ ਥਾਂ ਤੇ, ਆਪ ਹੀ ਰੱਖਦਾ ਹੈ। ਜੋ ਰਿਧੀਆਂ-ਸਿੱਧੀਆਂ ਤੇ ਸ਼ਕਤੀਆਂ ਨੂੰ ਪ੍ਰਾਪਤ ਕਰਨ ਵਿਚ ਲੱਗਾ ਰਹਿੰਦਾ ਹੈ ਉਹ ਉਸ ਵੱਲੋਂ ਤਾਂ ਦੂਰ ਹੀ ਦੂਰ ਚਲਾ ਜਾਂਦਾ ਹੈ। ਇਨ੍ਹਾਂ ਸ਼ਕਤੀਆਂ ਵਿੱਚ ਹੀ ਫਸ ਜਾਂਦਾ ਹੈ। ਵੱਡੀ ਤੋਂ ਵੱਡੀ ਤਾਕਤ ਹਾਸਲ ਕਰਕੇ ਵੀ ਮਨ ਵਿੱਚ ਸੁਖ ਸ਼ਾਂਤੀ ਨਹੀਂ ਆਉਂਦੀ।"

ਜੇ ਕੋਈ ਬੰਦਾ ਚਮੜੇ ਵਾਂਗ ਅਕਾਸ਼ ਵਿੱਚ ਲਪੇਟ ਲਵੇ, ਹੋਰ ਬੜੀਆਂ ਤਾਕਤਾਂ ਪ੍ਰਾਪਤ ਕਰ ਲਵੇ, ਉਹ ਮੁਕਤ ਨਹੀਂ ਹੁੰਦਾ। ਮੁਕਤੀ ਕੇਵਲ ਨਾਮ ਵਿਚ ਹੈ।

**ਹੁਣ ਸਮਾਂ ਹੈ ਕਲਯੁਗ ਦਾ**
**ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਵੈ ॥**

ਬਿਲਾਵਲੁ ਮ.੯-੮੩੧

**ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥**
**ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥**
**ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥**
**ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥**
**ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥**
**ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥**
**ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥**

ਵਾਰ ਮਾ. ਮ: (੧੪੭)

"ਇਹ ਸਿਫਤਾਂ ਨਾਮ ਵਿੱਚ ਹੀ ਹਨ। ਨਾਮ ਵਿੱਚ ਲਿਵ ਜੋੜ ਕੇ ਸਦੀਵ ਕਾਲ ਮਨ ਨੂੰ ਅਨੰਦ ਹੀ ਅਨੰਦ ਹੈ। ਉੱਠਦਿਆਂ-ਬਹਿੰਦਿਆਂ ਨਾਮ ਜਪਣ ਵਿੱਚ ਲੀਨ ਰਹਿਣਾ ਇਹੀ ਧਿਆਨ ਹੈ, ਧਾਰਣਾ ਹੈ ਅਤੇ ਸਮਾਧੀ ਹੈ।" ਨਿਮਖ ਮਾਤ੍ਰ ਵੀ (ਉਨਾ ਸਮਾ ਜਿਤਨਾ ਇਕ ਵਾਰ ਅੱਖ ਖੋਲਣ ਨੂੰ ਲਗਦਾ ਹੈ ਉਸਨੂੰ ਨਿਮਖ ਕਿਹਾ ਹੈ) ਇਤਨਾ ਚਿਰ ਵੀ ਨਾਮ ਨੂੰ ਨਹੀਂ ਵਿਸਾਰਨਾ।"

**ਦਿਨ ਰਾਤੀ ਅਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥**

ਗੁ: ਮ: ੫-੪੯੮

ਸੋ ਬਾਬਾ ਜੀ ਨੇ ਇਸ ਤਰਾਂ ਨਾਮ ਦਾ ਮਹੱਤਵ ਦੱਸ ਕੇ, ਉਨ੍ਹਾਂ ਦੇ ਮਨ ਦੇ ਸੰਸੇ ਦੂਰ ਕੀਤੇ। ਉਹ ਬੜੇ ਪ੍ਰਸੰਨ ਹੋਏ ਅਤੇ ਬੋਲੇ "ਮਹਾਰਾਜ, ਆਪ ਦੇ ਬਚਨ ਯਥਾਰਥ ਹਨ। ਤੁਸੀਂ ਅਸਾਨੂੰ ਗੁਰੂ ਘਰ ਦਾ ਸਿਧਾਂਤ ਸਮਝਾਕੇ ਸਾਡੇ ਸੰਸੇ ਦੂਰ ਕਰ ਦਿੱਤੇ ਹਨ।"

# ਇਕ ਜਿਮੀਂਦਾਰ ਤੇ ਕਿਰਪਾ ਕਰਨੀ

ਇੱਕ ਦਿਨ ਆਪ ਕਿਤੇ ਜਾ ਰਹੇ ਸਨ। ਇਕ ਜਿਮੀਂਦਾਰ ਹੱਲ ਜੋੜ ਕੇ ਆਪਣੇ ਖੇਤ ਨੂੰ ਜਾ ਰਿਹਾ ਸੀ। ਰਸਤੇ ਵਿਚ ਬਾਬਾ ਜੀ ਨਾਲ ਮਿਲਾਪ ਹੋ ਗਿਆ। ਉਸ ਨੇ ਬਲਦ ਰੋਕ ਕੇ ਨਮਸਕਾਰ ਕੀਤੀ। ਆਪ ਜੀ ਨੇ ਪੁਛਿਆ "ਕਿਉਂ ਬਈ ਪ੍ਰੇਮੀਆਂ, ਤੂੰ ਬੜੀ ਦੇਰ ਨਾਲ ਘਰੋਂ ਆਇਆ ਹੈਂ। ਹੋਰ ਲੋਕ ਤਾਂ ਕਦੋਂ ਦੇ ਆਪਣੇ ਖੇਤ ਪਹੁੰਚ ਚੁੱਕੇ ਹਨ।" ਉਹ ਬੋਲਿਆ "ਜੀ ਘਰ ਵਿਚ ਕੁਝ ਤਕਲੀਫ ਹੈ। ਇਕੱਲਾ ਬੰਦਾ ਹਾਂ। ਕੰਮ ਸਾਰੇ ਮੈਨੂੰ ਹੀ ਕਰਨੇ ਪੈਂਦੇ ਹਨ। ਭਾਵੇਂ ਕਿਤਨੀ ਵੀ ਕਾਹਲੀ ਕਰ ਲਵਾਂ ਮੱਲੋ-ਮਲੀ ਕੁਵੇਲਾ ਹੋ ਜਾਂਦਾ ਹੈ।" ਉਸਦੇ ਇਹ ਗੱਲ ਕਰਦੇ ਬਾਬਾ ਜੀ ਤਾਂ ਇਕ ਬਿਛ੍ਹ ਦੀ ਛਾਂ ਹੇਠ ਜਾ ਬੈਠੇ। ਪਤਾ ਨਹੀਂ ਉਸ ਦੇ ਚਿਤ ਕੀ ਵਿਚਾਰ ਆਇਆ ਉਸ ਨੇ ਬਲਦਾਂ ਦੇ ਗਲੋਂ ਪੰਜਾਲੀ ਲਾਹ ਦਿੱਤੀ। ਉਨ੍ਹਾਂ ਨੂੰ ਛੱਡ ਕੇ ਬਾਬਾ ਜੀ ਕੋਲ ਆ ਕੇ ਬੈਠ ਗਿਆ। ਆਪ ਵੇਖ ਕੇ ਬੋਲੇ "ਤੂੰ ਬਈ ਜਾ ਕੇ ਆਪਨਾ ਕੰਮ ਕਰ। ਇਥੇ ਬੈਠ ਕੇ ਕੀ ਕਰੇਂਗਾ?" ਉਸ ਨੇ ਹੱਥ ਜੋੜੇ ਅਤੇ ਨਮਸਕਾਰ ਕਰਕੇ ਕਿਹਾ "ਮਹਾਰਾਜ ਜੀ, ਮੇਰਾ ਚਿਤ ਤੁਹਾਡੇ ਕੋਲ ਬੈਠ ਕੇ ਦਰਸ਼ਨ ਕਰਨ ਨੂੰ ਕਰਦਾ ਹੈ। ਕੰਮ ਤਾਂ ਫੇਰ ਵੀ ਹੁੰਦੇ ਰਹਿਣਗੇ।" ਇਸ ਤਰਾਂ ਬੇਨਤੀ ਕਰਕੇ ਬੈਠਾ ਰਿਹਾ। ਬਾਬਾ ਜੀ ਅਡੋਲ ਆਪਣੇ ਆਸਣ ਉਤੇ ਬਿਰਾਜੇ ਰਹੇ ਮਹਾਂਪੁਰਖ ਦੇ ਦਰਸ਼ਨ ਦਾ ਪ੍ਰਭਾਵ ਜੀਵ ਦੇ ਮਨ ਉਤੇ ਉਦੋਂ ਪੈਂਦਾ ਹੈ ਜਦੋਂ ਕੋਈ ਪੁਰਬਲਾ ਪੁੰਨ ਜਾਗਦਾ ਹੈ। ਨਹੀਂ ਤਾਂ ਕਈ ਵਾਰ ਕਈਆਂ ਦੇ ਮਹਾਂਪੁਰਖਾਂ ਕੋਲ ਰਹਿੰਦਿਆ ਤੋਂ ਵੀ ਮੰਨ ਉਤੇ ਪ੍ਰਭਾਵ ਨਹੀਂ ਪੈਂਦਾ। ਜੇ ਅਸਰ ਪੈਂਦਾ ਵੀ ਹੈ ਤਾਂ ਬਹੁਤ ਥੋੜ੍ਹਾ। ਗੁਰੂ ਕੇ ਇਤਿਹਾਸ ਵਿਚੋਂ ਕਈ ਪ੍ਰਸੰਗ ਪੜ੍ਹਕੇ ਦੇਖੋ ਤਾਂ ਪਤਾ ਲਗਦਾ ਹੈ। ਬੇਸ਼ੱਕ ਸੰਗਤ ਕੀਤੀ ਬੇ-ਅਰਥ ਨਹੀਂ ਜਾਂਦੀ। ਮਿਸਾਲ ਦੇ ਤੌਰ ਤੇ ਭਾਈ ਸੋਭਾ ਰਾਮ ਨੌਵੇਂ ਪਾਤਸ਼ਾਹ ਦਾ ਹਜੂਰੀ ਸਿੱਖ ਦੇਗ ਵਰਤਾ ਰਿਹਾ ਹੈ। ਇਕ ਸਿੱਖ ਨੇ ਪ੍ਰਸ਼ਾਦ ਮੰਗਿਆ ਸੋਭਾ ਰਾਮ ਨੇ ਕਿਹਾ ਕਿ "ਠਹਿਰ ਜਾ ਕਾਹਲੀ ਨਾ ਕਰ।" ਸਿੱਖ ਨੇ ਬੇਨਤੀ ਕੀਤੀ ਕਿ "ਮੇਰਾ ਗੱਡਾ ਲੱਦਿਆ

ਜਾ ਰਿਹਾ ਹੈ। ਨਾਲ ਕੋਈ ਨਹੀਂ।" ਸੁਣ ਕੇ ਸੋਭਾ ਰਾਮ ਨੂੰ ਗੁਸਾ ਆ ਗਿਆ। ਸਿੱਖ ਵੱਲ ਵੇਖ ਕੇ ਕਹਿਣ ਲਗਾ "ਰਿੱਛ ਵਾਂਗ ਅਗਾਂਹ ਨੂੰ ਤੁਰਦਾ ਆਉਂਦਾ ਹੈ ਤੈਥੋਂ ਰੁਕੀਦਾ ਨਹੀਂ।" ਕਿਉਂਕਿ ਸਿੱਖ ਦੇ ਮੂੰਹ ਉਤੇ ਰਸਤੇ ਦੀ ਧੂੜ ਪਈ ਹੋਈ ਸੀ। ਸੋਭਾ ਰਾਮ ਪ੍ਰਸ਼ਾਦ ਵਰਤਾ ਰਿਹਾ ਸੀ। ਇਕ ਕਿਣਕਾ ਪ੍ਰਸ਼ਾਦ ਦਾ ਜਮੀਨ ਉੱਤੇ ਡਿੱਗਾ ਸਿੱਖ ਦੀ ਨਿਗ੍ਹਾ ਪੈ ਗਈ। ਉਸ ਨੇ ਉਹੀ ਕਿਣਕਾ ਚੁੱਕ ਕੇ ਮੂੰਹ ਵਿਚ ਪਾਇਆ ਅਤੇ ਬੋਲਿਆ "ਬਈ ਪਿਆਰਿਆ, ਗੁਰੂ ਦੇ ਦਰਬਾਰ ਵਿਚ ਰਹਿਣ ਵਾਲੇ ਗੁਰੂ ਕਾ ਦਰਸ਼ਨ ਕਰਨ ਵਾਲੇ ਦੇ ਮਨ ਅੰਦਰ ਜੇ ਇਹੀ ਭਾਵਨਾ ਹੈ ਤਾਂ ਤੇਰੀ ਇੱਛਾ ਪੂਰੀ ਕਰ ਦੇਵੇਗਾ। ਜੈਸਾ ਸਰੂਪ ਤੇਰਾ ਆਪਣਾ ਹੈ ਤੈਨੂੰ ਉਹੀ ਦਿਸਣਾ ਹੈ।" ਬਚਨ ਕਰਕੇ ਸਿੱਖ ਚਲਾ ਗਿਆ। ਸੋਭਾਂ ਰਾਮ ਨੂੰ ਫਿਰ ਰਿੱਛ ਦਾ ਜਨਮ ਲੈਣਾ ਪਿਆ। ਸੋਭਾ ਰਾਮ ਦੀ ਰਿੱਛ ਦੀ ਜੂਨੀ ਦਾ ਉਧਾਰ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਮਹਾਂਪੁਰਖਾਂ ਦੇ ਗੁਰੂ ਪੀਰਾਂ ਦੇ, ਚਰਨਾਂ ਵਿਚ ਰਹਿ ਕੇ ਵੀ ਮਨ ਵਿਚ ਕੋਈ ਉਣਤਾਈ ਰਹਿ ਜਾਣ ਕਰਕੇ ਸ਼ਾਂਤੀ ਨਹੀਂ ਆਉਂਦੀ। ਪਰ ਜੇ ਚੰਗੇ ਪੁੰਨ ਹੋਣ ਤਾਂ ਭਾਵਨਾ ਬਣ ਜਾਂਦੀ ਹੈ। ਫਿਰ ਜੈਸੀ ਭਾਵਨਾ ਹੋਵੇ ਵੈਸਾ ਰੰਗ ਵੀ ਲੱਗ ਜਾਂਦਾ ਹੈ। ਭਗਵਾਨ ਕ੍ਰਿਸ਼ਨ ਨੇ ਦਸਿਆ ਹੈ ਕਿ 'ਹੇ ਅਰਜੁਨ, ਤਿੰਨ ਪ੍ਰਕਾਰ ਦੇ ਮਨੁੱਖ ਸਦਾ ਦੁਖੀ ਰਹਿੰਦੇ ਹਨ।

**ਅਗਯਸਚ ਅਸਰਧਾਨਸ ਸੰਸ਼ਯਾਤਮਾ ਵਿਨਸ਼ਯਤਿ**
**ਠਾਯ ਲੋਕੋ ਸਿਤ ਨਾ ਪਰੋਨ ਸੁਖੰ ਸੰਸ਼ਯਾਤਮਾ**

ਭਾਵ ਇਕ ਅਗਿਆਨੀ, ਦੂਜਾ ਸ਼ਰਧਾ ਤੋਂ ਹੀਣ, ਤੀਜਾ ਸੰਸੈ ਬ੍ਰਿਤੀ ਵਾਲਾ।

**ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥**
**ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨ॥**

**ਗਉੜੀ ਬੈਰਾਗਣ ਬਾਣੀ ਰਵਿਦਾਸ ਜੀ**

ਇਹ ਤਿੰਨੇ ਦੁਖੀ ਰਹਿੰਦੇ ਹਨ ਅਤੇ ਪਰਮਾਰਥ ਵਲੋਂ ਭ੍ਰਿਸ਼ਟ ਹੋ ਜਾਂਦੇ ਹਨ। ਸੰਸਾ ਆਤਮਾ ਵਾਲੇ ਨੂੰ, ਨਾ ਲੋਕ ਦਾ ਸੁੱਖ, ਨਾ ਪਰਲੋਕ ਦਾ ਸੁੱਖ ਹੈ। ਜੇ ਬੰਦੇ ਦੇ ਪੁੰਨ ਹੋਵਣ ਤਾਂ ਮਿਲਦੀ ਹੈ ਮਹਾਂਪੁਰਖ ਦੀ ਸੰਗਤ। ਫਿਰ ਐਸਾ ਰੰਗ ਚੜ੍ਹਦਾ ਹੈ ਜੋ ਉਤਰਦਾ ਨਹੀਂ। ਉਨ੍ਹਾਂ ਮਹਾਂਪੁਰਖਾਂ ਨੂੰ ਜੇ ਕੋਈ ਪਿਆਰ

ਨਾਲ ਵੇਖੇ ਤਾਂ ਕੀ ਮਿਲਦਾ ਹੈ।

**ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥**

**ਸਲੋਕ ਕਬੀਰ ਕੇ**

ਪੁਨੀਤ ਦਾ ਮਤਲਬ ਹੈ ਮਨ ਪਾਪਾਂ ਨੂੰ ਛੱਡ ਦਿੰਦਾ ਹੈ, ਪਵਿਤ੍ਰ ਹੋ ਜਾਂਦਾ ਹੈ।

ਗਊ ਦੀ ਹੱਤਿਆ ਕਰਨ ਵਾਲਾ, ਇਸਤ੍ਰੀ ਦੀ ਹੱਤਿਆ ਕਰਨ ਵਾਲਾ ਅਕ੍ਰਿਤਘਨ, ਗੁਰੂ ਇਸਤ੍ਰੀ ਨਾਲ ਕੁਕਰਮ ਕਰਨ ਵਾਲਾ ਐਸੇ ਐਸੇ ਪਾਪੀ ਮੇਰੇ ਭਗਤ ਦੇ ਦਰਸ਼ਨ ਅਤੇ ਸਪਰਸ਼ ਨਾਲ ਭਾਵ ਉਨਾਂ ਦੀ ਛੋਹ ਲਗਣ ਨਾਲ ਪਵਿੱਤਰ ਹੋ ਜਾਂਦੇ ਹਨ। ਇਸ ਤਰਾਂ ਉਹ ਬਹੁਤ ਦੇਰ ਤੱਕ ਬੈਠਾ ਦਰਸ਼ਨ ਕਰਦਾ ਰਿਹਾ। ਜਿਵੇਂ ਦਰਸ਼ਨ ਕਰਦਾ ਰਿਹਾ ਚਿਤ ਵਿਚ ਪ੍ਰੇਮ ਆਇਆ ਤੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ "ਮਹਾਰਾਜ! ਜੇ ਹੁਕਮ ਦਿਉ ਤਾਂ ਘਰ ਜਾ ਕੇ ਕੁਝ ਪ੍ਰਸ਼ਾਦਾ ਤਿਆਰ ਕਰਕੇ ਲਿਆਵਾਂ।" ਬਾਬਾ ਜੀ ਨੇ ਬਚਨ ਕੀਤਾ ਕਿ "ਬਈ ਤੇਰੀ ਮਰਜੀ ਹੈ ਦੇਖ ਲੈ।" ਉਹ ਬੋਲਿਆ "ਜੀ ਮੈਨੂੰ ਸੇਵਾ ਦਾ ਮੌਕਾ ਦਿਓ। "ਬਾਬਾ ਜੀ ਨੇ ਕਿਹਾ "ਤੂੰ ਆਪਣਾ ਕੰਮ ਅੱਜ ਵੀ ਨਹੀਂ ਕੀਤਾ।" ਉਹ ਆਗਿਆ ਲੈ ਕੇ ਘਰ ਚਲ ਗਿਆ। ਘਰੋਂ ਦੋ ਪ੍ਰਸ਼ਾਦੇ ਮਿੱਸੇ ਅਤੇ ਕੁਝ ਮੱਖਣ ਲੈ ਆਇਆ ਅੱਗੇ ਰੱਖ ਕੇ ਬੋਲਿਆ "ਲਉ ਜੀ ਛੱਕੋ।" ਬਾਬਾ ਜੀ ਨੇ ਇਕ ਪ੍ਰਸ਼ਾਦਾ ਅਤੇ ਕੁਝ ਮੱਖਣ ਲੈ ਕੇ, ਛੱਕਣ ਤੋਂ ਬਾਅਦ ਉਸਨੂੰ ਬੋਲੇ "ਲੈ ਇੱਕ ਤੂੰ ਖਾ ਲੈ।" ਉਸਨੇ ਬਚਨ ਮੰਨ ਕੇ ਅੱਧਾ ਪ੍ਰਸ਼ਾਦਾ ਖਾ ਲਿਆ ਤੇ ਬੋਲਿਆ "ਅੱਧਾ ਪ੍ਰਸ਼ਾਦਾ ਘਰ ਲੈ ਕੇ ਜਾਉਂਗਾ।" ਬਾਬਾ ਜੀ ਨੇ ਪੁੱਛਿਆ "ਘਰ ਦਾ ਕੰਮ ਤੂੰ ਅੱਜ ਨਹੀਂ ਕੀਤਾ।" ਉਹ ਬੋਲਿਆ "ਜੀ, ਜਮੀਨ ਸੁੱਕੀ ਪਈ ਹੈ। ਇਸ ਨੂੰ ਵਾਹ ਕੇ ਕੀ ਕਰਾਂਗੇ ? ਮੀਂਹ ਪਵੇ ਤਾਂ ਵਾਹਨ ਬੀਜਣ ਦਾ ਫਾਈਦਾ ਹੈ ਹੁਣ ਮੈਂ ਘਰ ਨੂੰ ਜਾਂਦਾ ਹਾਂ।" ਉਹ ਬਲਦ ਲੈ ਕੇ ਘਰ ਨੂੰ ਆ ਗਿਆ। ਪਿਛਲੇ ਪਹਿਰ ਕੁਝ ਦੁੱਧ ਲੈ ਕੇ ਗਿਆ। ਬਾਬਾ ਜੀ ਨੇ ਪੁੱਛਿਆ "ਕੀ ਲਿਆਂਦਾ ਹੈ ?" ਉਸ ਨੇ ਕਿਹਾ "ਜੀ ਦੁੱਧ ਹੈ, ਪੀ ਲਵੋ।" ਬਾਬਾ ਜੀ ਦੁੱਧ ਪੀਣ ਤੋਂ ਬਾਦ ਉਸ ਨੂੰ ਬੋਲੇ "ਤੇਰੇ ਘਰ ਕੀ ਲਵੇਰਾ ਹੈ ?" ਉਸ ਨੇ ਕਿਹਾ "ਜੀ ਦੋ ਮੱਝਾਂ ਹਨ। ਇੱਕ ਦੁੱਧ ਦਿੰਦੀ ਹੈ।" ਬਾਬਾ ਜੀ ਨੇ ਪੁੱਛਿਆ" ਪਰਿਵਾਰ ਬਾਲ ਬੱਚਾ ਕੀ ਹੈ। ਉਸ ਨੇ ਕਿਹਾ ਜੀ ਲੜਕੀ ਹੈ।"

ਬਾਬਾ ਜੀ ਨੇ ਪੁੱਛਿਆ "ਤੇਰੇ ਘਰੋਂ ?" ਇਤਨੀ ਗੱਲ ਸੁਣ ਕੇ ਉਹ ਰੋਣ ਲਗ ਪਿਆ। ਆਪ ਨੇ ਪੁੱਛਿਆ "ਸੁਖ ਤਾਂ ਹੈ ?" ਉਸ ਨੇ ਰੋਂਦੇ ਹੋਏ ਨੇ ਪੱਲੇ ਨਾਲ ਅੱਖਾਂ ਪੂੰਝ ਕੇ ਦਸਿਆ "ਜੀ ਉਹ ਤਾਂ ਬਿਮਾਰ ਹੈ। ਬੱਸ ਅੱਜ ਜਾ ਸਵੇਰੇ।" ਇਤਨੀ ਗੱਲ ਕਰਨ ਦੀ ਦੇਰ ਸੀ ਫੇਰ ਰੋ ਪਿਆ। ਐਨਾ ਰੋਇਆ ਕਿ ਬੈਠ ਵੀ ਨਾ ਸਕਿਆ। ਲੰਮਾ ਹੀ ਪੈ ਗਿਆ। ਆਪ ਨੇ ਧੀਰਜ ਦਿੱਤਾ।

**ਬੋਲੇ, ਹੱਸਕੇ ਹੌਸਲਾ ਕਰ ਭਾਈ,**
**ਕਿਹੜੀ ਗੱਲ ਤੋਂ ਚਿੱਤ ਡੁਲਾ ਲਿਆ ਈ।**
**ਉਸਦਾ ਰੋਗ ਹੁਣ ਜਲਦੀ ਹੱਟ ਜਾਏ,**
**ਰਾਜੀ ਹੋਣ ਦਾ ਸਮਾਂ ਫਿਰ ਆ ਗਿਆ ਈ।**
**ਰੋਟੀ ਇਕ ਜੋ ਮਿਲੀ ਸੀ ਤੁਧ ਤਾਈਂ,**
**ਅੱਧਾ ਹਿੱਸਾ ਤੂੰ ਆਪ ਹੀ ਖਾ ਲਿਆ ਈ।**
**ਬਾਕੀ ਰਿਹਾ ਜੋ ਉਸਨੂੰ ਖੁਵਾਲ ਦੇ ਤੂੰ,**
**ਰੋਗ ਸਮਝ ਲੈ ਝੱਟ ਗੁਆ ਲਿਆ ਈ।**
**ਹੱਥ ਜੋੜ ਕੇ ਫੇਰ ਉਹ ਅਰਜ ਕਰਦਾ,**
**ਉਹ ਤਾ ਹੋਸ਼ ਹਵਾਸ ਗੁਆਈ ਬੈਠੀ।**
**ਵਾਜਾ ਮਾਰੀਏ ਫੇਰ ਵੀ ਬੋਲਦੀ ਨਾ,**
**ਜਾਪੇ ਮੌਤ ਸਿਰ੍ਹਾਣੇ ਆਈ ਬੈਠੀ।**
**ਬੋਲੇ ਹੱਸ ਕੇ ਜਦੋਂ ਤੂੰ ਘਰ ਜਾਵੇ,**
**ਤੈਨੂੰ ਆਪਣੇ ਕੋਲ ਬੁਲਾਇਗੀ ਓਹ।**
**ਸਾਡੇ ਕਹਿਣ ਦੀ ਫੇਰ ਪਰਤੀਤ ਆਵੇ,**
**ਤੈਥੋਂ ਮੰਗ ਕੇ ਰੋਟੀ ਵੀ ਖਾਇਗੀ ਓਹ।**
**ਖੁਸ਼ੀ ਹੋਏ ਤੈਨੂੰ ਗਮੀ ਨੱਸ ਜਾਵੇ,**
**ਆਪ ਹੱਸੇਗੀ ਤੈਨੂੰ ਹਸਾਇਗੀ ਉਹ।**
**ਗੱਲ ਅਗਲੀ ਦਸਾਂਗੇ ਫੇਰ ਤੈਨੂੰ,**
**ਤੇਰੇ ਨਾਲ ਜਦ ਚੱਲ ਕੇ ਆਏਗੀ ਉਹ।**
**ਹੁਣ ਤੂੰ ਜਾਹ ਘਰ ਨੂੰ ਏਥੇ ਬੈਠ ਨਾਹੀ,**
**ਅੱਖੀਂ ਵੇਖ ਜਾ ਕੇ ਜੋ ਕੁਝ ਆਖਿਆ ਏ।**
**ਅਸੀਂ ਆਪਣੇ ਵਲੋਂ ਨਹੀਂ ਕੁਝ ਕਿਹਾ,**

ਹੋਈ ਧੁਰ ਦਰਗਾਹ ਤੋਂ ਭਾਖਿਆ ਏ।
ਉਥੋਂ ਚਲਿਆ ਆਇਆ ਯਾਂ ਘਰ ਅੰਦਰ,
ਅਗੋਂ ਬੱਚੀ ਨੇ ਖਬਰ ਸੁਣਾ ਦਿਤੀ।
ਬਾਪੂ ਬੇਬੇ ਜੀ ਤੈਨੂੰ ਬੁਲਾਂਵਦੀ ਹੈ,
ਤੈਂ ਬਾਹਰ ਹੀ ਦੇਰ ਲਗਾ ਦਿਤੀ।
ਗਿਆ ਭਜ ਕੇ ਜਾਇਕੇ ਕੋਲ ਪਹੁੰਚਾ,
ਮੰਗੀ ਰੋਟੀ ਤੇ ਉਸ ਨੇ ਫੜਾ ਦਿਤੀ।
ਰੋਟੀ ਖਾਇਕੇ ਆਖਦੀ ਪਤੀ ਤਾਂਈ,
ਏਸ ਰੋਟੀ ਨੇ ਜਿੰਦ ਬਚਾ ਦਿੱਤੀ।
ਇਕ ਸੰਤ ਨੇ ਮੈਨੂੰ ਛਡਾਇਆ ਹੈ,
ਸ਼ਕਲ ਦੱਸਦੀ ਦੱਸਦੀ ਦੱਸ ਗਈ।
ਉਹ ਨੇ ਦੱਸਿਆ ਉਸ ਨੇ ਬੁਝ ਲਿਆ,
ਮਨ ਵੱਸਦੀ ਵੱਸਦੀ ਵਸ ਗਈ।
ਸੁਬ੍ਹਾ ਉਠ ਕੇ ਹੋਏ ਤਿਆਰ ਦੋਵੇਂ,
ਘਰੋਂ ਚਲ ਪਏ ਦਰਸ਼ਨ ਕਰਨ ਦੇ ਲਈ।
ਤਨ ਕਮਜੋਰ ਸੀ ਭਾਵੇਂ ਬਿਮਾਰ ਰਹਿਕੇ,
ਮਨ ਵਿੱਚ ਖਿੱਚ ਹੈ ਸੀ ਪਰਸਨ ਚਰਨ ਦੇ ਲਈ।
ਲੈ ਕੇ ਆਸਰਾ ਪਤੀ ਦਾ ਰਹੀ ਤੁਰਦੀ,
ਮੁਸ਼ਕਿਲ ਬਹੁਤ ਹੋਈ ਪੈਰ ਧਰਨ ਦੇ ਲਈ।
ਦੋਵੇਂ ਆਪ ਤੇ ਬੱਚੀ ਸਮੇਤ ਤਿੰਨੇ,
ਆਏ ਨੇੜੇ ਭਾਵ ਸਾਗਰੋਂ ਤਰਨ ਦੇ ਲਈ।
ਦਰਸ ਵੇਖਕੇ ਉਸਨੇ ਪਛਾਣ ਲਿਆ,
ਠੀਕ ਉਹੀ ਹੈ ਮੈਨੂੰ ਬਚੌਣ ਵਾਲਾ।
ਡਿੱਗੀ ਮੌਤ ਦੇ ਮੂੰਹ ਵਿਚ ਪਈ ਸੀ ਮੈਂ,
ਉਥੋਂ ਕੱਢਕੇ ਐਥੇ ਲਿਉਣ ਵਾਲਾ।
ਜਦੋਂ ਗਏ ਨੇੜੇ ਆਪ ਹੱਸ ਪਏ,
ਕਹਿੰਦੇ ਹੁਣ ਤਾਂ ਇਤਬਾਰ ਆਇਆ।
ਦੁਖ ਗਏ ਤੇਰੇ ਸੁਖਾਂ ਲਾਏ ਡੇਰੇ,

**ਖਿੜਿਆ ਫੁਲ ਦੇ ਵਾਂਗ ਪਰਿਵਾਰ ਆਇਆ**
**ਕਰਤੇ ਪੁਰਖ ਦੀ ਤੇਰੇ ਤੇ ਹੋਈ ਕਿਰਪਾ,**
**ਸਦਾ ਮੇਹਰ ਕਰਦਾ ਸਿਰਜਨ ਹਾਰ ਆਇਆ।**
**ਭੁਲੇ ਭਟਕਿਆ ਨੂੰ ਰਾਹੇ ਪਾਉਣ ਖਾਤਰ,**
**ਨਾਨਕ ਗੁਰੂ ਦਾ ਧਰ ਅਵਤਾਰ ਆਇਆ।**
**ਜਾਓ ਘਰ ਬੈਠੇ ਜਪੋ ਨਾਮ ਉਸਦਾ,**
**ਜਗ ਤੇ ਕੋਈ ਨਹੀਂ ਨਾਨਕ ਨਿਰੰਕਾਰ ਵਰਗਾ।**
**ਦੇ ਕੇ ਫਲ ਕਰੀਰ ਦਾ ਕਹਿਣਾ ਲਗੇ,**
**ਪੁੱਤਰ ਹੋਇਆ ਸਰਵਣ ਕੁਮਾਰ ਵਰਗਾ।**

ਏਥੋਂ ਮੁੜ ਕੇ ਉਹ ਜਿਮੀਂਦਾਰ ਕੁਝ ਪ੍ਰਸ਼ਾਦ ਆਦਿ ਲੈ ਕੇ ਗਿਆ। ਜਿਸ ਵੇਲੇ ਉਹ ਉਥੇ ਪਹੁੰਚਿਆ ਤਾਂ ਆਪ ਇਥੋਂ ਕਿਤੇ ਹੋਰ ਜਗ੍ਹਾ ਚਲੇ ਗਏ ਸਨ। ਘਰ ਵਿਚ ਆਏ ਸਾਧੂ ਮਹਾਂਪੁਰਖ ਨੂੰ ਪ੍ਰਸ਼ਾਦ ਛੱਕੌਣਾ ਪ੍ਰੇਮ ਨਾਲ ਆਪਣੀ ਸਮ੍ਰਥਾ ਮੁਤਾਬਕ ਇਕ ਬੁਰਕੀ ਅੰਨ ਦੀ ਅਤੇ ਇਕ ਘੁਟ ਪਾਣੀ ਦੀ ਵੀ ਪਿਲਾ ਦੇਂਵੇ। ਪਰ ਨਿਰਛਲ ਨਿਸ਼ਕਪਟ ਹੋ ਕੇ ਦੇਵੇ, ਹੈ ਤਾਂ ਨਾ ਰਾਖੈ, ਅਕੇਲਾ ਨਾ ਖਾਇ, ਤਹਕੀਰ ਦਿਲਦਾਨੀ ਵਹੀ ਭਿਸਤ ਜਾਇ ? ਜਿਸ ਨੇ ਘਰ ਵਿਚ ਆਏ ਸਾਧੂ ਦਾ ਖਿੜੇ ਮੱਥੇ ਸਵਾਗਤ ਕੀਤਾ ਉਸਨੇ ਸੂਰਜ ਦੇਵਤੇ ਦਾ ਪੂਜਨ ਕਰ ਲਿਆ।

ਕੇਵਲ ਜਲ ਪਿਲੌਣ ਨਾਲ ਦੇਵਰਾਜ ਇੰਦ੍ਰ ਦਾ ਪੂਜਣ ਹੋ ਗਿਆ। ਜੇ ਪੈਰ ਧੋ ਦਿੱਤੇ ਤਾਂ ਪਿਤ੍ਰ ਪੂਜਾ ਹੋ ਗਈ। ਜੇ ਭੋਜਨ ਖ਼ੁਆ ਦਿੱਤਾ ਤਾਂ ਬ੍ਰਹਮਾ ਦਾ ਪੂਜਨ ਹੋ ਗਿਆ॥੧॥

ਆਪਣੇ ਘਰ ਸਾਧੂ ਨੂੰ ਜੋ ਪੁਰਸ਼ ਪੀਣ ਵਾਸਤੇ ਇਕ ਚੁਲੀ ਪਾਣੀ ਦੀ ਦਿੰਦਾ ਹੈ, ਉਸ ਮਾਨੋ ਸਮੁੰਦਰ ਹੀ ਪੁੰਨ ਕਰਦਾ ਹੈ। ਇਕ ਬੁਰਕੀ ਭੋਜਨ ਵੀ ਦਿੰਦਾ ਹੈ ਤਾਂ ਸਮਝੋ ਸੁਮੇਰ ਪਰਬਤ ਸਮਾਨ ਹੀ ਉਸ ਨੇ ਪੁੰਨ ਕਰ ਦਿੱਤਾ ਹੈ। ਪਰ ਜੇ ਮਹਾਂਪੁਰਖ ਬ੍ਰਹਮ ਬੇਤਾ ਕਿਸੇ ਭਾਗ ਵਾਲੇ ਘਰੋਂ ਪ੍ਰਸ਼ਾਦ ਦੀ ਇੱਕ ਬੁਰਕੀ ਲੈ ਲਵੇ ਤਾਂ ਇਸ ਤੋਂ ਵੀ ਮਹਾਨ ਪੁੰਨ ਹੈ।

**ਯਹੀ ਏਕੋਬ੍ਰਹਿਮ ਵਿਚ ਭੁੰਕਤੇ ਜਗਤ ਤ੍ਰਿਪਤ ਅਖਿਲੰ।**

ਜੇ ਇਕ ਮਹਾਂਪੁਰਖ ਇਕ ਵਾਰ ਕਿਸੇ ਘਰੋਂ ਭੋਜਨ ਕਰ ਜਾਏ, ਤਾਂ ਉਸ

ਘਰੋਂ ਤਿੰਨਾ ਲੋਕ ਦੇ ਜੀਵ ਅਤੇ ਦੇਵਤੇ ਸਿਧ, ਸਭ ਪ੍ਰਕਾਰ ਦੇ ਲੋਕਾਂ ਨੂੰ ਭੋਜਨ ਕਰਵਾਉਣ ਦਾ ਫਲ ਉਸ ਨੂੰ ਮਿਲ ਜਾਂਦਾ ਹੈ। ਇਹ ਹੈ ਮਹਾਂਪੁਰਖ ਦੀ ਸੇਵਾ ਦਾ ਫਲ।

**ਪ੍ਰਭ ਜੀ ਬਸਹਿ ਸਾਧ ਕੀ ਰਸਨਾ।**

(**ਸ੍ਰੀ ਸੁਖਮਨੀ ਸਾਹਿਬ ਵਿੱਚੋਂ**)

ਉਸਦੀ ਰਸਨਾ ਤੇ ਜੋ ਅੰਨ ਲਗਦਾ ਹੈ ਉਹ ਵਾਹਿਗੁਰੂ ਨੂੰ ਮਿਲਦਾ ਹੈ ਅਤੇ ਵਾਹਿਗੁਰੂ ਸਰਬ ਬਿਆਪੀ ਹੋਣ ਕਰਕੇ ਉਹ ਪਦਾਰਥ ਸਭ ਨੂੰ ਪ੍ਰਾਪਤ ਹੋ ਜਾਂਦਾ ਹੈ।

ਨੋਟ: ਇਸ ਪ੍ਰਸੰਗ ਦਾ ਅਗਲਾ ਹਿੱਸਾ ਕਿਸੇ ਹੋਰ ਥਾਂ ਫਿਰ ਦਿੱਤਾ ਜਾਵੇਗਾ।

# ਭਾਰੀ ਤਪੱਸਿਆ ਕਰਨੀ

ਇਸ ਸਮੇਂ ਦੌਰਾਨ ਆਪ ਕਿਤੇ ਜਗਾ ਇਕਾਂਤ ਵੇਖ ਕੇ ਉਥੇ ਟਿਕ ਗਏ। ਆਪ ਹੀ ਦਸਦੇ ਸਨ ਕਿ ਬੜੀ ਪੁਰਾਣੀ ਝਿੜੀ ਸੀ। ਬਹੁਤ ਲੰਮੀ ਅਤੇ ਚੌੜੀ ਸੀ। ਸੰਘਣੇ ਵਣ ਕਰੀਰ ਅਤੇ ਹੋਰ ਦਰੱਖਤ ਸਨ। ਇਥੇ ਇਕ ਸਾਲ ਟਿਕੇ ਰਹੇ। ਵਿਚਾਲੇ ਇਕ ਪਾਣੀ ਦਾ ਛੱਪੜ ਸੀ। ਜਿਹੜਾ ਮੀਂਹ ਦੇ ਪਾਣੀ ਨਾਲ ਭਰ ਜਾਂਦਾ ਸੀ। ਕਈ ਪਿੰਡ ਉਸ ਦੇ ਦੂਰ ਦੂਰ ਸਨ। ਜਦੋਂ ਕਿਤੇ ਚਿੱਤ ਮੰਨੇ, ਕਿਸੇ ਨਗਰ ਜਾਣ। ਜੋ ਉਥੋਂ ਮਿਲੇ ਲੋੜ ਅਨੁਸਾਰ ਲੈ ਆਉਣਾ। ਫਿਰ ਥੋੜ੍ਹਾ ਥੋੜ੍ਹਾ ਉਸ ਵਿਚੋਂ ਰੋਜ ਛੱਕਦੇ ਰਹਿਣਾ। ਕਿਨਾਂ ਚਿਰ ਸਿਰਫ ਇਕ ਬੁਰਕੀ ਅੰਨ ਦੀ ਉਤੋਂ ਘੁੱਟ ਪਾਣੀ ਦਾ ਪੀ ਲੈਣਾ ਅਤੇ ਆਨੰਦ ਵਿੱਚ ਰਹਿਣਾ। ਜਿਸ ਨੇ ਵੀ ਪ੍ਰਾਪਤ ਕੀਤੀ ਹੈ ਬਖ਼ਸ਼ੀਸ ਲੈ ਕੇ ਕਮਾਈ ਕਰਦੇ ਹਨ।

**ਪਹਿਲਾ ਬਾਬੇ ਪਾਯਾ ਬਖ਼ਸੁ ਦਰ ਪਿਛੋ ਦੇ ਫਿਰ ਘਾਲ ਕਮਾਈ**
**ਰੇਤੁ ਅੱਕੁ ਅਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ ॥**

**ਵਾਰਾਂ ਭਾਈ ਗੁਰਦਾਸ ਜੀ**

ਗੁਰੂ ਅਮਰਦਾਸ ਜੀ ਬਾਰਾਂ ਸਾਲ ਗਾਗਰ ਢੋ ਕੇ ਗੁਰੂ ਬਣ ਗਏ। ਤੇ

ਫਿਰ ਕਿੱਲੀ ਫੜ ਕੇ ਤਪੱਸਿਆ ਕੀਤੀ ਹੈ। ਉਹ ਕਿੱਲੀ ਅਜੇ ਤੱਕ ਮੌਜੂਦ ਹੈ। ਇਸੇ ਤਰਾਂ ਜਿਸਨੇ ਵੀ ਕੁਝ ਪ੍ਰਾਪਤ ਕੀਤਾ ਹੈ ਤਪ ਕਰਕੇ ਹੀ। ਗੁਰੂ ਸੇਵਾ ਵੀ ਇਕ ਤਪ ਹੈ "ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ।"

ਜਿਵੇਂ ਵੀ ਕਿਸੇ ਘਾਲਣਾ ਘਾਲੀ, ਨਾਮ ਜਪਿਆ ਤੇ ਉਸ ਨੂੰ ਫੇਰ ਫਲ ਮਿਲਿਆ, ਉਸਦੇ ਮੁਤਾਬਕ ਹੀ ਉਹ ਪੂਜਨੀਕ ਹੋ ਗਿਆ।

ਦੁਰਗਾ ਦੇਵੀ ਹਜਾਰਾ ਦਿੱਬ ਵਰ੍ਹੇ ਤਪ ਕਰਕੇ ਹਿਮਾਚਲ ਪਰਬਤ ਵਿਚ ਰਹਿਕੇ ਪੂਜਨ ਜੋਗ ਹੋ ਗਈ।

ਸੁਰਸਤੀ ਗੰਧ ਮਾਦਨ ਪਰਬਤ ਤੇ ਲੱਖ ਦਿੱਬ ਵਰਸ ਤੱਕ ਤਪ ਕਰਕੇ ਪੂਜਨ ਯੋਗ ਹੋ ਗਈ। ਲਖਯਮੀ ਯੁਗਸਤੰ ਦਿਬਯੇ ਤਪਸ ਤਪਤ੍ਵਾ ਚ ਸਰਵ ਸੰਪਤ ਪ੍ਰਦਾਤ੍ਰੀ ਚ ਜਾਤ ਦੇਵੀਨਿ ਸ਼ੇਵਣਾਤ ੩। ਲਛਮੀ ਪੁਸ਼ਕਰ ਵਿਚ ਸੌ ਦਿੱਬ ਵਰਸ ਤੱਕ ਤੱਪ ਕਰਕੇ ਸਭ ਸੰਪਤ ਦਾਨ ਕਰਨ ਵਿੱਚ ਸਮਰੱਥ ਹੋ ਗਈ।

ਸਵਿਤ੍ਰ ਦੇਵੀ ਮੱਲ ਪਰਬਤ ਤੇ ਸੱਠ ਹਜਾਰ ਵਰੇ ਤਪ ਕਰਕੇ ਧਿਆਨ ਪੂਜਨੀਕ ਹੋ ਗਈ।

ਸ਼ਿਵ ਜੀ ਨੇ ਸੋ ਮਨਵੰਤ੍ਰ ਤਕ ਤਪ ਕੀਤਾ ਹੈ ਸੌਮ ਮਨਵੰਤਰ ਤਕ ਬ੍ਰਹਿਮਾ ਨੇ ਤੱਪ ਕਰਕੇ ਸ਼੍ਰਿਸ਼ਟੀ ਸਾਜਣ ਦੀ ਸ਼ਕਤੀ ਪ੍ਰਾਪਤ ਕੀਤੀ ਹੈ।

**ਸੌ ਮਨੂੰਤਰ ਵਿਸ਼ਨੂੰ ਨੇ ਤਪ ਕਰਕੇ ਇਹ ਪਦਵੀ ਪ੍ਰਾਪਤ ਕੀਤੀ ਹੈ।**

**ਸੋਖ ਪ੍ਰਦੀਪ** (ਨ.ਹ.ਉ ੫੯੬)

**ਗੁਰੁ ਈਸਰੁ ਗੁਰੁ ਗੋਰਖੁ, ਬਰਮਾ ਗੁਰੁ, ਪਾਰਬਤੀ ਮਾਈ (ਜਪੁ ਜੀ ੨)**

ਜਿਸ ਨੇ ਵੀ ਕੁਝ ਪ੍ਰਾਪਤ ਕੀਤਾ ਨਾਮ ਜਪ ਕੇ ਕੀਤਾ। ਸਭ ਵਡਿਆਂਈਆਂ ਸਭ ਸੁੱਖ ਨਾਮ ਵਿੱਚ ਹਨ :

**ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ।**
**ਗੁਰਮੁਖਿ ਜਨਕਿ ਹਰਿ ਨਾਮਿ ਲਿਵਲਾਈ॥**
**ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ।**
**ਬਿਨ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ।**
**ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ।**

(ਅੰਗ ੫੯੧)

ਇਸ ਅਵਸਥਾ ਵਿਚ ਬ੍ਰਿਤੀ ਬ੍ਰਹਿਮਾਕਾਰ ਹੋਈ ਹੁੰਦੀ ਹੈ। ਮਨ ਬ੍ਰਿਤੀਂ

ਪ੍ਰਮੇਸ਼ਵਰ ਪਰੈਣ ਹੋ ਜਾਂਦੀ ਹੈ। ਸਰੀਰਕ ਦੁਖ ਸੁਖ ਦਾ ਸੁੱਤੇ ਸਿੱਧ ਹੀ ਅਭਾਵ ਹੋ ਜਾਂਦਾ ਹੈ ਮਨ ਪ੍ਰਮੇਸ਼ਵਰ ਪਰੈਣ ਕਰਨਾ ਹੀ ਅਸਲ ਯੋਗ ਹੈ। ਇਥੇ ਕਥਨ ਹੈ।

**ਮਨ ਹੀ ਕੇ ਭਰਮਤੇ ਜਗਤ ਯਹ ਦੇਖੀਅਤ**
**ਮਨ ਹੀ ਕੋ ਭਰਮ ਗਏ ਜਗਤ ਬਿਲਾਤ ਹੈ -**
**ਮਨ ਹੀ ਕੇ ਭਰਮ ਜਵੇਰੀ ਮੈ ਉਪਜਤ ਸਾਪ**
**ਮਨ ਕੇ ਵਿਚਾਰੇ ਸਾਪ ਜਵੇਰੀ ਸਮਾਤ ਹੈ-**
**ਮਨ ਹੀ ਕੇ ਭਰਮ ਮਰੀਚਕਾ ਕੋ ਜਲ ਕਹੇ**
**ਮਨ ਹੀ ਕੇ ਭਰਮ ਸੀਪ ਰੂਪੋ ਸਾ ਦਿਖਾਂਤ ਹੈ -**
**ਸਗਲ ਜਗਤ ਯਹ ਦੇਖੇ ਮਨ ਹੀ ਕੋ ਭਰਮ**
**ਮਨ ਕੇ ਭਰਮ ਗਏ ਬ੍ਰਹਮ ਹੋਇ ਜਾਤ ਹੈ -**

**ਮਨ ਕਿੰਨਾ ਬਲਵਾਨ ਹੈ। ਕਿਤਨੇ ਕਿਤਨੇ ਵੱਡੇ ਮਨ ਨੇ ਭਰਮਾਏ। ਹਰ ਵੇਲੇ ਉਨ੍ਹਾਂ ਨੂੰ ਭਟਕੌਂਦਾ ਹੀ ਰਿਹਾ। ਨਿਮਖ ਮਾਤ੍ਰ ਵੀ ਚੈਨ ਨਾ ਲੈਣ ਦਿਤਾ।**

**ਮਨ ਕੇ ਅਧੀਨ ਮੁਨੀ ਪੰਡਿਤ ਤਪੀਸਰ ਔ**
**ਮਨ ਕੇ ਅਧੀਨ ਜੋਗੀ ਜਤੀ ਬ੍ਰਹਿਮ ਚਾਰੀ ਹੈ -**
**ਮਨ ਕੇ ਅਧੀਨ ਪੀਰ ਮੀਰ ਸੁਲਤਾਨ ਖਾਨ**
**ਮਨ ਕੇ ਅਧੀਨ ਪੈਗੰਬਰ ਚਾਰ ਯਾਰੀ ਹੈ -**
**ਮਨ ਕੇ ਅਧੀਨ ਸੂਰ ਬਲੀ ਔ ਨਿਰਬਲ**
**ਮਨ ਕੇ ਅਧੀਨ ਰਾਉ ਰੇਕ ਨਰ ਨਾਰੀ ਹੈ -**
**ਹੋਰ ਸਭ ਸ੍ਰਿਸ਼ਟ ਏਕ ਮਨ ਕੇ ਅਧੀਨ ਰਹੇ -**
**ਗਿਆਨੀ ਕੀ ਜੋ ਗਤੀ ਸੋ ਤੋ ਮਨ ਤੇ ਨਿਆਰੀ ਹੈ -**
**ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥**

ਇਸ ਲਈ ਮਨ ਨੂੰ ਜਿਤਣ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।

**ਪੜਨ ਗੁਣਨ ਕਿਛ ਅਚਰਜ ਨਾਹੀ ਅਡਰਜ ਨਾਹੀ ਗਿਆਨ ਕਰਨ -**
**ਮੋਨੀ ਹੋਇਆ ਅਚਰਜ ਨਾਹੀ ਅਚਰਜ ਨਾਹੀ ਬਚਨ ਕਥਨ -**
**ਤੀਰਥ ਪਰਸਿਐ ਅਚਰਜ ਨਾਹੀ ਅਚਰਜ ਨਾਹੀ ਗਉਣ ਕਰਨ -**
**ਦਰਸ਼ਨ ਨਹੀਂ ਆਉਰ ਕੁਛ ਅਚਰਜ ਅਚਰਜ ਹੈ ਮਨ ਵੱਸ ਕਰਨ -**

ਸੋ ਜਿਨਾਂ ਨੇ ਮਨ ਨੂੰ ਸਾਧ ਲਿਆ, ਮਨ ਵੱਸ ਕਰ ਲਿਆ ਸਭ ਕੁਝ

ਉਨ੍ਹਾਂ ਨੂੰ ਪ੍ਰਾਪਤ ਹੋ ਗਿਆ।

ਇਕ ਰਾਜਾ ਸੀ। ਉਸ ਦੇ ਦੇਸ ਵਿਚ ਇਹ ਮ੍ਰਯਾਦਾ ਸੀ। ਰਾਜ ਪੁੱਤ ਨੂੰ ਰਾਜ ਨਹੀਂ ਸੀ ਦਿੱਤਾ ਜਾਂਦਾ। ਇਕ ਪਰੀਖਿਆ ਰੱਖੀ ਹੋਈ ਸੀ। ਉਹ ਪਰੀਖਿਆ ਵਿਚ ਹਰ ਕੋਈ ਸ਼ਾਮਲ ਹੋ ਸਕਦਾ ਸੀ। ਰਾਜ ਪੁੱਤਰ ਵੀ ਸ਼ਾਮਲ ਹੁੰਦੇ ਸਨ ਅਤੇ ਪ੍ਰਜਾ ਦੇ ਲੋਕ ਵੀ। ਉਹ ਪਰੀਖਿਆ ਏਹ ਸੀ ਕੀ ਇਕ ਮੰਜਾ ਬਣਿਆ ਸੀ। ਪਰੀਖਿਆ ਦੇਣ ਵਾਲੇ ਉੱਤੇ ਬੈਠਦੇ ਸਨ। ਉਨ੍ਹਾਂ ਦੇ ਹੱਥ ਵਿਚ ਸੋਟੀ ਹੁੰਦੀ ਸੀ। ਮੰਜੇ ਹੇਠ ਇੱਕ ਕੁੱਕੜ ਛੱਡਦੇ ਸਨ ਮੰਜੇ ਉੱਤੇ ਬੈਠ ਕੇ ਕੁੱਕੜ ਮਾਰਦੇ ਸਨ। ਕੁੱਕੜ ਮੰਜੇ ਦੇ ਹੇਠੋਂ ਬਾਹਰ ਨਹੀਂ ਜਾਣ ਦੇਣਾ ਅਤੇ ਕੁੱਕੜ ਦੇ ਸੋਟੀ ਨਹੀਂ ਮਾਰਨੀ। ਉਸਨੂੰ ਮੰਜੇ ਹੇਠ ਭਜਾ ਭਜਾ ਕੇ ਨਿੱਸਲ ਕਰਕੇ ਮਾਰਨਾ ਹੈ। ਜਿਹੜਾ ਮੁਕਰਰ ਕੀਤੇ ਸਮੇਂ ਵਿੱਚ ਉਸ ਨੂੰ ਮਾਰ ਦੇਵੇ, ਉਸਨੂੰ ਰਾਜ ਦਾ ਮਾਲਿਕ ਬਣਾਇਆ ਜਾਂਦਾ ਸੀ। ਸੋ ਇਸ ਤਰਾਂ ਰਾਜਾ ਹੈ ਪ੍ਰਮੇਸਵਰ। ਜਿਤਨੇ ਮਨੁੱਖ ਹਨ ਸਭ ਉਸਦੇ ਪੁੱਤਰ ਹਨ। ਜੋ ਮਨੁੱਖੀ ਤਨ ਮਿਲਿਆ ਹੈ, ਇਹ ਹੈ ਇਕ ਮੰਜਾ। ਮੰਜੇ ਹੇਠ ਕੁੱਕੜ ਸਮਾਨ ਹੈ ਮਨ। ਇਸ ਮਨ ਨੂੰ ਮਾਰਨਾ ਹੈ।

**ਸੋ ਪੁਰਖ ਬੈਰਾਗੀ ਰਾਮ॥**

ਸਰੀਰ ਰੂਪੀ ਮੰਜੇ ਉੱਤੇ ਬੈਠਾ ਹੈ ਜੀਵ। ਇਸ ਦੇ ਅੰਦਰ ਹੈ ਮਨ ਰੂਪੀ ਕੁੱਕੜ। ਮਨ ਨੂੰ ਸਰੀਰ ਰੂਪ ਮੰਜੇ ਤੋਂ ਬਾਹਰ ਨਹੀਂ ਜਾਣ ਦੇਣਾ। ਮਨ ਕੁੱਕੜ ਨੂੰ ਨਾਮ ਰੂਪੀ ਸੋਟੀ ਨਾਲ ਘੇਰ ਘੇਰ ਕੇ ਅੰਦਰ ਹੀ ਰੱਖਣਾ ਹੈ।

**ਰਾਮਚੰਦ ਕੀ ਲਸਟਿਕਾ। ਜਿਨਿ ਮਾਰਿਆ ਰੋਗੁ॥**

**ਬਿ:ਮ:੫, ਅੰਗ ੮੧੭**

ਸੁੱਖ ਦੁੱਖ ਰੂਪੀ ਬਾਣ ਨਾਲ ਮੰਜਾ ਬੁਣਿਆ ਹੈ। ਆਸ਼ਾ-ਤ੍ਰਿਸ਼ਨਾ ਇਸ ਦੀਆ ਦੋ ਬਾਹੀਆਂ ਹਨ। ਹਉਮੈ-ਮਮਤਾ ਦੇ ਦੋ ਸੇਰੂ ਹਨ।

ਇਸ ਮੰਜੇ ਨੂੰ ਦੁਬਿਧਾ ਰੂਪੀ ਦੌਣ ਪਾ ਕੇ ਕੱਸਿਆ ਹੈ। ਹੰਕਾਰ ਰੂਪੀ ਮੱਲ ਵਿੱਚ ਉਹ ਦੌਣ ਪਈ ਹੋਈ ਹੈ। ਇਸ ਸਰੀਰ ਰੂਪ ਮੰਜੇ ਦੇ ਚਾਰ ਪਾਵੇ ਹਨ। ਉੱਚੀ ਕੁਲ ਦਾ ਅਭਿਮਾਨ, ਸਰੀਰ ਦੇ ਬਲ ਦਾ ਅਭਿਮਾਨ, ਸੁੰਦਰਤਾ ਦਾ ਅਭਿਮਾਨ, ਧਨ ਵਿਦਿਆ ਦਾ ਅਭਿਮਾਨ।

ਦੋਹਰਾ-ਚਾਰ ਪਾਉ ਇਸਕੇ ਕਰੇ ਗੁਨੀਜਨ ਕਰਤ ਬਖਾਂਨ ਉਚ-ਕੁਲ ਨਿਜ, ਬਲ-ਸੁੰਦਰਤਾ, ਧਨ, ਵਿਦਿਆ, ਅਭਿਮਾਨ।

ਇਹ ਹਨ ਸਰੀਰ ਰੂਪੀ ਮੰਜੇ ਦੇ ਚਾਰ ਪਾਵੇ। ਸੋ ਇਉਂ ਮਨ ਰੂਪ ਕੁੱਕੜ ਨੂੰ ਮਾਰਕੇ ਪ੍ਰਮੇਸ਼ਵਰ ਦੀ ਪ੍ਰਾਪਤੀ ਕਰਨੀ ਹੈ। ਜਗਿਆਸੂ ਇਉਂ ਮਨ ਨੂੰ ਮਾਰ ਲੈਂਦੇ ਹਨ। ਉਸ ਕੁੱਕੜ ਨੂੰ ਮਾਰਕੇ ਤਾਂ ਰਾਜ ਮਿਲ ਜਾਂਦਾ ਸੀ। ਪ੍ਰੰਤੂ ਮਨ ਨੂੰ ਮਾਰ ਕੇ ਕੀ ਮਿਲਿਆ। ਕਬੀਰ ਜੀ ਨੇ ਕਥਨ ਕੀਤਾ ਹੈ:

**ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥**
**ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ॥**

ਭੈ: ਕਾ.

**ਰਾਮ ਕਬੀਰਾ ਏਕ ਭਏ ਹੈ ਕੋਇ ਨਾ ਸਕੈ ਪਛਾਨੀ॥**

ਰਾ. ਕ. ੯੬੯

**ਇਕ ਰੂਪ ਹੋ ਗਏ। ਪਛਾਣ ਨਹੀਂ ਹੋ ਸਕਦੀ। ਹੋਵੇ ਵੀ ਕਿਵੇਂ ?**
**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ॥**

ਧ.ਕ. ੬੯੨

ਇਉਂ ਘਾਲਣਾ ਘਾਲ ਕੇ ਮਹਾਂਪੁਰਖ ਕਰਤੇ ਨਾਲ ਅਭੇਦ ਹੋ ਜਾਂਦੇ ਹਨ। ਜਿਵੇਂ ਜਿਵੇਂ ਕਮਾਈ ਕਰਦੇ ਰਹੇ ਤਿਵੇਂ ਤਿਵੇਂ ਅਨੰਦਮਈ ਅਵਸਥਾ ਵਧਦੀ ਗਈ। ਫਿਰ ਇਕ ਰੂਪ ਹੋ ਗਏ। ਪਰ ਕਮਾਈ ਨਹੀਂ ਛੱਡੀ। ਕਰਦੇ ਰਹੇ। ਸੋ ਇਉਂ ਇਕ ਸਾਲ ਬਤੀਤ ਕੀਤਾ। ਬਾਬਾਜੀ ਕੋਲ ਜਿਸ ਵੇਲੇ ਕੋਈ ਜਗਿਆਸੂ ਆਉਂਦਾ ਸੀ ਤੇ ਉਸਨੂੰ ਸੰਬੋਧਨ ਕਰਨ ਸਮੇਂ ਆਪਣਾ ਕੋਈ ਪੁਰਾਣਾ ਬਚਨ ਦੱਸਕੇ ਕਹਿਣਾ "ਅਵਸਥਾ ਕਿਤੇ ਵਣਾ ਝਾੜਾਂ ਨਾਲ ਨਹੀਂ ਲਗੀ। ਇਹ ਤਾਂ ਜਨਮਾਂ ਜਨਮਾਂ ਦੀ ਕਮਾਈ ਹੋਵੇ ਤੇ ਫਿਰ ਕਿਸੇ ਸਮੇਂ ਨਿਰੰਕਾਰ ਦੀ ਕ੍ਰਿਪਾ ਹੋਵੇ ਤਾਂ ਜਾ ਕੇ ਇਹ ਪ੍ਰਾਪਤ ਹੁੰਦੀ ਹੈ। ਓਹ ਵੀ ਕਿਸੇ ਵਿਰਲੇ ਨੂੰ।"

**ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥**

ਸਲੋਕ ਮ. ੯

**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ।**

ਗੂਜ਼ਰੀ ਮ.ਙ.-੪੯੫

**ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ।**

ਧ.ਮ. ੬੭੧

ਚਿੰਤ, ਅਚਿੰਤ, ਸੋਚ, ਅਸੋਚ ਇਹ ਦੂੰਦ ਵਾਦ ਦੀ ਅਵਸਥਾ ਹੈ। ਮਤਲਬ ਇਥੇ ਵੀ ਮਨੋ ਲੈ ਨਹੀਂ ਹੈ। ਬ੍ਰਿਤੀ ਬ੍ਰਹਿਮਾ ਕਾਰ ਨਹੀਂ ਹੁੰਦੀ।

**ਜਹਾ ਬੋਲ ਤਹ ਅਛਰ ਆਵਾ॥**
**ਜਹ ਅਬੋਲ ਤਹ ਮਨੁ ਨ ਰਹਾਵਾ॥**
**ਬੋਲ ਅਬੋਲ ਮਧਿ ਹੈ ਸੋਈ॥**
**ਜਸ ਉਹ ਹੈਤਸ ਲਖ ਨ ਕੋਈ ॥੨॥**

**ਰਾਗ ਗਉੜੀ, ੩੪੦**

ਜਿਥੇ ਬੋਲਣਾ ਅਤੇ ਚੁਪ ਰਹਿਣਾ ਇਹ ਸਭ ਮਨ ਦੇ ਹੀ ਕੰਮ ਹਨ। ਅਸ਼ਟਾਵਕਰ ਰਿਸ਼ੀ ਨੇ ਰਾਜੇ ਜਨਕ ਨੂੰ ਉਪਦੇਸ਼ ਦੇ ਕੇ ਗਿਆਨ ਦਿੱਤਾ ਤਾਂ ਉਸ ਦੇ ਦਸਿਆ ਸੀ।

**ਨ ਵਿਅਯਪੇ ਨੇ ਏਕਾ ਗ੍ਰਯੰ ਨਾਤਿ ਬੋਧੇ ਬੋਧੇ ਨ ਮੁਢਤਾ।**
**ਨ ਸੁਖੰ ਨਚਵਾ ਦੁਖੰ ਉਪਸ਼ਾਤਸਯ ਯੋਗਿਨ ੧੦**

ਅਰਥः ਜੀਵਨ ਮੁਕਤੀ ਵਾਲੇ ਨੂੰ ਨਾ ਵਿਖੇਪ ਹੈ। ਬ੍ਰਿਤੀ ਖਿੰਡੀ ਰਹਿਣ ਦਾ ਨਾਮ ਵਿਖੇਪ ਹੈ। ਨਾ ਇਕਾਗਰਤਾ ਹੈ, ਨਾ ਗਿਆਨ ਹੈ, ਨਾ ਅਗਿਆਨ ਹੈ, ਨਾ ਸੁਖ ਹੈ, ਨਾ ਦੁਖ ਹੈ। ਇਹ ਮਨ ਨਾਲ ਹੀ ਸਬੰਧ ਰਖਦੇ ਹਨ।

**ਕ੍ਵਧਰਮ ਕ੍ਵਚਵਾਕਾਮ ਕ੍ਵਚਾਰਬਾ ਕ੍ਵਵਿਵੇਕਾ।**
**ਇੰਦ ਕ੍ਰਿਤਮਿਦੰ ਨੇਤਿ ਦ੍ਵੰ ਦੈ ਮੁਕ੍ਵਸਯ ਸੋਗਿਨ।੧੨।**

ਅਰਥः ਏਸ ਤਰਾਂ ਦੰਦ ਵਾਜ ਦੀ ਅਵਸਥਾ ਤੋਂ ਰਹਿਤ ਯੋਗੀ ਜਨ ਹੈ। ਉਸਦੇ ਧਰਮ ਅਰਥ ਕਾਮ ਮੋਖ ਵਿਵੇਕ ਕਰਤਬ ਅਕਰਤਬ ਇਹ ਮਨ ਦੇ ਕੰਮ ਹਨ।

**ਕ੍ਰਿਤਯੇ ਕਿਮਪਿ ਨੈਵਸਿ ਨਕਾਪਿ ਹ੍ਰਿਦੀ ਰੰਜਨਾ।**
**ਯਥਾ ਜੀਵਨ ਏਵਈਹ ਜੀਵਨ ਮੁਕਤਸਯ ਸੋਗਿਨ॥**

ਅਰਥः ਉਸਦਾ ਕਰਤਬ ਭੀ ਕੋਈ ਨਹੀਂ। ਨਾ ਉਸ ਨੂੰ ਕੋਈ ਵਾਸ਼ਨਾ ਹੈ। ਜੋ ਸਰੀਰ ਦੀ ਚੇਸ਼ਟਾ ਭਾਵ ਹਾਲਤ ਹੋ ਗਈ ਪਰ ਉਸ ਨੂੰ ਕੋਈ ਚਿੰਤਾ ਨਹੀਂ ਅਸ਼ਟਾ ਵਕ੍ਰ ਗੀਤਾ ਅ ੧੮ ਨ.ਹ.ਉ (੩੪੦)

**ਸ੍ਵਰਾਜਯੇ ਭੇਖਯ ਵ੍ਰਿਤਾਉ ਚ ਲਾਭਾ ਜਨੇ ਜਨੇ।**
**ਨਿਰ ਵਿਕਲਪ ਸ੍ਵਭਾਵਸਯ ਨ ਵਿਸ਼ੇਸ਼ ਅਸ਼ਤਿ ਯੋਗਿਨ।**

ਅਰਥः ਰਾਜ ਮਿਲ ਜਾਏ ਭਿਖਿਆ ਮੰਗਣੀ ਪਵੇ, ਲਾਭ ਹੋਵੇ, ਨੁਕਸਾਨ ਹੋਵੇ, ਇੱਕਲਾ ਰਹੇ, ਇਕੱਠ ਵਿਚ ਰਹੇ, ਉਸ ਲਈ ਕਿਸੇ ਵਸਤੂ ਦੀ ਖਾਸ

ਵਿਸ਼ੇਸ਼ਤਾਈ ਨਹੀਂ।

**ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ**

**ਗ:ਮ:੨, ਅੰਗ ੧੧੦੩**

**ਜੌ ਰਾਜੁ ਦੇਹਿ ਤ ਕਵਨ ਬਡਾਈ।**
**ਜੌ ਭੀਖ ਮੰਗਾਵਹਿ ਤ ਕਿਆਂ ਘਟਿ ਜਾਈ।**

**ਗੂਜਰੀ ਨਾਮ ਦੇਵ, ਅੰਗ ੫੨੫**

**ਬਸਤਾ ਤੂਟੀ ਝੂੰਪੜੀ, ਚੀਰ ਸਭਿ ਛਿੰਨਾ॥**
**ਜਾਤਿ ਨ, ਪਤਿ ਨ, ਆਦਰੋ, ਉਦਿਆਨ ਭ੍ਰਮਿੰਨਾ॥**
**ਮਿਤ੍ਰ ਨ, ਇਠ ਧਨ ਰੂਪ ਹੀਣ, ਕਿਛੁ ਸਾਕੁ ਨ ਸਿੰਨਾ॥**
**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥**
**ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁ ਪ੍ਰਸੰਨਾ।**

**ਜੈ.ਵ. ਪ ੭੦੭**

**ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥**

**ਸਿਰੀ ਮ.ਪ.੫੧**

ਜੋ ਮਾਨ ਅਭਿਮਾਨ ਵਿਚ ਰਿਹਾ, ਓਹ ਸੇਵਕ ਨਾ ਬਣ ਸਕਿਆ। ਰੱਬ ਦੇ ਪਿਆਰਿਆਂ ਦੀ ਕਿਥੋਂ ਤੱਕ ਕੋਈ ਉਸਤਤੀ ਕਰੇ। ਸਭ ਸ਼ਾਸਤਰ ਅਤੇ ਵੇਦ ਸਮੇਤ ਅਵਤਾਰਾਂ ਦੇ ਉਨ੍ਹਾਂ ਦੀ ਉਸਤਤੀ ਕਰਦੇ ਹਨ। ਕ੍ਰਿਸ਼ਨ ਜੀ ਨੇ ਅਰਜਨ ਨੂੰ ਉਪਦੇਸ਼ ਦਿੰਦਿਆ ਹੋਇਆਂ, ਉਨ੍ਹਾਂ ਦੀ ਥਾਂ ਸਿਫਤ ਕੀਤੀ ਹੈ।

**ਯਮਯ ਸਰਵੇ ਸ਼ਮਾਰੰਭਾ ਕਾਮ ਸੰਕਲਪ ਵਰਜਿਤਾ॥**
**ਗਯਾਨਾ ਗ੍ਰਿਧ ਕਰਮਾਣੂ ਤਮਾਹੂ ਪੰਡਿਤੰ ਬੁਧ॥**

ਜੋ ਸਾਰੀਆਂ ਵਾਸ਼ਨਾ ਤੋਂ ਰਹਿਤ ਹੈ, ਗਿਆਨ ਅਗਨੀ ਨਾਲ ਭਸਮ ਹੋ ਜਾਂਦੇ ਉਸਦੇ ਕਰਮ। ਐਸੇ ਪੁਰਸ਼ ਨੂੰ ਪੰਡਿਤ ਕਿਹਾ ਹੈ:

**ਸੋ ਪੰਡਿਤੁ ਜੋ ਮਨੁ ਪਰਬੋਧੈ।**

**ਗਉੜੀ ਸ.ਮ.ਪ. ਅੰਗ ੨੭੪**

ਅਰਥ : **ਸੋ ਪੰਡਿਤੁ ਜੋ ਤ੍ਰਿਹਾ ਗੁਣਾ ਕੀ ਪੰਡ ਉਤਾਰੈ॥**

**ਮਲਾਰ ਮ: ੩, ਘਰੁ ੨, ਅੰਗ ੧੨੬੧**

**ਤਯਕ੍ਵਦਾ ਕਰਮ ਫਲਾ ਸੰਗੰ ਨਿਤਯ ਤ੍ਰਿਪੋ ਨਿਰਾਮ੍ਰਯ॥**
**ਕਰਮਣੀ ਅਭਿ ਪ੍ਰਵ੍ਰਿਤੋਂ ਅਪਿ ਨੈਵ ਤ੍ਰਿਪੋ ਨਿਰਾਮ੍ਰਯ॥**

ਅਰਥः ਕਰਮ ਕਰਦਾ ਹੋਇਆ ਵੀ ਅਭਿਮਾਨ ਕੋ ਤਿਆਗ ਕੇ ਕਰਮ ਮੇ ਪ੍ਰਵਿੱਤਰ ਹੋਕੇ ਵੀ ਨਾ ਕਰਨ ਸਮਾਨ ਹੁੰਦਾ ਹੈ।ਭਾਵ ਕਰਮ ਕੀਤਾ ਨਿਸ਼ਫਲ ਹੁੰਦਾ ਹੈ ।

**ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥**
**ਯਦ੍ਰਿਸ਼ਾਲਾਭ ਸੰਤੁਸੋਟ ਦ੍ਵੰਦ੍ਵਾਤੀ ਤੋਂ ਵਿਮਤਸਰ।**
**ਸਮः ਸਿੱਧਾਵ ਸਿੱਧਊ ਚ ਕ੍ਰਿਤ੍ਵਾਪਿ ਨ ਨਿਬਧਾਯਤੇ॥**

ਅਰਥ ਆਪਣੇ ਆਪ ਜੇ ਕੁਛ ਮਿਲ ਜਾਏ ਉਸ ਵਿਚ ਹੀ ਪ੍ਰਸੰਨ ਰਹਿਣਾ। ਸ਼ੋਕ ਆਦਿ ਦ੍ਵੰਦ ਵਾਦ ਤੋਂ ਨਿਰਲੇਪ ਰਹਿਣਾ ਮਤਸਰ ਤੇ ਈਰਖਾ ਤੋਂ ਰਹਿਤ ਰਿਧੀਆਂ ਸਿਧੀਆਂ ਕਰਕੇ ਯਾ ਨਾ ਕਰਕੇ ਫਿਰ ਵੀ ਅਨੰਦ ਕਹਿਣਾ। ਜੋ ਕਰਮ ਕਰੇ ਤਾਂ ਬੰਧਨ ਵੀ ਕੋਈ ਨਹੀਂ

**ਛਾਦਨ ਭੋਜਨ ਕੀ ਆਸ ਨ ਕਰਈ,**
**ਅਚਿੰਤੁ ਮਿਲੈ ਸੋ ਪਾਏ।** ਮਾਰੂ ਮ ੧ (੧੦੧੪)
**ਮਾਈ ਰੀ ਮਨੁ ਮੇਰੋ ਮਤਵਾਰੋ॥**
**ਪੇਖਿ ਦਇਆਲ ਅਨਦ ਸੁਖ ਪੂਰਨ**
**ਹਰਿ ਰਸਿ ਰਪਿਓ ਖੁਮਾਰੋ॥੧॥ ਰਹਾਉ॥**
**ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ॥**
**ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖ ਅਪਾਰੋ॥੧॥**
**ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ॥**
**ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾ ਤਾਰੋ॥**
ਸਾਰੰਗ. ਮ. ਪ. (੧੨੨੫)

ਐਸੇ ਸਨ ਮਹਾਂ ਪੁਰਖ ਸਰਬ ਉਪਮਾ ਯੋਗ ਸ਼੍ਰੀ ਮਾਨ ੧੦੮ ਬਾਬਾ ਮਹਾਂ ਹਰਿਨਾਮ ਸਿੰਘ ਜੀ।

**(ਸਵੈਯਾ)**

**ਜਿਹ ਨਾਮ ਉਚਾਰ ਤਰੀ ਗਨਕਾ, ਜਿਨ ਨਾਮ ਅਜਾਮਲ ਪਤਿਤ ਉਧਾਰੇ**
**ਜਿਹ ਨਾਮ ਸਿਮਰ ਛੁਟਿਓ ਗਜ ਗ੍ਰਾਹ ਤੇ ਧਰੂ ਪ੍ਰਹਿਲਾਦ ਅਸੰਖ ਉਧਾਰੇ**
**ਪਾਹਨ ਸਿੰਧ ਮੈਂ ਨਾਮ ਪ੍ਰਾਪਤ ਤੇ ਤਰਵਰ ਕੇ ਪਾਹਨ ਸਮ ਤਾਰੇ**
**'ਹਰਿਨਾਮੁ ਹਰੀ' ਹਰ ਨਾਮੁ ਪ੍ਰਤਾਪ ਤੇ ਕਲ ਮਹਿ ਜੀਵ ਅਨੋਕਹਿ ਤਾਰੇ॥**

ਜਿਨ੍ਹਾਂ ਨੇ ਸੰਸਾਰ ਵਿਚ ਆ ਕੇ ਐਨੀ ਕਠਨ ਕਮਾਈ ਕਰਕੇ ਤੇ ਫਿਰ ਆਪਣੇ ਆਪ ਨੂੰ ਛੁਪਾ ਕੇ ਰਖਿਆ, ਇਹੋ ਜਿਹੇ ਥਾਂ ਆਸਣ ਲਾਇਆ ਕੋਈ ਜਾਣ ਹੀ ਨਹੀਂ ਸਕਿਆ। ਜਿਥੇ ਟਿਕੇ ਉਥੇ ਵੀ ਵਿਰਲੇ ਹੀ ਪ੍ਰੇਮੀ ਦਰਸ਼ਨ ਕਰਨ ਆਉਂਦੇ ਸਨ। ਕਿਸੇ ਨੂੰ ਖਾਸ ਪਤਾ ਨਹੀਂ ਹੋਣ ਦਿੱਤਾ। ਪਰ ਹਾਂ, ਜੋ ਬਚਨ ਮੰਨ ਕੇ ਬਹਿ ਗਿਆ ਉਸ ਨੇ ਸਭ ਕੁਝ ਪ੍ਰਾਪਤ ਵੀ ਕਰ ਲਿਆ। ਪਰ ਸੰਸਾਰ ਵਿੱਚ ਇਉਂ ਰਹੇ ਜਿਵੇਂ ਕੋਈ ਸਮਝ ਹੀ ਨਾ ਸਕੇ।

## ਭਗਤੇ ਪਹੁੰਚਨਾ

ਇਸ ਥਾਂ ਤੇ ਇੱਕ ਸਾਲ ਟਿਕਣ ਤੋਂ ਬਾਅਦ ਇਥੋਂ ਚਲਦੇ ਚਲਦੇ ਭਗਤੇ ਪਹੁੰਚ ਗਏ। ਭਗਤੇ ਵਿਚ ਭਾਈ ਹੀਰਾ ਸਿੰਘ ਜੀ, ਭਾਈ ਚੰਚਲ ਸਿੰਘ ਜੀ ਤੇ ਭਾਈ ਦਿੱਤਾ ਸਿੰਘ ਜੀ, ਭਾਈ ਬਹਿਲੋ ਦੇ ਖਾਨਦਾਨ ਵਿੱਚੋਂ ਸਨ। ਪੱਤੀ ਸੇਲਵਰ੍ਹਾਇਆ ਦੇ ਵਿੱਚ ਸਨ। ਤਿੰਨੇ ਹੀ ਸਕੇ ਭਾਈ ਸਨ। ਪਹਿਲੋ ਪਹਿਲ ਪਿੰਡ ਦੇ ਨੇੜੇ ਇਕ ਛੱਪੜ ਸੀ। ਉਸ ਦੇ ਕਿਨਾਰੇ ਤੇ ਆਸਣ ਲਾਇਆ। ਕੁਝ ਦਿਨਾਂ ਬਾਅਦ ਭਾਈ ਹੀਰਾ ਸਿੰਘ ਜੀ ਬਾਬਾ ਜੀ ਦੇ ਦਰਸ਼ਨ ਕਰਕੇ ਜਲ ਪਾਣੀ ਦੀ ਸੇਵਾ ਕਰਨ ਲਈ ਘਰ ਲੈ ਆਏ ਤੇ ਆਪ ਜੀ ਨੇ ਕੜਾਹ ਪ੍ਰਸ਼ਾਦ ਦੀ ਰਸਦ ਮੰਗੀ। ਉਨ੍ਹਾਂ ਨੇ ਦੇ ਦਿੱਤੀ। ਬਾਬਾ ਜੀ ਨੇ ਉਨ੍ਹਾਂ ਦੇ ਘਰ ਹੀ ਕੜਾਹ ਪ੍ਰਸ਼ਾਦ ਆਪੇ ਬਣਾ ਕੇ ਅੰਦਰ ਹੀ ਸਾਰਾ ਛੱਕ ਗਏ ਅਤੇ ਬਰਤਨ ਸਾਫ ਕਰਕੇ ਬਾਹਰ ਨੂੰ ਚਲੇ ਗਏ। ਉਸ ਤੋਂ ਪਿਛੋਂ ਦੁੱਧ ਛਕੌਣ ਦੀ ਸੇਵਾ ਕਰਦੇ ਰਹੇ। ਦੁੱਧ ਵੀ ਛੱਕਦੇ ਸਨ। ਇਹਨਾ ਤਿੰਨਾ ਭਾਈਆਂ ਵਿੱਚੋਂ ਬਾਬਾ ਹੀਰਾ ਸਿੰਘ ਨਿਤ ਪ੍ਰਤੀ ਦੁੱਧ ਲੈ ਕੇ ਜਾਂਦਾ ਹੁੰਦਾ ਸੀ। ਜਿਤਨਾ ਦੁੱਧ ਭਾਈ ਹੀਰਾ ਸਿੰਘ ਨੇ ਲੈ ਕੇ ਜਾਣਾ ਬਾਬਾ ਜੀ ਨੇ ਸਾਰਾ ਹੀ ਛੱਕ ਲੈਣਾ। ਇਕ ਦਿਨ ਬਾਬਾ ਹੀਰਾ ਸਿੰਘ ਨੂੰ ਫੁਰਨਾ ਹੋਇਆ ਕਿ ਸ਼ਾਇਦ ਬਾਬਾ ਜੀ ਦੁੱਧ ਨਾਲ ਤ੍ਰਿਪਤ ਨਹੀਂ ਹੁੰਦੇ। ਇਹ ਸੋਚ ਕੇ ਉਨ੍ਹਾਂ ਨੇ ਆਪਣੇ ਦੂਸਰੇ ਭਾਈਆਂ ਤੋਂ ਦੁੱਧ ਲੈ ਕੇ ਇਕ ਟੋਕਣੀ (ਜਿਸਨੂੰ ਵਲਟੋਹੀ ਵੀ ਕਹਿੰਦੇ ਹਨ, ਉਸ ਦਾ ਤਕਰੀਬਨ ਵੀਹ ਕੁ ਸੇਰ ਵਜਨ ਹੋਏਗਾ) ਭਰਕੇ ਬਾਬਾ ਜੀ ਪਾਸ ਪਹੁੰਚ ਗਏ। ਬਾਬਾ ਜੀ ਨੇ ਉਸ ਦੇ ਬੈਠੇ ਬੈਠੇ ਸਾਰਾ ਦੁੱਧ ਛੱਕ ਲਿਆ। ਬਾਬਾ ਹੀਰਾ ਸਿੰਘ ਹੈਰਾਨ ਹੋ ਗਏ। ਸਭ ਕੁਝ ਵੇਖ ਕੇ ਬੋਲੇ "ਸਾਧਾ, ਤੇਰੇ ਭੂਤ ਵਸ ਕੀਤੇ ਹਨ ਐਨਾ ਦੁੱਧ ਪੀ ਗਿਆ ਹੈਂ ?" ਬਾਬਾ ਜੀ ਨੇ ਹੱਸ ਕੇ ਉੱਤਰ ਦਿੱਤਾ "ਹਾਂ। ਕੀ ਤੂੰ ਵੇਖਣਾ ਚਾਹੁੰਦਾ ਹੈਂ ?" ਬਾਬਾ ਹੀਰਾ

ਸਿੰਘ ਨੇ ਕੁਝ ਗੁੱਸੇ ਦੇ ਲਹਿਜੇ ਵਿਚ ਕਿਹਾ, "ਵਿਖਾ ਦੇਈਂ।" ਇਉਂ ਕਹਿਕੇ ਬਾਬਾ ਹੀਰਾ ਸਿੰਘ ਘਰ ਨੂੰ ਆ ਗਏ। ਕੁਝ ਦਿਨਾਂ ਬਾਅਦ ਬਾਬਾ ਹੀਰਾ ਸਿੰਘ ਹੋਰੀ ਜੰਗਲ, ਮੈਦਾਨ ਬਾਹਰ ਗਏ। ਜਦੋਂ ਬਾਬਾ ਹੀਰਾ ਸਿੰਘ ਜੰਗਲ ਹੋ ਕੇ ਉਠੇ ਤਾਂ ਕੀ ਵੇਖਦੇ ਹਨ, ਇੱਕ ਦਸ ਗਿਆਰਾਂ ਸਾਲ ਦੀ ਉਮਰ ਦਾ ਲੜਕਾ ਜਿਸ ਦੀਆਂ ਸਿਰ ਤੋਂ ਬਾਵਰੀਆਂ ਖੁਲ੍ਹੀਆਂ ਹਨ ਤੇ ਉੱਚੀ-ਉੱਚੀ ਰੌਲਾ ਪਾਉਂਦਾ ਬਾਬਾ ਹੀਰਾ ਸਿੰਘ ਵੱਲ ਭੱਜ ਕੇ ਆ ਰਿਹਾ ਅਤੇ ਕਿਹਾ "ਬਚਾਈਂ, ਬਾਬਾ।" ਉਸ ਨੇ ਇਹ ਸਮਝ ਕੇ ਇਸ ਲੜਕੇ ਨੂੰ ਹੋਰ ਮੁੰਡੇ ਮਾਰਦੇ ਹੋਣਗੇ ਆਪਣੇ ਕੋਲ ਬੁਲਾ ਲਿਆ। ਉਸ ਮੁੰਡੇ ਨੇ ਆ ਕੇ ਪਹਿਲਾਂ ਤਾਂ ਲੱਕ ਨੂੰ ਜੱਫੀ ਪਾ ਲਈ। ਫਿਰ ਪਿਛਲੇ ਪਾਸੇ ਇਕ ਜ਼ੋਰ ਦਾ ਪੰਜਾ ਮਾਰਿਆ ਜਿਸ ਦੇ ਨਿਸ਼ਾਨ ਪੂਰੀ ਤਰ੍ਹਾਂ ਸਰੀਰ ਤੇ ਖਲੋ ਗਏ ਅਤੇ ਸੁੱਧ ਬੁੱਧ ਭੁੱਲ ਗਈ। ਪਿਛਾਂਹ ਪਰਤ ਦੇਖਿਆ ਤਾਂ ਉਥੇ ਕੁਝ ਨਹੀਂ ਸੀ। ਇਸੇ ਹਾਲਤ ਵਿੱਚ ਘਰ ਨੂੰ ਆ ਗਏ। ਜਦੋਂ ਘਰ ਵਾਲਿਆਂ ਨੇ ਪੁਛਿਆ ਤਾਂ ਕੇਵਲ ਇਤਨਾ ਹੀ ਕਿਹਾ "ਜੋ ਕੁਝ ਹੋਣਾ ਸੀ ਹੋ ਗਿਆ। ਹੁਣ ਮੈਂ ਬਚ ਨਹੀਂ ਸਕਦਾ।" ਥੋੜੇ ਦਿਨਾਂ ਬਾਅਦ ਇਹ ਬਾਬਾ ਹੀਰਾ ਸਿੰਘ ਜੀ ਸੁਰਗਵਾਸ ਹੋ ਗਏ। ਇਸ ਤੋਂ ਬਾਅਦ ਇਸ ਪਰੀਵਾਰ ਨੇ ਬਾਬਾ ਜੀ ਦੀ ਇਛਾ ਅਨੁਸਾਰ ਗੱਡੇ ਤੇ ਬਿਠਾ ਕੇ ਬਾਬਾ ਮਹਾ ਹਰਿਨਾਮ ਸਿੰਘ ਜੀ ਨੂੰ ਸਿਰੀਏ ਵਾਲੇ ਛੱਡ ਦਿੱਤਾ।

## ਵਿਚਾਰ

ਮਹਾਂ ਪੁਰਖ ਦੀ ਬਿਰਤੀ ਪ੍ਰਮੇਸ਼ਵਰ ਵਿੱਚ ਲੀਨ ਹੁੰਦੀ ਹੈ। ਕਿਸੇ ਸਮੇਂ ਵੀ ਉਸ ਅਨੰਦ ਵਿਚੋਂ ਬਿਰਤੀ ਪੁਟਦੇ ਨਹੀਂ। ਸਰੀਰਕ ਕ੍ਰਿਆ ਬੋਲਣ ਚਾਲਣ ਸੁਤੇ ਸਿਧ ਹੀ ਹੁੰਦਾ ਰਹਿੰਦਾ ਹੈ। ਜੇ ਕਿਸੇ ਪ੍ਰੇਮੀ ਨਾਲ ਵੀ ਕਿਸੇ ਕਿਸਮ ਦਾ ਕੋਈ ਬਚਨ ਹੁੰਦਾ ਹੈ, ਉਹ ਉਸਦੀ ਭਾਵਨਾ ਦੇ ਅਨੁਸਾਰ ਹੀ ਹੋ ਜਾਂਦਾ ਹੈ। ਵਰ ਅਤੇ ਸਰਾਪ ਮਨ ਦੇ ਕੰਮ ਹਨ। ਗੁੱਸੇ ਵਿੱਚ ਆਕੇ ਸਰਾਪ ਖੁਸ਼ੀ ਵਿੱਚ ਆ ਕੇ ਵਰ। ਬਾਬਾ ਹੀਰਾ ਸਿੰਘ ਜੀ ਦੇ ਮਨ ਅਨੁਸਾਰ ਹੀ ਇਹ ਗੱਲ ਵਰਤੀ। ਮਹਾਂ ਪੁਰਖ ਦਾ ਦਰਸ਼ਨ ਜਾਂ ਸੇਵਾ ਕਰਨ ਦੇ ਮੌਕਾ ਮਿਲੇ ਤਾਂ ਕੀ ਮੰਗੀਏ। ਸਤਿਗੁਰ ਕਥਨ ਕਰਦੇ ਹਨ :

**ਪੂਛਉ ਸੰਤ ਮੇਰੋ ਠਾਕੁਰੁ ਕੈਸਾ।** (ਸਾਰੰਗ ਛੰ: ਮ: ੫, ਅੰਗ ੧੨੩੭)

ਮਹਾਂਪੁਰਖਾਂ ਤੋਂ ਭਾਵਨਾ ਅਨੁਸਾਰ ਫਲ ਮਿਲਦਾ ਹੈ। ਜਿੰਨ੍ਹਾਂ ਕੋਲ ਰੱਬ

ਨਾਲ ਮਿਲਾਪ ਕਰਾਉਣ ਦੀ ਸਤਿਆ ਹੈ, ਉਨ੍ਹਾਂ ਲਈ ਭੁਤ ਵਿਖਾ ਦੇਣੇ ਕੋਈ ਵੱਡੀ ਗੱਲ ਨਹੀਂ। ਸੁਤੇ ਸਿਧ ਹੀ ਕੀਤਾ ਬਚਨ ਅਟੱਲ ਹੋ ਗਿਆ। ਤੇ ਕੁਝ ਸਮਾਂ ਵੀ ਨਹੀਂ ਲੱਗਿਆ। ਸੋ ਮਹਾਂ ਪੁਰਖ ਦੀ ਸੇਵਾ ਕਰਨ ਵਾਲੇ ਦੇ ਮਨ 'ਚ ਜੋ ਫੁਰਨਾ ਬਣਿਆ, ਮਹਾਂਪੁਰਖ ਦੇ ਬਚਨ ਅਨੁਸਾਰ ਤੱਤਕਾਲ ਹੀ ਪੂਰਾ ਹੋ ਗਿਆ। ਸੇਵਾ ਕਰਨ ਵਾਲਿਆਂ, ਉਤੇ ਸੇਵਾ ਵਿੱਚ ਲੱਗਿਆ ਐਸੇ ਕਈ ਮੌਕੇ ਆਉਂਦੇ ਹਨ। ਇਕ ਮੌਕਾ ਉਹ ਵੀ ਆਉਂਦਾ ਹੈ ਜਦੋਂ ਮਹਾਂਪੁਰਖ ਉਪਦੇਸ਼ ਕਰਦੇ ਹਨ। ਉਹ ਉਪਦੇਸ਼ ਸੁਨਣ ਵਾਲੇ ਦੇ ਹਿਰਦੇ ਤੇ ਉਕਰਿਆ ਜਾਂਦਾ ਹੈ। ਸਾਨੂੰ ਉਸ ਸਮੇਂ ਦਾ ਪਤਾ ਨਹੀਂ। ਪ੍ਰੰਤੂ ਮਹਾਂ ਪੁਰਖ ਜਾਣਦੇ ਹੁੰਦੇ ਹਨ ਉਸ ਵਕਤ ਨੂੰ। ਮਹਾਂ ਪੁਰਖ ਉਪਦੇਸ਼ ਕਰਦੇ ਹਨ, ਸੰਗਤ ਬੇ-ਸ਼ਕ ਕਿਤਨੀ ਬੈਠੀ ਹੋਵੇ। ਜਿਸ ਦੇ ਪਰਥਾਂਇ ਹੋਇਗਾ ਉਸ ਦੇ ਹਿਰਦੇ ਵਿੱਚ ਹੀ ਵਸੇਗਾ। ਇੱਕ ਮਨ ਦੀ ਇਹ ਵੀ ਅਵਸਥਾ ਹੈ ਕਿ ਆਪਣੇ ਆਪ ਹੀ ਕੋਈ ਚਿਤਵਨੀ ਕਰ ਲੈਣੀ ਤੇ ਉਹ ਉਸੇ ਵਕਤ ਪੂਰੀ ਹੋ ਜਾਣੀ। ਕਈ ਵਾਰ ਸੇਵਕ ਸੇਵਾ ਕਰਨ ਵਾਲੇ ਦੀ ਚਿਤਵਨੀ ਇਹੋ ਬਣਦੀ ਹੈ ਤੇ ਪੂਰੀ ਹੋ ਜਾਂਦੀ ਹੈ। ਜਿਵੇਂ ਰਾਜਾ ਜਨਕ ਨੇ ਆਪਣੇ ਸੇਵਕ ਨੂੰ ਹੁਕਮ ਦਿੱਤਾ "ਹਿਮਾਲੇ ਤੋਂ ਪਾਣੀ ਲੈ ਕੇ ਆ।" ਉਹ ਚਲਾ ਗਿਆ ਰਸਤੇ ਵਿੱਚ ਜਾਂਦੇ ਹੋਏ ਨੇ ਸੋਚਿਆ ਕਿ ਮੈਂ ਰਾਜਾ ਹੁੰਦਾ ਤਾਂ ਆਪਣੀ ਇਛਾ ਅਨੁਸਾਰ ਜਿਥੋਂ ਚਿਤ ਕਰਦਾ ਉਥੋਂ ਚੀਜ਼ ਮੰਗ ਲੈਂਦਾ। ਜਨਕ ਅੰਤਰਯਾਮੀ ਜਾਣ ਗਏ। ਜਿਸ ਵਕਤ ਜਲ ਆਇਆ ਜਲ ਛੱਕ ਕੇ ਜਨਕ ਪ੍ਰਸੰਨ ਹੋਇਆ। ਤੇ ਸੇਵਕ ਨੂੰ ਕਿਹਾ "ਮੈਂ ਤੈਨੂੰ ਰਾਜ ਭਾਗ ਬਖਸ਼ਿਆ।" ਜਨਕ ਜੀ ਬੋਲੇ "ਜਦੋਂ ਤੈਨੂੰ ਅਸੀਂ ਜਲ ਲੈਣ ਭੇਜਿਆ ਸੀ ਜਿਹੜਾ ਤੂੰ ਉਂਦੋ ਫੁਰਨਾ ਕੀਤਾ ਸੀ ਪਹਿਲਾਂ ਓਹ ਪੂਰਾ ਕਰਕੇ ਫਿਰ ਮੁਕਤੀ ਮਿਲੇਗੀ ਅਤੇ ਮੁਕਤੀ ਦੇਣ ਲਈ ਤੈਨੂੰ ਗੁਰੂ ਨਾਨਕ ਦਾ ਮਿਲਾਪ ਹੋਇਗਾ ਕਲਜੁਗ ਦੇ ਸਮੇਂ ਵਿੱਚ।" ਸੋ ਇਵੇਂ ਹੀ ਹੋਇਆ। ਦੇਖੋ ਨਾਨਕ ਪ੍ਰਸੰਗ ਰਾਜੇ ਕੰਵਲ ਨੈਨ ਦੇ ਪ੍ਰਸੰਗ ਵਿੱਚ ਸਫਾ ੬੧੨ ਅ: ੫੬

ਐਸੀ ਅਵਸਥਾ ਵੀ ਆਉਂਦੀ ਹੈ ਜੋ ਫੁਰਨਾ ਬਣ ਗਿਆ ਉਹ ਪੂਰਾ ਹੋ ਗਿਆ। ਉਸ ਤੋਂ ਬਾਅਦ ਭਾਈ ਹੀਰਾ ਸਿੰਘ ਜੀ ਦੇ ਖਾਨਦਾਨ ਵਾਲੇ ਬਾਬਾ ਜੀ ਪਾਸ ਆਉਂਦੇ ਰਹੇ। ਉਨ੍ਹਾਂ ਦਾ ਬਾਬਾ ਜੀ ਬੜਾ ਮਾਨ ਕਰਦੇ ਰਹੇ ਅਤੇ ਕਹਿਣਾ ਤੁਸੀਂ ਭਾਈ ਕੇ ਹੋ, ਬੜੇ ਵੱਡੇ ਹੋ।

(ਇਹ ਪ੍ਰਸੰਗ ਬਾਬਾ ਨਰੈਣ ਸਿੰਘ ਜੀ ਅਤੇ ਮਾਸਟਰ ਕਰਨੈਲ ਸਿੰਘ ਤੋਂ ਮਿਲਿਆ।)

# ਸਿਰੀਏ ਵਾਲੇ ਦੀ ਵਾਰਤਾ

ਸਿਰੀਏ ਵਾਲੇ ਪਿੰਡ ਦੇ ਚੜ੍ਹਦੇ ਪਾਸੇ ਬਾਹਰ ਇਕ ਬੇਰੀ ਸੀ। ਉਸ ਦੇ ਹੇਠ ਨਿਵਾਸ ਕੀਤਾ। ਕਈ ਪ੍ਰੇਮੀ ਦਰਸ਼ਨ ਕਰਨ ਆਉਂਦੇ ਰਹੇ। ਇਥੇ ਜਿਨ੍ਹਾਂ ਪ੍ਰੇਮੀਆਂ ਨੇ ਸੇਵਾ ਕੀਤੀ ਉਹ ਤਿੰਨ ਬ੍ਰਾਹਮਣ ਭਰਾ ਸਨ। ਦੋ ਰਾਮ ਗੜ੍ਹੀਏ (ਭਾਵ ਮਿਸਤ੍ਰੀ ਸਨ) ਰੁਲੀਆ ਰਾਮ, ਹਰਨਾਮ ਅਤੇ ਛੋਟਾ ਤੁਲਸੀ ਇਹ ਬ੍ਰਾਹਮਣ ਸਨ। ਕੰਘੇ ਘਾੜਾ ਕਾਹਨ ਸਿੰਘ ਵੱਡਾ, ਫੂਲਾ ਸਿੰਘ ਕਵੀਸ਼ਰ ਛੋਟਾ। ਇਨਾਂ ਦਾ ਪਿਛਾ ਮਾਝੇ ਦਾ ਹੋਣ ਕਰਕੇ ਮਝੈਲ ਕਹਿੰਦੇ ਸਨ। ਨਾਨਕੀ ਢੇਰੀ ਤੇ ਰਹਿੰਦੇ ਸਨ। ਇਥੇ ਤਕਰੀਬਨ ਚੇਤ ਦੇ ਮਹੀਨੇ ਆਏ। ਢਿਲਵਾਂ ਦੇ ਖੇਤ ਵਿੱਚ ਰਹੇ। ਪ੍ਰੇਮੀਆਂ ਛੱਪਰੀ ਬੰਨ ਦਿੱਤੀ। ਉਪਰ ਦੱਸੇ ਹੋਏ ਪ੍ਰੇਮੀਆਂ, ਵਿਚੋਂ ਕੋਈ ਪ੍ਰਸ਼ਾਦ ਪਾਣੀ ਦੇ ਜਾਂਦਾ ਸੀ। ਇਥੇ ਬਾਬਾ ਜੀ ਕੋਲ ਪਿੱਤਲ ਦੀ ਬਾਟੀ ਸੀ। ਸਭ ਕਿਸਮ ਦੇ ਭੋਜਨ ਉਸੇ ਵਿੱਚ ਇੱਕਠਾ ਕਰਕੇ ਛਕ ਲੈਂਦੇ ਸਨ ਅਤੇ ਹਰ ਵਕਤ ਮੂੰਹ ਉਤੇ ਕਪੱੜਾ ਰੱਖਣਾ, ਕਿਸੇ ਨਾਲ ਕੋਈ ਖਾਸ ਗੱਲ ਨਹੀਂ ਕਰਨੀ। ਹੋਰ ਕਈ ਨਗਰ ਵਾਲਿਆਂ ਨੇ ਜੋ ਕਿਤੇ ਕੋਈ ਗੱਲ ਕਰਨੀ, ਕਿਤੇ ਕੋਈ ਉੱਤਰ ਦੇਣਾ ਕਿਤੇ ਚੁੱਪ ਕਰ ਜਾਣਾ।

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥**
**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥**

**ਆਸਾ ਵਾਰ, ਅੰਗ ੪੭੩**

ਬੇਪ੍ਰਵਾਹ ਹੀ ਰਹਿੰਦੇ ਸਨ। ਇਥੋਂ ਭਾਈ ਨੰਦ ਲਾਲ ਸਾਹਿਬ ਦੇ ਇਸ ਸ਼ੇਅਰ ਨੂੰ ਬਾਬਾ ਜੀ ਦੀ ਅਵਸਥਾ ਨਾਲ ਮਿਲਦਾ ਵੇਖਕੇ ਅਪਣੀ ਸਮਝ ਅਨੁਸਾਰ ਲਿਖਦਾ ਹਾਂ :

**ਮਾਰ ਦਰ ਮੰਜਿਲ ਜਾਨਾ ਹਮਾ ਐਸੋ ਹਮਾ ਸ਼ਾਦੀ ॥**
**ਜਰਸ ਬੇ-ਹੂਦਰ ਮੇ-ਨਾਲਦ ਕੂਜਾ ਬੰਦੇਮ ਮਹਮਿਲਹਾ ॥**
**ਮੰਜਲ ਮਿਤ੍ਰ ਦੀ ਮੈਨੂੰ ਖੁਸ਼ੀਆਂ ਇਹ ਰਸਤਾ ਮਨ ਭਾਵੇ ਸ਼ਾਤੀ ਆਵੇ**
**ਬ-ਫਾਇਦਾ ਘੜਿਆਲ ਵਜੰਦਾ ਲੱਦਾ ਕਿਥੇ ਕਚਾਵੇ-ਝੂਠੇ ਧਾਵੇ।**

ਪੁਰਾਣੇ ਸਮੇਂ ਇਹ ਰਿਵਾਜ ਹੁੰਦਾ ਸੀ। ਜਿਹੜੇ ਲੋਕਾਂ ਨੇ ਕਿਤੇ ਜਾਣਾ ਹੁੰਦਾ ਸੀ, ਉਹ ਇੱਕਠੇ ਹੋ ਕੇ ਤੁਰਦੇ ਸਨ। ਰਾਤ ਨੂੰ ਜਿਥੇ ਟਿਕਾਣਾ ਕਰਨਾ, ਉਥੇ ਸਵੇਰੇ ਤੁਰਨ ਤੋਂ ਕੁਝ ਸਮਾਂ ਪਹਿਲਾਂ ਘੜਿਆਲ ਵੱਜਦਾ ਹੁੰਦਾ ਸੀ। ਜਿਸਦਾ ਮਤਲਬ ਹੁੰਦਾ ਸੀ ਕਿ ਕਾਫਲੇ ਦੇ ਤੁਰਨ ਦਾ ਸਮਾਂ ਹੋ ਗਿਆ। ਉਸੇ ਵਕਤ ਸਭ ਮੁਸਾਫਿਰ ਆਪੋ ਆਪਣਾ ਸਮਾਨ ਬੰਨ੍ਹ ਕੇ ਤੁਰਨ ਲਈ ਤਿਆਰ ਹੋ ਜਾਂਦੇ ਸਨ। ਸੋ ਭਾਈ ਸਾਹਿਬ ਨੇ ਕਥਨ ਕੀਤਾ ਹੈ। ਰੱਬ ਦੇ ਰਸਤੇ ਤੁਰਨਾ ਹੀ ਮੇਰੀ ਜ਼ਿੰਦਗੀ ਦਾ ਨਿਸ਼ਾਨਾ ਹੈ, ਹੋਰ ਦੁਨੀਆਂਦਾਰੀ ਕੰਮ ਕਰਨ, ਮਾਇਕ ਵਸੀਲੇ ਮੇਰੇ ਮਨ ਨੂੰ ਖਿੱਚ ਨਹੀਂ ਪਾਉਂਦੇ। ਮੇਰਾ ਆਉਣਾ ਜਾਣਾ ਭਰਮਣਾ ਭਟਕਨਾ ਸਭ ਖਤਮ ਹੋ ਗਿਆ ਹੈ।

**ਆਵਣ ਜਾਣੁ ਰਹਿਓ ॥**

**ਮਾਰੂ ਮ: ੫, ਅੰਗ ੧੦੦੨**

**ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ ॥**
**ਸਦਾ ਅਨੰਦੁ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ**

**ਰਾਮਕਲੀ ਮ: ੫**

ਸੋ ਇਉਂ ਸਮਾਂ ਬਤੀਤ ਕੀਤਾ ਸਿਰੀਏ ਵਾਲੇ। ਬਾਬਾ ਜੀ ਕੋਲ ਇੱਕ ਮਹਿਰਾ ਪਾਣੀ ਲੈ ਕੇ ਆਉਂਦਾ ਹੁੰਦਾ ਸੀ। ਉਸ ਨੇ ਕਿਤੇ ਪਾਣੀ ਲੈ ਕੇ ਆਏ ਨੇ ਕੀ ਵੇਖਿਆ "ਸੰਤ ਸਰੀਰ ਛੱਡ ਗਏ।" ਅਸਲ ਵਿੱਚ ਆਪ ਪਏ ਹੋਏ ਹੀ ਸਮਾਧੀ ਲੀਨ ਸਨ। ਉਸ ਨੇ ਵੇਖ ਕੇ ਪਿੰਡ ਜਾ ਕੇ ਗੱਲ ਕੀਤੀ। ਸੁਣ ਕੇ ਹੋਰ ਲੋਕ ਵੀ ਆ ਗਏ ਵੇਖ ਕੇ ਵਿਚਾਰ ਕਰਨ ਲੱਗੇ ਕਿ ਹੁਣ ਕੀ ਕਰੀਏ। ਕੋਈ ਕੁਛ ਕਹੇ ਤੇ ਕੋਈ ਕੁਛ। ਅਖੀਰ ਉਨ੍ਹਾਂ ਨੇ ਸਲਾਹ ਕੀਤੀ ਕਿ ਇਨ੍ਹਾਂ ਨੂੰ ਮੰਜੇ ਤੇ ਪਾਕੇ ਕਿਤੇ ਦੂਰ ਛੱਡ ਆਓ। ਜਿਸ ਵਕਤ ਇਹ ਵਿਉਂਤ ਬਣਾਈ ਕੁਦਰਤੀ ਬਾਬਾ ਜੀ ਨੇ ਸਮਾਧੀ ਖੋਲ੍ਹੀ ਤੇ ਉਠਕੇ ਬੈਠ ਗਏ। ਉਹ ਵੇਖ ਕੇ ਹੈਰਾਨ ਹੋ ਗਏ ਤੇ ਹੌਲੀ ਹੌਲੀ ਉਠ ਕੇ ਘਰਾਂ ਨੂੰ ਚਲੇ ਗਏ।

ਇਹ ਬਚਨ ਸੇਮੇ ਨਗਰ ਦੇ ਇਕ ਸਿੰਘ ਨੇ ਦੱਸਿਆ ਹੈ ਤੇ ਕੁਝ ਦਿਨਾਂ ਬਾਅਦ ਇਕ ਦਿਨ ਆਪ ਬੈਠੇ ਸਨ। ਪਿੜਾ ਦਾ ਮੌਕਾ ਸੀ। ਕੁਝ ਪੰਜ ਸੱਤ ਮੁੰਡੇ ਇੱਕਠੇ ਹੋ ਕੇ ਆ ਗਏ। ਪਹਿਲਾਂ ਤਾਂ ਬੈਠੇ ਗੱਲਾਂ ਕਰਦੇ ਰਹੇ ਫਿਰ ਕਹਿਣ ਲੱਗੇ "ਸੰਤ ਜੀ ਤੁਸੀਂ ਮੂੰਹ ਤੋਂ ਕਪੜਾ ਲਾਹ ਕੇ ਸਾਨੂੰ ਦਰਸ਼ਨ ਦਿਓ। ਤੁਸੀਂ ਹਰ ਵਕਤ ਆਪਣਾ ਮੁੱਖ ਢੱਕ ਕੇ ਕਿਉਂ ਰਖਦੇ ਹੋ ?" ਬਾਬਾ ਜੀ ਨੇ ਉਤਰ

ਦਿੱਤਾ "ਮੂੰਹ ਤੋਂ ਕੱਪੜਾ ਉਤਾਰਨ ਦਾ ਸਮਾਂ ਨਹੀਂ ਆਇਆ।" ਉਨ੍ਹਾਂ ਨੇ ਫਿਰ ਕਿਹਾ ਨਹੀਂ, ਇਕ ਵੇਰਾਂ ਤਾਂ ਲਾਹੋ।" ਬਾਬਾ ਜੀ ਨੇ ਫਿਰ ਕਿਹਾ "ਮੂੰਹ ਤੋਂ ਕੱਪੜਾ ਲਾਹ ਦਿੱਤਾ ਤਾਂ ਚਾਨਣ ਹੋ ਜਾਂਦਾ ਹੈ।" ਮੁੰਡੇ ਮਤਲਬ ਸਮਝ ਨਾ ਸਕੇ ਜਿਦ ਪੈ ਗਏ। ਇਕ ਮੁੰਡੇ ਨੇ ਜਬਰਦਸਤੀ ਮੂੰਹ ਤੋਂ ਕਪੜਾ ਉਤਾਰ ਦਿੱਤਾ। ਉਸੇ ਵਕਤ ਹੀ ਸਾਮ੍ਹਣੇ ਪਿੜ ਪਏ ਸਨ। ਲਾਂਗੇ ਪਿੜ ਨੂੰ ਅੱਗ ਲੱਗ ਗਈ। ਕਿਉਂਕਿ ਬਾਬਾ ਜੀ ਦਾ ਮੁੱਖ ਪਿੜਾ ਵੱਲ ਹੀ ਸੀ। ਅੱਗ ਲੱਗਣ ਤੋਂ ਬਾਅਦ ਮੁੰਡੇ ਤਾਂ ਭੱਜ ਗਏ ਅਤੇ ਜਾਂਦੇ-ਜਾਂਦੇ ਪਿੜਾਂ ਵਿੱਚ ਲੋਕਾਂ ਨੂੰ ਸਭ ਦੱਸ ਵੀ ਗਏ। ਕੁਝ ਲੋਕ ਤਾਂ ਅੱਗ ਬੁਝਾਉਣ ਲੱਗੇ। ਕੁਝ ਬਾਬਾ ਜੀ ਪਾਸ ਆਏ। ਬੇਨਤੀ ਕੀਤੀ ਕਿ "ਮਹਾਰਾਜ! ਸਾਰਾ ਪਿੰਡ ਸੜ ਜਾਏਗਾ। ਮੁੰਡਿਆ ਨੇ ਬਹੁਤ ਗਲਤੀ ਕੀਤੀ ਹੈ। ਮੇਹਰ ਕਰੋ ਅੱਗ ਨੂੰ ਸ਼ਾਂਤ ਕਰੋ।" ਉਸੇ ਵਕਤ ਹੀ ਪੱਛਮ ਦੀ ਤਰਫੋਂ ਮੀਂਹ ਹਨੇਰੀ ਇਕ ਦਮ ਹੀ ਆ ਗਿਆ। ਇਤਨੇ ਜ਼ੋਰ ਦੀ ਮੂਹਲੇਧਾਰ ਬਾਰਸ਼ ਹੋਈ ਕਿ ਜੋ ਕੁਝ ਪਹਿਲੇ ਸੜ ਗਿਆ ਸੋ ਸੜ ਗਿਆ। ਹੋਰ ਸਭ ਕੁਝ ਬਚ ਗਿਆ। ਉਸੇ ਹਨੇਰੀ ਵਿੱਚ ਆਪ ਇਥੋਂ ਅਚਾਨਕ ਹੀ ਕਿਸੇ ਪਾਸੇ ਨੂੰ ਚਲੇ ਗਏ। ਕਈਆਂ ਨੇ ਲੱਭਣ ਦੀ ਕੋਸ਼ਿਸ਼ ਕੀਤੀ ਪਰ ਮਿਲੇ ਨਹੀਂ। ਉਸ ਤੋਂ ਕਈ ਸਾਲ ਬਾਅਦ ਭੁਚੋ ਆਏ ਤੇ ਦਰਸ਼ਨ ਕਰਕੇ ਪਛਾਣ ਕੀਤੀ ਕਿ ਇਹ ਤਾਂ ਓਹੀ ਹਨ।

(ਇਹ ਪ੍ਰਸੰਗ ਸੰਤ ਸ਼੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਤੋਂ ਮਿਲਿਆ)

## ਕੋਠਾ ਗੁਰੂ ਦੇ ਮਲੂਕੇ ਦੀ ਵਾਰਤਾ

ਇਥੋਂ ਚੱਲ ਕੇ ਕੁਝ ਸਮਾਂ ਮਲੂਕੇ ਗੁਜਾਰਿਆ। ਸੰਤ ਸ਼੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਨੂੰ ਬਾਬਾ ਜੀ ਨੇ ਇਹ ਬਚਨ ਆਪ ਲਿਖਾਇਆ ਬਿਕ੍ਰਮੀ ਸੰਮਤ ੧੯੮੨ ਪੋਹ ਪ੍ਰਵਿਸ਼ਟੇ ੨ ਦਿਨ ਮੰਗਲਵਾਰ ਨੂੰ ਉਸ ਦੇ ਮੁਤਾਬਕ ਹੀ ਮਲੂਕੇ ਵਾਲੇ ਪਹੁੰਚੇ ਦੋ ਰਾਤਾਂ ਇਥੇ ਰਹੇ।

**ਮੰਗਲ ਬੁਧ ਗ੍ਰਾਮੈ ਵਾਸਾ। ਬ੍ਰਿਹਸਪਤੀ ਮਹਾਰਾਜ ਕੋਠੀ ਵਾਸਾ**

**ਊਤ੍ਰ ਦਿਸਾ ਮੈ ਕੀਨੇ ਵਾਸ। ਸ਼ਕਤ ਸਮੀਪੈ ਪਰਮ ਪ੍ਰਕਾਸ਼**

**ਆਗਿਆ ਲੈ ਨਿਜ ਪਾਸ ਸਿਧਾਈ। ਮਲੂਕੋ ਗ੍ਰਾਮ ਪਰਮ ਸੁਖਦਾਈ**

**ਸਬ ਹੀ ਮੂਰਖ ਗਏ ਤਹਿ ਸਾਥ ਸ੍ਰੀ ਗੁਰੂ ਹਰਿਨਾਮ ਸਿੰਘ ਦੇ ਉਚਰੀ ਗਾਥ।**

ਇਹ ਚੌਪਈ ਸੰਤ ਸ਼੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਦੀ ਰਚੀ ਹੋਈ ਹੈ। ਭਾਨ ਸਿੰਘ ਦਾ ਪੁੱਤਰ ਨਿਧਾਨ ਸਿੰਘ। ਉਸਦੇ ਘਰੋਂ ਮਾਲਾਂ, ਲੜਕਾ ਦਿਆਲ ਸਿੰਘ, ੧ ਮਹੀਨੇ ਦੀ ਇਕ ਲੜਕੀ, ਜਿਸਦਾ ਨਾਮ ਹਰੋ ਸੀ। ਬੈਸ ਭਾਵ ਸਿੰਘ ਪਟਵਾਰੀ ਤਨਖਾਹ ੧੨ ਰੁਪੈ ਮਹੀਨਾ। ਉਸ ਦੇ ਘਰੋਂ ਜਿਸ ਦਾ ਨਾਮ ਸੋਭੀ। ਉਸਦੀ ਇਕ ਲੜਕੀ ਜੰਗੀਰ ਕੌਰ। ਇਨਾਂ ਨੂੰ ਬਚਨ ਹੋਇਆ ਕਿ ਤੁਹਾਡੇ ਲੜਕਾ ਹੋਵੇਗਾ। ਬਾਬਾ ਹਰਿਨਾਮ ਸਿੰਘ ਜੀ ਦੇ ਵਰ ਅਨੁਸਾਰ ਰਾਮ ਕ੍ਰਿਸ਼ਨ ਜੀ ਦੀ ਸਤਿਆ ਹੈ, ਵਿੱਚ ਦਸਖਤ ਹਰਨਾਮ ਸਿੰਘ ਕ੍ਰਿਨ ਸਿੰਘ ਦਾ, ਮਲੂਕਾ ਵਾਸੀ ਜਨਮ ਰਾਮ ਲੰਢੇ ਕੇ ਖੋਸੇ ਪਾਂਡੇ ਕੇ ਪਟਵਾਰੀ ਪੋਹ ਪ੍ਰਵਿਸ਼ਟੇ ੧੬ ਦਿਨ ਵੀਰਵਾਰ ਸੰਮਤ ੧੯੭੨ ਨੂੰ, ਇਹ ਬਚਨ ਸ਼੍ਰੀ ਰਾਮ ਸਿੰਘ ਜੀ ਨੇ ਲਿਖਾਇਆ। ਬਾਬਾ ਜੀ ਮਲੂਕੇ ੧ ਦਿਨ ਰਹੇ ਤਾਰੂਆਣੇ ਕੁਝ ਦਿਨ ਨਿਵਾਸ ਕੀਤਾ। (ਪਿੰਡ ਕੋਠਾ ਗੁਰੂ ਵਿੱਚ)

ਆਪਣੇ ਅਨੰਦ ਵਿੱਚ ਭ੍ਰਮਣ ਕਰਦੇ ਹੋਏ ਸ਼੍ਰੀ ਸੰਤ ਮਹਾਰਾਜ ਪਿੰਡ ਭੁਚੋ ਦੀ ਤਰਫ ਆ ਰਹੇ ਸਨ। ਰਸਤੇ ਵਿੱਚ ਪਿੰਡ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਵਿਖੇ ਆਣ ਦਰਸ਼ਨ ਬਖ਼ਸ਼ੇ। ਪਿੰਡ ਦੇ ਪੱਛਮ (ਛਿਪਦੇ) ਵੱਲ (ਜਿਥੇ ਹੁਣ ਮੋਟਰਾਂ ਦਾ ਅੱਡਾ ਹੈ) ਸੋਢੀ ਨਰਾਇਣ ਸਿੰਘ ਦੀ ਜਮੀਨ ਵਿੱਚ ਲਸੂੜੇ ਦੇ ਬਿਰਛ ਹੇਠ ਬੈਠ ਗਏ। ਅਜਨਬੀ ਸੰਤ ਨੂੰ ਬੈਠਾ ਦੇਖ ਕੇ ਜ਼ਮੀਨ ਦਾ ਮਾਲਕ ਸੋਢੀ ਨਰਾਇਣ ਸਿੰਘ ਆਇਆ ਅਤੇ ਬਿਨਾਂ ਕਿਸੇ ਸਤਿਕਾਰ ਸਨਮਾਨ ਦੇ ਅਪਮਾਨ ਨਾਲ ਬੋਲਿਆ ਕਿ "ਸੰਤ ਜੀ ਕਿਸੇ ਹੋਰ ਥਾਂ ਜਾ ਕੇ ਬੈਠੋ।" ਬਾਬਾ ਜੀ ਨੇ ਫੁਰਮਾਇਆ, "ਭਾਈ ਚਲੇ ਜਾਵਾਂਗੇ।" ਦੂਸਰੇ ਦਿਨ ਸੋਢੀ ਫੇਰ ਆਇਆ ਅਤੇ ਨਰਾਜ਼ਗੀ ਨਾਲ ਬੋਲਿਆ "ਤੁਹਾਨੂੰ ਮੈਂ ਕਲ੍ਹ ਕਿਹਾ ਸੀ ਇਥੋਂ ਚਲੇ ਜਾਵੋ। ਜ਼ਮੀਨ ਨੂੰ ਗੁਰਦੁਆਰਾ ਬਣਾ ਛੱਡਿਆ ਹੈ। ਚੌਫੇਰਿਓਂ ਲੋਕ ਆ ਕੇ ਡੰਡੀਆਂ ਪਾ ਰਹੇ ਹਨ।" ਇਹ ਕਹਿ ਸ੍ਰੀ ਬਾਬਾ ਜੀ ਮਹਾਰਾਜ ਨੇ ਆਪਣੇ ਅਨੰਦ ਵਿਚ ਫੁਰਮਾਇਆ "ਪ੍ਰੇਮੀਆਂ ਜਿਸ ਤਰ੍ਹਾਂ ਭਾਵਨਾ ਹੈ ਉਸੇ ਤਰ੍ਹਾਂ ਹੀ ਹੋ ਜਾਵੇਗਾ। ਜ਼ਮੀਨ ਵੀ ਗੁਰਦੁਆਰੇ ਦੀ ਬਣ ਜਾਵੇਗੀ ਅਤੇ ਡੰਡੀਆਂ ਵੀ ਪੈ

ਜਾਣਗੀਆਂ।" ਇਹ ਫੁਰਮਾ ਕੇ ਆਪ ਸ੍ਰੀ ਬਾਬਾ ਜੀ ਮਹਾਰਾਜ ਪਿੰਡ ਵੱਲ ਨੂੰ ਛੱਪੜ ਦੇ ਕਿਨਾਰੇ ਇਕ ਪਿੱਪਲ ਹੇਠ ਬੈਠ ਗਏ।

ਭਾਵੇਂ ਬਹੁਤ ਸਾਰੇ ਆਦਮੀ ਇਹ ਘਟਨਾ ਦੇਖ ਰਹੇ ਸਨ, ਪਰ ਸੋਢੀ ਨੂੰ ਰੋਕਣ ਦਾ ਹੌਂਸਲਾ ਕਿਸੇ ਵੀ ਨਹੀਂ ਕੀਤਾ। ਭਾਈ ਜੈ ਸਿੰਘ ਸੰਧੂ ਪੁੱਤਰ ਰਣ ਸਿੰਘ ਨੇ ਆਪਣੇ ਵੱਡੇ ਭਾਈ ਕਿਸ਼ਨ ਸਿੰਘ ਨੂੰ ਸਾਰੀ ਵਾਰਤਾ ਸੁਣਾ ਕੇ ਕਿਹਾ ਕਿ "ਸੰਤ ਪੂਰਨ ਮਹਾਂਪੁਰਸ਼ ਪ੍ਰਤੀਤ ਹੁੰਦੇ ਹਨ। ਵੈਸੇ ਵੀ ਹਰ ਅਤਿਥੀ ਦਾ ਸਤਿਕਾਰ ਕਰਨਾ ਸਾਡਾ ਧਰਮ ਹੈ। ਕੋਈ ਸਤਿ ਪੁਰਸ਼ ਪਿੰਡ ਵਿਚੋਂ ਅਪਮਾਨਤ ਹੋ ਕੇ ਨਹੀਂ ਜਾਣਾ ਚਾਹੀਦਾ। ਇਸ ਵਾਸਤੇ ਸੰਤ ਜੀ ਨੂੰ ਕੁਝ ਦਿਨ ਰੱਖਣ ਦਾ ਯਤਨ ਕਰੀਏ ਅਤੇ ਪ੍ਰਸ਼ਾਦਾ ਛਕਾਈਏ।" ਭਾਈ ਕਿਸ਼ਨ ਸਿੰਘ ਨੇ ਕਿਹਾ "ਇਹ ਕਿਹੜੀ ਪੁੱਛਣ ਵਾਲੀ ਗੱਲ ਹੈ। ਛੇਤੀ ਚਲ ਕੇ ਸੇਵਾ ਵਿਚ ਹਾਜ਼ਰ ਹੋਈਏ।" ਇਸ ਤਰ੍ਹਾਂ ਦੋਨੋਂ ਭਰਾ ਦਾਲ-ਰੋਟੀ ਅਤੇ ਦੁੱਧ ਦਾ ਗੜਵਾ ਲੈ ਕੇ ਬਾਬਾ ਜੀ ਦੇ ਚਰਨਾਂ ਵਿਚ ਪੁੱਜੇ। ਪ੍ਰਸ਼ਾਦਾ ਛੱਕਣ ਦੀ ਬੇਨਤੀ ਕੀਤੀ। ਪ੍ਰੇਮੀ ਵੇਖ ਕੇ ਬਾਬਾ ਜੀ ਨੇ ਪ੍ਰਸ਼ਾਦਾ ਛਕਿਆ। ਦੋਨਾਂ ਭਰਾਵਾਂ ਨੇ ਮੁੜ ਬੇਨਤੀ ਕੀਤੀ "ਕੁਝ ਦਿਨ ਸੇਵਾ ਦਾ ਸੁਭਾਗ ਬਖਸ਼ੋ।" ਅਧਿਕਾਰੀ ਜਾਣ ਕੇ ਬਾਬਾ ਜੀ ਨੇ ਪ੍ਰਵਾਨਗੀ ਬਖ਼ਸ਼ੀ। ਇਸ ਤਰ੍ਹਾਂ ਕਈ ਦਿਨ ਪਿੰਡ ਕੋਠਾ ਗੁਰੂ ਵਿਖੇ ਰਹਿ ਕੇ ਪਿੰਡ ਨਿਵਾਸੀਆਂ ਨੂੰ ਸਿੱਖੀ ਸਿਦਕ ਬਖਸ਼ ਕੇ ਸਦ ਉਪਦੇਸ਼ ਦੇ ਕੇ ਨਾਮ ਬਾਣੀ ਦੇ ਲੜ ਲਾਇਆ।

ਆਪਣੀ ਕਰਨੀ ਦੁਆਰਾ ਸਾਧੂ ਦੇ ਆਚਰਨ, ਸਹਿਣ ਸ਼ਕਤੀ ਕਰਤਵਯ ਨੂੰ ਦੱਸਿਆ ਕਿ ਸਾਧੂ ਨੂੰ ਸਾਗਰ ਵਰਗਾ ਗੰਭੀਰ ਅਤੇ ਪਹਾੜ ਵਰਗਾ ਅੱਚਲੀ ਹੋਣਾ ਚਾਹੀਦਾ ਹੈ। ਉਸਤਤ ਨਿੰਦਾ, ਹਰਖ, ਸ਼ੋਕ, ਮਾਨ, ਅਪਮਾਨ, ਕੰਚਨ ਮਾਟੀ ਨੂੰ ਸਮਦ੍ਰਿਸ਼ਟੀ ਨਾਲ ਵੇਖਣਾ ਚਾਹੀਦਾ ਹੈ।

ਸ੍ਰੀ ਸੰਤ ਜੀ ਮਹਾਰਾਜ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰਕੇ ਭਾਈ ਜੈ ਸਿੰਘ ਜੀ ਸੰਸਾਰ ਤੋਂ ਉਪਰਾਮ ਹੋ ਗਏ। ਅਠੇ ਪਹਿਰ ਸਿਮਰਨ ਕਰਦੇ ਹੋਏ ਸਮਾਂ ਬਤੀਤ ਕਰਦੇ। ਅਖੀਰ ਪਿੰਡ ਜੰਡਾ ਵਾਲਾ (ਜ਼ਿਲ੍ਹਾਂ ਬਠਿੰਡਾ) ਵਿਖੇ ਸ੍ਰੀਮਾਨ ਮਹੰਤ ਨਰਾਇਣ ਸਿੰਘ ਦੇ ਸ਼ਿਸ਼ ਬਣ ਗਏ।

ਡੇਰੇ ਵਿਚ ਸੇਵਾ ਸਿਮਰਨ ਅਤੇ ਵਿਦਿਆ ਅਧਿਐਨ ਕਰਦੇ ਰਹੇ। ਵੇਦਾਂ ਸ਼ਾਸਤਰਾਂ ਅਤੇ ਗੁਰਮਤਿ ਦੇ ਮਹਾਨ ਵਿਦਵਾਨ ਬਣ ਗਏ। ਵਿਸ਼ੇਸ ਕਰਕੇ ਆਯੂਰਵੈਦਿਕ ਵਿਚ ਪ੍ਰਸਿੱਧੀ ਅਤੇ ਸਨਮਾਨ ਪ੍ਰਾਪਤ ਕੀਤਾ। ਸ੍ਰੀ ਮਾਨ ਮਹੰਤ ਨਰਾਇਣ ਸਿੰਘ ਜੀ ਤੋਂ ਮਗਰੋਂ ਡੇਰਾ ਜੰਡਾ ਵਾਲਾ ਦੇ ਸਥਾਨਪਤੀ ਬਣੇ। ਡੇਰੇ ਦੀ ਸੁੰਦਰ ਇਮਾਰਤ ਬਣਾਈ ਰਿਆਸਤ ਫਰੀਦਕੋਟ ਦੇ ਰਾਜ ਦਰਬਾਰ ਵਿਚ ਉੱਚਾ ਸਤਿਕਾਰ ਪਾਇਆ। ਕਾਫੀ ਜ਼ਮੀਨ ਮਹਾਰਾਜ ਨੇ ਮੁਆਫੀ ਵਿਚ ਭੇਂਟ ਕੀਤੀ। ਇਸ ਤਰ੍ਹਾਂ ਨਿਰਮਲ ਭੇਖ ਵਿਚ ਪ੍ਰਸਿੱਧ ਪੁਰਸ਼ ਹੋਏ।

ਪਿੰਡ ਕੋਠਾ ਗੁਰੂ ਦੀ ਉਹ ਜ਼ਮੀਨ ਜਿਸ ਵਿੱਚੋਂ ਸੋਢੀ ਨੇ ਜਬਰਨ ਉਠਾ ਦਿੱਤਾ ਸੀ ਸੋਢੀ ਨਰਾਇਣ ਜੀ ਦੇ ਸਪੁੱਤਰ ਸ੍ਰੀਮਾਨ ਬਾਬਾ ਅਰਜਨ ਸਿੰਘ ਸੋਢੀ ਨੇ ਸੰਨ ੧੯੫੬ ਸੀ ਉਪਰੋਕਤ ਖੇਤ ਅਤੇ ਹੋਰ ਜ਼ਮੀਨ ਮਿਲਾ ਕੇ ਕੁਲ ਦਸ ਘੁਮਾ ਜ਼ਮੀਨ ਗੁਰਦੁਆਰਾ ਗੁੰਗ ਸਰ ਸਾਹਿਬ ਪਾ: ੧੦ ਵੀਂ ਪਿੰਡ ਕੋਠਾ ਗੁਰੂ ਨੂੰ ਦਾਨ ਕਰ ਦਿੱਤੀ। ਜੋ ਸੰਨ ੧੯੬੦ ਈ: ਵਿਚ ਮੁਰੱਬਾ ਬੰਦੀ ਹੋਣ ਸਮੇਂ ਅਬਾਦੀਆਂ ਵਿਚ ਕਟੀ ਗਈ। ਜਿਸ ਨਾਲ ਸਾਰੇ ਖੇਤ ਵਿਚ ਡੰਡੀਆਂ ਪੈ ਗਈਆਂ ਅਤੇ ਗਲੀਆਂ ਪੈ ਗਈਆਂ। ਇਸ ਤਰ੍ਹਾਂ ਬਾਬਾ ਜੀ ਮਹਾਰਾਜ ਦਾ ਕਥਨ ਕ੍ਰਿਆਤਮਕ ਰੂਪ ਵਿਚ ਪੂਰਨ ਹੋਇਆ।

**(ਜ਼ਬਾਨੀ ਭਾਈ ਤੇਜਾ ਸਿੰਘ ਜੀ 'ਸੰਨੂੰ ਕੋਠਾਗੁਰੂ')**

ਇਥੇ ਇਕ ਬਜ਼ੁਰਗ ਬਾਬਾ ਮਹਿਤਾਬ ਸਿੰਘ ਸੀ। ਉਸ ਦੇ ਨਾਲ ਬਾਹਰ ਕਿਤੇ ਮਿਲਾਪ ਹੋਇਆ। ਉਸਨੇ ਵੇਖ ਕੇ ਸੰਤ ਜਾਣਕੇ ਨਮਸ਼ਕਾਰ ਕੀਤੀ ਅਤੇ ਜਲ ਪਾਣੀ ਪੁਛਿਆ। ਬਾਬਾ ਜੀ ਨੇ ਹੱਸਕੇ ਬਚਨ ਕੀਤਾ "ਕੋਈ ਸਿਆਣ ਕੇ ਹੀ ਜਲ ਪਾਣੀ ਪੁਛੇਗਾ। ਐਵੇਂ ਕੌਣ ਪੁੱਛੇ?" ਉਸ ਬਜ਼ੁਰਗ ਨੇ ਬੇਨਤੀ ਕੀਤੀ ਕਿ "ਮੈਂ ਹਾਜ਼ਰ ਹਾਂ। ਹੁਕਮ ਕਰੋ ਘਰ ਚਲ ਕੇ ਛਕੋਗੇ, ਕਿ ਐਥੇ ਲੈ ਕੇ ਆਵਾਂ?" ਆਪ ਨੇ ਬਚਨ ਕੀਤਾ "ਐਥੇ ਹੀ ਲੈ ਆ।" ਉਹ ਲੈ ਕੇ ਪਹੁੰਚ ਗਿਆ। ਬਾਬਾ ਜੀ ਨੇ ਬਾਹਰ ਹੀ ਜਲ ਪਾਣੀ ਛੱਕ ਕੇ ਤੇ ਉਸ ਨਾਲ ਬਚਨ ਕਰਦੇ ਰਹੇ। ਸੁਣ ਕੇ ਮਨ ਐਸਾ ਪ੍ਰਭਾਵਤ ਹੋਇਆ ਬਾਬਾ ਜੀ ਨੂੰ ਬੇਨਤੀ ਕਰਕੇ ਘਰ ਵੀ ਲੈ ਆਇਆ ਅਤੇ ਘਰ ਇਕ ਚੁਬਾਰੇ ਵਿਚ ਆਸਣ ਲੱਗਾ ਦਿੱਤਾ। ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਅਨੁਸਾਰ ਤਾਂ ਜ਼ਿਆਦਾ ਚਿਰ

ਠਹਿਰੇ। ਪਰ ਸੁਣਨ ਵਿਚ ਆਇਆ ਹੈ ਤਕਰੀਬਨ ਸੱਤ ਦਿਨ ਰਹੇ। ਉਹ ਬਜ਼ੁਰਗ ਸੇਵਾ ਕਰਦਾ ਰਿਹਾ। ਉਸ ਨਾਲ ਬਚਨ ਬਿਲਾਸ ਵੀ ਕਰਦੇ ਰਹੇ। ਉਸ ਦੀ ਭਾਵਨਾ ਵੇਖਕੇ ਬਚਨ ਕੀਤਾ ਕਿ ਤੇਰੀ ਔਲਾਦ, ਬਹੁਤ ਵਧੇਗੀ। ਸੋ ਐਸ ਵਕਤ ਉਸ ਦਾ ਪਰਵਾਰ ਬਹੁਤ ਹੈ। ਇਥੋਂ ਚਲ ਕੇ ਰਸਤੇ ਵਿਚ ਆਉਂਦਿਆਂ ਇਕ ਮੁਸਲਮਾਨ ਫਕੀਰ ਮਿਲ ਪਿਆ। ਉਸ ਦੇ ਨਾਲ ਪ੍ਰਮਾਰਥ ਦੇ ਬਚਨ ਹੁੰਦੇ ਰਹੇ। ਉਸ ਨੇ ਪ੍ਰਸ਼ਨ ਕੀਤਾ ਕਿ ਸੰਤ ਜੀ ਮੈਂ ਸੁਣਿਆ ਹੈ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਔਸਰ ਝੋਟੀ ਦਾ ਦੁੱਧ ਚੁਆ ਕੇ ਪੀਤਾ ਸੀ ਕੀ ਇਹ ਸੱਚ ਹੈ?" ਬਾਬਾ ਜੀ ਉੱਤਰ ਦਿੱਤਾ "ਹਾਂ, ਅੱਖਰ-ਅੱਖਰ ਸੱਚ ਹੈ।" ਬਾਬਾ ਜੀ ਨੇ ਪੁੱਛਿਆ ਇਹ ਗੱਲ ਕਿਉਂ ਪੁੱਛੀ?" ਉਸ ਨੇ ਕਿਹਾ "ਜੀ, ਐਵੇਂ ਹੀ।" ਬਾਬਾ ਜੀ ਨੇ ਬਚਨ ਕੀਤਾ, "ਨਹੀਂ ਤੇਰੇ ਮਨ ਵਿਚ ਕੋਈ ਸ਼ੰਕਾ ਹੈ ਤਾਂ ਗੱਲ ਕਰ। ਕਰਾਮਾਤਾਂ ਤਾਂ ਗੁਰੂ ਕੇ ਸਿੱਖਾਂ ਸੇਵਕਾਂ ਵਿਚ ਵੀ ਬਹੁਤ ਹਨ। ਗੁਰੂਆਂ ਦੀ ਤਾਂ ਗੱਲ ਹੀ ਕਿਹੜੀ ਹੈ?" ਉਸ ਨੇ ਕਿਹਾ "ਫਿਰ ਵਿਖਾਓ।" ਆਪ ਬੋਲੇ "ਤੁਰ ਅਸਾਡੇ ਨਾਲ, ਜਿਥੇ ਕਿਤੇ ਮੌਕਾ ਬਣਿਆ ਵੇਖ ਲਵੀਂ।" ਉਸਨੂੰ ਨਾਲ ਲੈ ਕੇ ਜਦੋਂ ਤੁਰ ਪਏ ਕਿਤੇ ਰਸਤੇ ਵਿਚ ਕੋਈ ਪਸ਼ੂ ਚਾਰਦਾ ਫਿਰਦਾ ਸੀ। ਉਸ ਨੂੰ ਹੱਥ ਦਾ ਇਸ਼ਾਰਾ ਕਰਕੇ ਕੋਲ ਸੱਦਿਆ। ਉਸ ਨੇ ਕੋਲ ਆ ਕੇ ਸੰਤ ਸਮਝ ਕੇ ਨਮਸ਼ਕਾਰ ਕੀਤੀ। ਬਾਬਾ ਜੀ ਉਸ ਨੂੰ ਬੋਲੇ "ਆਪਣੇ ਪਸ਼ੂਆਂ ਵਿਚੋਂ ਇਕ ਝੋਟੀ ਲੈ ਕੇ ਆ।" ਉਹ ਬੁਸ਼ਕਾਰ ਕੇ ਇੱਕ ਝੋਟੀ ਲੈ ਆਇਆ। ਬਾਬਾ ਜੀ ਫਕੀਰ ਨੂੰ ਬੋਲੇ "ਦੱਸ ਬਈ ਅਸੀਂ ਚੋਕੇ ਵਿਖਾਈਏ, ਕਿ ਤੇਰੇ ਹੱਥੀਂ ਚੁਆਈਏ।" ਉਸ ਨੇ ਕਿਹਾ "ਤੁਸੀਂ ਚੋਵੋ। ਮੈਂ ਵੇਖਦਾ ਹਾਂ।" ਬਾਬਾ ਜੀ ਉਸ ਪਸ਼ੂ ਚਾਰਨ ਵਾਲੇ ਨੂੰ ਕਹਿਣ ਲੱਗੇ ਲਿਆ ਤੇਰੇ ਕੋਲ ਜਿਹੜਾ ਬਰਤਨ ਹੈ, ਉਸ ਵਿਚ ਦੁੱਧ ਚੋ।" ਉਹ ਹੈਰਾਨ ਹੋ ਕੇ ਬੋਲਿਆ "ਜੀ, ਏਹ ਤਾਂ ਔਸਰ ਝੋਟੀ ਹੈ।" ਬਾਬਾ ਜੀ ਹੱਸ ਕੇ ਬੋਲੇ "ਤੂੰ ਬੈਠ ਜਾ ਛੇਤੀ ਕਰ।" ਬਚਨ ਮਨ ਕੇ ਉਹ ਬੈਠ ਗਿਆ। ਕਲਾ ਵਰਤੀ ਮਹਾਂ ਪੁਰਖਾਂ ਦੀ, ਝੋਟੀ ਨੇ ਦੁੱਧ ਦਿੱਤਾ। ਉਸ ਨੂੰ ਬਾਬਾ ਜੀ ਕਹਿਣ ਲੱਗੇ "ਲੈ ਬਈ, ਪੀਓ, ਨਾਲੇ ਅੱਖੀਂ ਵੇਖੋ, ਇਹ ਤਾ ਤੁੱਛ ਚੀਜ਼ਾਂ ਹਨ ਗੁਰੂ ਕੇ ਸਿੱਖਾਂ ਲਈ। ਜੇ ਸਤਿਗੁਰਾਂ ਨੇ ਇਹ ਕੁਝ ਕਰ ਦਿੱਤਾ ਤਾਂ ਉਨ੍ਹਾਂ ਵਾਸਤੇ ਤਾਂ

ਕੋਈ ਇਹ ਵੱਡੀ ਗੱਲ ਹੈ ਹੀ ਨਹੀਂ। ਤੂੰ ਸ਼ੰਕਾਂ ਨਾ ਕਰ, ਹੋਰ ਕੋਈ ਗੱਲ ਹੈ ਤਾਂ ਦੱਸ।" ਸੁਣਦੇ ਸਾਰ ਹੀ ਹੱਥ ਜੋੜ ਲਏ ਅਤੇ ਬੋਲਿਆ "ਬੱਸ ਜੀ, ਬੱਸ ਮੇਰੀ ਤਸੱਲੀ ਹੋ ਗਈ।" ਬਾਬਾ ਜੀ ਨੇ ਬਚਨ ਕੀਤਾ "ਫਕੀਰ ਸਾਂਈ ਕਿਸੇ ਵੀ ਗੁਰੂ ਅਵਤਾਰ ਤੇ ਕਦੇ ਕਿੰਤੂ ਨਹੀਂ ਕਰਨਾ ਚਾਹੀਦਾ। ਅਸਾਡੀ ਤਾਂ ਇਹੋ ਹੀ ਮਰਿਆਦਾ ਹੈ, ਤੂੰ ਆਪਣੇ ਆਨੰਦ ਵਿਚ ਰਹੋ। ਜੋ ਤੇਰੇ ਮੁਰਸ਼ਦ ਨੇ ਤੈਨੂੰ ਸਿਖਿਆ ਦਿੱਤੀ ਹੈ, ਉਹੀ ਕਰਨ ਵਿਚ ਹੀ ਤੇਰਾ ਭਲਾ ਹੈ। ਉਸਤਤ ਨਿੰਦਾ ਦੋਵੇਂ ਤਿਆਗ ਕਰਨੇ ਪੈਂਦੇ ਹਨ।"

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।**
**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ**

**ਗਉੜੀ ਮ: ੯, ਅੰਗ ੨੧੯**

ਸੋ ਇਉਂ ਨਿਰਬਾਨ ਪਦ ਦੀ ਪ੍ਰਾਪਤੀ ਹੁੰਦੀ ਹੈ ਪਰ ਇਹ ਖੇਲ ਕਠਨ ਹੈ ਕੋਈ ਵਿਰਲੇ ਗੁਰਮੁਖ ਜਨ ਹੀ ਇਸ ਨੂੰ ਜਾਣਦੇ ਹਨ।

**ਕਬਿੱਤ**

**ਆਏ ਕੋ ਨਾ ਹਰਖ ਕਰੇ ਗਏ ਕੋ ਨਾ ਸੋਗ**
**ਭਏ ਨਿਰਲੇਪ ਕੈਸੇ ਮਸਝਨੇ ਕੀ ਬਾਤ ਹੈ-**
**ਦੇਹ ਸੇ ਸਬੰਧ ਨਹੀਂ ਮਾਯਾ ਸੇਪਿਆਰ ਨਹੀਂ-**
**ਮਨ ਹੈ ਅਚੱਲ ਕਹੁੰ ਆਵਤ ਨਾ ਜਾਤ ਹੈ-**
**ਲੋਕਾਂ ਚਾਰ ਰੀਤ ਨਹੀਂ ਵਾਰ ਨਹੀਂ ਪ੍ਰੀਤ ਨਹੀਂ-**
**ਨਾ ਹਾਰ ਹੈ ਨਾ ਜੀਤ ਹੈ ਨ ਵਰਨ ਹੈ ਨਾ ਜਾਤ ਹੈ-**
**ਐਸੋ ਜਬ ਗਿਆਨ ਹੋਇ ਐਸੋ ਹੀ ਧਿਆਨ ਹੋਇ-**
**ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥ ਦੁਤੀਆ ਤਿਆਗੀ ਲੋਗਾ ਰੀਤਿ॥**
**ਤ੍ਰੈਗੁਣ ਤਿਆਗਿ ਦੁਰਜਨ ਮੀਤ ਸਮਾਨੇ॥**
**ਤੁਰੀਆ ਗੁਣ ਮਿਲਿ ਸਾਧ ਪਛਾਨੇ** **ਆਸਾ ਮ: ੩-੩੭੦**
**ਤ੍ਰਈ ਗੁਣਯ ਵਿਸ਼ਯਾ ਵੇਦਾ**
**ਨਿਮਤ੍ਰਈ ਗੁਣਯੋ ਭਵ ਅਰਜਨ**

**ਨਿਰਦੰਦੇ ਨਿਤਯ ਸਸਥੁ ਨਿਰਯੋਗ ਖਯੇਮ ਆਤਮਵਾਨ**

**ਗੀ. ਅ. ੨, ੧੪**

ਹੇ ਅਰਜਨ, ਵੇਦ ਵੀ ਤਿੰਨਾਂ ਦੇ ਰਚੇ ਹੋਏ ਸੰਸਾਰ ਦੇ ਬਾਬਤ ਕਥਨ ਕਰਦੇ ਹਨ। ਔਰ ਤੂੰ ਤਿੰਨ ਗੁਣ ਸੇ ਰਹਿਤ ਹੋ, ਤੂੰ ਸੁਖ, ਦੁਖ, ਮਾਨ, ਅਪਮਾਨ, ਹਰਖ ਸੋਗ ਤੋਂ ਰਹਿਤ ਹੋ। ਅਬਿਨਾਸੀ ਪਦ ਮੇਂ ਬਿਰਾਜ ਕੇ ਇਸਥਿਤ ਹੋ, ਆਤਮਾ ਪਰਾਇਣ ਹੋ, ਸਰੀਰ ਦੀ ਪਾਲਣਾ ਪੋਸਣਾ ਤੋਂ ਹੀ ਨਿਰਲੇਪ ਹੋ ਜਾ।

**ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ।**

**ਮਾਰੂ ਮ: ੫ (੧੦੭੫)**

ਜੀਵਨ ਮੁਕਤੀ ਦੇ ਪੰਜ ਫਲ ਹਨ। ਅੰਤਰ ਆਤਮੇ ਕੀ ਅਵਸਥਾ ਹੁੰਦੀ ਹੈ। ਉਨ੍ਹਾਂ ਦੀ ਜਿਵੇਂ ਹਰ ਇਕ ਫਲ ਦਾ ਸੁਆਦ ਹੈ ਇਸੇ ਤਰ੍ਹਾਂ ਇਹ ਵੀ ਹਨ।

੧. ਗਿਆਨ ਰਖਿਆ ਭਾਵ ਕੋਈ ਕਿਤਨਾ ਵੀ ਕਾਰ ਵਿਹਾਰ ਕਰਨ ਪ੍ਰੰਤੂ ਆਪਣੇ ਸਰੂਪ ਦੇ ਧਿਆਨ ਵਿਚੋਂ ਬ੍ਰਿਤੀ ਨਹੀਂ ਪੁੱਟਦੇ।

੨. ਤੀਸਰਾ ਫਲ ਹੈ ਬਿਸਮਾਦ ਭਾਵ। ਹੋਰ ਕਿਸੇ ਵਾਦ ਵਿਵਾਦ ਵਿਚ ਨਹੀਂ ਆਉਂਦੇ। ਜਿਵੇਂ ਕਿਸੇ ਨੇ ਕੋਈ ਕੁਝ ਕਿਹਾ ਭਾਰ ਸਲਾਹ ਦਿੱਤੀ ਅਤੇ ਸੁਣ ਲਈ ਚੁੱਪ ਹੋ ਗਏ। ਸੰਸਾਰੀ ਬੰਦੇ ਸਮਝਣ ਬੱਸ ਹੁਣ ਮੇਰੀ ਕਹੀ ਗੱਲ ਸੰਤ ਕਦੇ ਨਹੀਂ ਮੋੜਦੇ। ਉਸ ਨੇ ਇਹ ਸਮਝ ਕੇ ਖੁਸ਼ ਹੋ ਜਾਣਾ। ਇਸੇ ਵਿਚ ਹੀ ਬੰਦੇ ਦੀ ਹਉਮੈ ਵਧਦੀ ਹੈ। ਇਹੋ ਚੀਜ਼ ਹੈ ਜਿਹੜੀ ਮਹਾਂਪੁਰਖ ਤੋਂ ਜੀਵ ਨੂੰ ਕੁਝ ਪ੍ਰਾਪਤ ਹੋਣ ਨਹੀਂ ਦਿੰਦੀ।

**ਹਉਂ ਤਿਸਦੇ ਚਉਖੰਨੀਐ ਆਪ ਠਗਾਏ ਲੋਕਾਂ ਭਾਣੇ ॥**

ਉਹ ਤਾਂ ਨਹੀਂ ਠਗੇ ਜਾਂਦੇ

**ਨ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ**

**ਜਪੁਜੀ ਸਾਹਿਬ - ੪**

ਹਾਂ ਜੀਵ ਜ਼ਰੂਰ ਠੱਗਿਆ ਜਾਂਦਾ ਹੈ ਕੁਝ ਪ੍ਰਾਪਤ ਨਹੀਂ ਕਰ ਸਕਦਾ।

**ਭਾ: ਗੁਰਦਾਸ ਜੀ**

ਜੀਵ ਖਾਲੀ ਰਹਿ ਜਾਂਦਾ ਹੈ।

੪. ਜੀਵਨ ਮੁਕਤੀ ਦਾ ਭਾਵ ਹੈ ਦੁਖਾਂ ਦਾ ਨਾਸ ਕਿਸੇ ਸਮੇਂ ਕਿਸੇ ਤਰ੍ਹਾਂ ਦਾ ਵੀ ਦੁਖ ਪ੍ਰਤੀਤ ਨਹੀਂ ਹੁੰਦਾ।

**ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥**

**(ਅੰਗ ੬੩੩)**

੫. ਪੰਜਵਾ ਹੈ ਹਰ ਵਕਤ ਸੁਖ ਹੀ ਰਹਿਣਾ, ਅਨੰਦ ਮਗਨ ਰਹਿਣਾ।

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ** **ਜਪੁਜੀ-੨**
**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥**

**(ਅੰਗ ੧੩੦੨)**

ਇਹ ਹੈ ਮਹਾਂਪੁਰਖਾਂ ਦੀ ਵਡਿਆਈ, ਜਿਸਦੀ ਸਾਨੂੰ ਗੁਰਬਾਣੀ ਤੋਂ ਸੋਝੀ ਪੈਂਦੀ ਹੈ ਅਤੇ ਹੋਰ ਗ੍ਰੰਥ ਵੀ ਇਸੇ ਤਰ੍ਹਾਂ ਗਵਾਹੀ ਦਿੰਦੇ ਹਨ। ਇਸ ਤੋਂ ਉਪਰੰਤ ਫਕੀਰ ਕਿਸੇ ਹੋਰ ਪਾਸੇ ਨੂੰ ਚਲਾ ਗਿਆ। ਮਹਾਂਪੁਰਖ ਕਿਸੇ ਹੋਰ ਪਾਸੇ ਵਿਚਰਦੇ ਰਹੇ।

# ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
# ਜੰਡਾਂ ਵਾਲੇ ਦਾ ਬ੍ਰਿਤਾਂਤ

ਜੰਡਾਂ ਵਾਲੇ ਤੇ ਜੀਂਦੇ ਦੇ ਵਿਤ ਵਿਚ (ਕੁਲੀਵਾਲਾ) ਇਕ ਛੱਪੜ ਸੀ। ਉਥੇ ਇਕ ਛੋਟਾ ਜਿਹਾ ਪਿੱਪਲ ਸੀ। ਸਿਰਫ ਉਸ ਉਤੇ ਦੋ ਕੁ ਪੱਤੇ ਸਨ। ਹੋਰ ਸਾਰਾ ਸੁਕਿਆ ਹੋਇਆ ਸੀ। ਆਮ ਬੋਲ ਚਾਲ ਵਿਚ ਉਸ ਨੂੰ ਲੋਕ ਪਿੱਪਲੀ ਆਖਦੇ ਸਨ। ਉਸ ਜਗ੍ਹਾਂ ਉਤੇ ਇਕ ਮਹੀਨਾ ਰਹੇ। ਉਸ ਜਗ੍ਹਾ ਤੇ ਇਕ ਬਜ਼ੁਰਗ ਜਿਸ ਦਾ ਨਾਮ ਮਾਲ੍ਹਾ ਸਿੰਘ ਸੀ। ਇਸ ਨੇ ਇਕ ਦੋ ਵਾਰ ਪਹਿਲਾਂ ਦਰਸ਼ਨ ਕੀਤੇ ਸਨ ਇਸੇ ਥਾਂ ਤੇ ਹੀ। ਇਕ ਦਿਨ ਕੋਲ ਆ ਕੇ ਨਮਸ਼ਕਾਰ ਕੀਤੀ ਅਤੇ ਬੈਠ ਗਿਆ। ਬੇਨਤੀ ਕਰਨ ਲੱਗਾ "ਜੀ ਮੇਰੇ ਲਾਇਕ ਕੋਈ ਸੇਵਾ ਦੱਸੋ।" ਅੱਗੋਂ ਬਾਬਾ ਜੀ ਨੇ ਸੁਭਾਵਕ ਹੀ ਕਿਹਾ ਕਿ "ਸੇਵਾ ਤਾਂ ਹੈ।

ਜੇ ਕਰ ਸਕਦਾ ਹੈ ਤਾਂ ਕਰ ਲੈ।" ਉਸਨੇ ਕਿਹਾ "ਹੁਕਮ ਕਰੋ।" ਬਾਬਾ ਜੀ ਨੇ ਕਿਹਾ "ਅਸੀਂ ਦੁੱਧ ਛੱਕਦੇ ਹੁੰਦੇ ਹਾਂ।" ਉਸ ਨੇ ਕਿਹਾ ਕਿ ਦੁੱਧ ਮੇਰੇ ਘਰ ਬਹੁਤ ਹੈ ਜਿਤਨਾ ਲੋੜ ਹੋਵੇ ਹੁਕਮ ਕਰੋ, ਪਹੁੰਚ ਜਾਇਆ ਕਰੇਗਾ।" ਆਪ ਜੀ ਨੇ ਲੋੜ ਮੁਤਾਬਕ ਦੱਸ ਦਿੱਤਾ। ਉਸ ਨੇ ਇਹ ਸੇਵਾ ਆਪਣੇ ਜੁੰਮੇ ਲੈ ਲਈ ਤੇ ਦੁੱਧ ਹਰ ਰੋਜ਼ ਪੁੱਜਦਾ ਰਿਹਾ। ਕਦੇ ਕਦੇ ਕੋਲ ਬੈਠ ਕੇ ਬਚਨ ਵੀ ਸੁਣਨੇ। ਮਨ ਵਿਚ ਕੁਝ ਭਾਵਨਾ ਵੀ ਹੋ ਗਈ ਕਿਉਂਕਿ ਬਾਬਾ ਜੀ ਨੂੰ ਉਸ ਨੇ ਕਈ ਵਾਰ ਜਿਸ ਤਰ੍ਹਾਂ ਪਹਿਲੇ ਬੈਠੇ ਦੇਖਣਾ। ਜਦੋਂ ਦੁੱਧ ਲੈ ਕੇ ਆਉਣਾ ਜਿਵੇਂ ਪਹਿਲਾਂ ਬੈਠੇ ਹੋਣਾ, ਸਾਰਾ ਸਾਰਾ ਦਿਨ ਉਸੇ ਤਰ੍ਹਾਂ ਹੀ ਰਹਿਣਾ ਉਹ ਦਿਨ ਗਰਮੀ ਦੇ ਸਨ। ਇਸ ਇਲਾਕੇ ਵਿਚ ਗਰਮੀ ਵੀ ਅਤਿ ਜ਼ੋਰ ਦੀ ਪੈਂਦੀ ਸੀ। ਪਾਣੀ ਜ਼ਮੀਨ ਹੇਠਾਂ ਡੂੰਘਾ ਸੀ । ਰੇਤਲਾ ਇਲਾਕਾ ਸੀ । ਧੁੱਪ ਨਾਲ ਇਲਾਕਾ ਤਪ ਜਾਂਦਾ ਸੀ । ਪਰ ਬਾਬਾ ਜੀ ਉਸ ਪਿੱਪਲ ਹੇਠੋਂ ਕਿਤੇ ਹੋਰ ਥਾਂ ਜਾ ਕੇ ਨਹੀਂ ਸਨ ਬੈਠਦੇ । ਜਾਂ ਜੇ ਕਿਤੇ ਸਰੀਰਕ ਕ੍ਰਿਆ ਸੋਧਨੀ ਹੁੰਦੀ ਤਾਂ ਕੁਝ ਸਮੇਂ ਲਈ ਜਾਣਾ ਨਹੀਂ ਤਾਂ ਜਿਥੇ ਪਹਿਲੇ ਦਿਨ ਆ ਕੇ ਵਿਰਾਜੇ ਉਥੋਂ ਨਹੀਂ ਉੱਠੇ ਸਾਰੀ ਦਿਹਾੜੀ। ਇਸ ਤਰਾਂ ਮਸਤੀ ਵਿੱਚ ਬੈਠਿਆ ਨੇ ਹੀ ਲੰਘਾ ਲੈਣੀ। ਮਾਲਾ ਸਿੰਘ ਨੇ ਵੇਖਣਾ ਅਤੇ ਹੈਰਾਨ ਹੋ ਜਾਣਾ। ਇਨ੍ਹਾਂ ਨੂੰ ਗਰਮੀ ਨਹੀਂ ਲੱਗਦੀ। ਸਾਰਾ ਦਿਨ ਬੈਠਿਆਂ ਅਕਦੇ ਥਕਦੇ ਨਹੀਂ। ਇੱਕ ਦਿਨ ਹੌਂਸਲਾ ਕਰਕੇ ਪੁੱਛ ਹੀ ਲਿਆ ਕਿ "ਮਹਾਰਾਜ !ਤੁਸੀਂ ਸਾਰਾ ਦਿਨ ਗਰਮੀ ਵਿੱਚ ਹੀ ਰਹਿੰਦੇ ਹੋ। ਇੱਕ ਥਾਂ ਉੱਤੇ ਹੀ ਬੈਠੇ ਰਹਿੰਦੇ ਹੋ।" ਅੱਗੋਂ ਉੱਤਰ ਦਿੱਤਾ ਕਿ " ਮਾਲ੍ਹਾਂ ਸਿਆਂ, ਗਰਮੀ ਸਰਦੀ ਨਾਲ ਕੋਈ ਸੰਬੰਧ ਨਹੀਂ। ਸਰੀਰ ਨਾਲ ਵੀ ਕੋਈ ਸੰਬੰਧ ਨਹੀਂ।" ਇਹ ਬਚਨ ਸੁਣ ਤਾਂ ਲਿਆ ਪਰ ਸਮਝ ਨਾ ਆਈ, ਚੁੱਪ ਰਿਹਾ। ਪਰ ਬਾਬਾ ਜੀ ਨੇ ਬਚਨ ਕੀਤਾ ਕਿ "ਮਾਲਾ ਸਿੰਆ, ਕੱਲ੍ਹ ਨੂੰ ਸਾਡੇ ਕੋਲ ਆਈਂ ਅਤੇ ਸਾਰਾ ਦਿਨ ਤੈਨੂੰ ਇਥੇ ਹੀ ਰੱਖਾਂਗੇ। ਹੁਣ ਤੂੰ ਜਾ।" ਅਗਲੇ ਦਿਨ ਸਵੇਰੇ ਦੁਧ ਲੈ ਕੇ ਆਇਆ ਤਾਂ ਬਾਬਾ ਜੀ ਨੇ ਦੁੱਧ ਛੱਕ ਲਿਆ ਤੇ ਬੋਲੇ "ਮਾਲ੍ਹਾਂ ਸਿਆਂ", "ਵਾਹਿਗੁਰੂ, ਵਾਹਿਗੁਰੂ ਜਪੀ ਚਲ" ਅਤੇ ਹੱਥ ਦਾ ਇਸ਼ਾਰਾ ਕਰਕੇ ਬੋਲੇ "ਉਥੇ ਬੈਠ ਜਾ।" ਸੱਤ ਬਚਨ ਕਹਿ ਕੇ ਬੈਠ ਗਿਆ । ਨਾਲ ਹੀ ਕਿਹਾ "ਜਦੋਂ ਅਸੀਂ ਬੁਲਾਈਏ, ਉਦੋਂ ਬੋਲੀ, ਉਦੋਂ ਹੀ ਉਥੋਂ ਉੱਠੀ

।" ਬੱਸ ਬੈਠਣ ਦੀ ਦੇਰ ਸੀ। ਫਿਰ ਉਦੋਂ ਪਤਾ ਲੱਗਿਆ ਜਦੋਂ ਬਾਬਾ ਜੀ ਨੇ ਕੋਲ ਆ ਕੇ ਆਵਾਜ਼ ਦਿੱਤੀ ਤਾਂ ਉਸ ਨੂੰ ਪਤਾ ਲੱਗਾ ਕਿ ਸੂਰਜ ਛਿੱਪ ਰਿਹਾ ਹੈ। ਹੈਰਾਨ ਹੋ ਕੇ ਬੋਲਿਆ ਸਾਰਾ ਦਿਨ ਲੰਘ ਗਿਆ। ਬਾਬਾ ਜੀ ਨੇ ਹੱਸ ਕੇ ਕਿਹਾ "ਤੈਨੂੰ ਗਰਮੀ ਨਹੀਂ ਲੱਗੀ? ਤੇਰਾ ਸਾਰਾ ਦਿਨ ਕਿਵੇਂ ਲੰਘਿਆ?" ਮਾਲ੍ਹਾਂ ਸਿੰਘ ਬੋਲਿਆ "ਜੀ, ਕੁਝ ਪਤਾ ਨਹੀਂ ਲੱਗਿਆ।" ਬਾਬਾ ਜੀ ਨੇ ਕਿਹਾ ਕਿ "ਕੱਲ੍ਹ ਜੋ ਤੈਨੂੰ ਦੱਸਿਆ ਸੀ ਅੱਜ ਵਿਖਾ ਦਿੱਤਾ।" ਸੁਣ ਕੇ ਮਾਲ੍ਹਾ ਸਿੰਘ ਦਾ ਸਿਰ ਝੁੱਕ ਗਿਆ। ਸਿਰਫ਼ ਇਤਨੀ ਗੱਲ ਹੀ ਮੂੰਹੋਂ ਨਿਕਲੀ "ਤੁਹਾਡੀਆਂ ਤੁਸੀਂ ਹੀ ਜਾਣੋ।" ਉਸ ਦਿਨ ਤੋਂ ਭਰੋਸਾ ਹੋਰ ਵੀ ਪੱਕਾ ਹੋ ਗਿਆ। ਸੇਵਾ ਹੋਰ ਵੀ ਖੁਸ਼ੀ ਨਾਲ ਕਰਦਾ ਰਿਹਾ।

**ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥**

**(ਅੰਗ ੧੩੪)**

ਇਹ ਉਹ ਅਵਸਥਾ ਹੈ ਜਿਸਨੂੰ ਏਹ ਪ੍ਰਾਪਤ ਨਹੀਂ। ਉਸ ਲਈ ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ।

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**

**(ਅੰਗ ੧੩੪)**

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥**
**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥**

**(ਅੰਗ ੧੩੫੭)**

ਸੋ ਇਸ ਤਰ੍ਹਾਂ ਕਰਕੇ ਮਾਲ੍ਹਾ ਸਿੰਘ ਨੂੰ ਬਾਬਾ ਜੀ ਨੇ ਮੇਹਰ ਕਰਕੇ ਸੋਝੀ ਪਾਈ।

# ਚੋਰਾਂ ਤੋਂ ਸਾਧ

ਬਾਬਾ ਜੀ ਜੰਡਾ ਵਾਲੇ ਹੀ ਅਜੇ ਟਿਕੇ ਹੋਏ ਸਨ ਕਿ ਇਥੇ ਇੱਕ ਪ੍ਰੇਮੀ ਆਇਆ। ਇਕ ਦੋ ਦਿਨ ਤਾਂ ਦੂਰੋਂ ਵੇਖ ਕੇ ਚਲਾ ਜਾਇਆ ਕਰੇ। ਪਰ ਇਕ ਦਿਨ ਕੋਲ ਆਇਆ। ਨਮਸਕਾਰ ਕਰਕੇ ਬੈਠ ਗਿਆ। ਬਾਬਾ ਜੀ ਉਸ ਵਕਤ ਦੁੱਧ ਛੱਕ ਰਹੇ ਸਨ। ਮਾਲ੍ਹਾਂ ਸਿੰਘ ਵੀ ਬੈਠਾ ਹੋਇਆ ਸੀ। ਦੁੱਧ ਛੱਕਣ ਤੋਂ ਬਾਅਦ ਬਾਬਾ ਜੀ ਨੇ ਉਸਨੂੰ ਪੁਛਿਆ "ਕੀ ਨਾਮ ਹੈ, ਕਿਥੋਂ ਆਇਆ ਹੈਂ, ਕੀ ਕੰਮ ਕਰਦਾ ਹੈਂ?" ਉਸ ਨੇ ਸੱਚ ਸੱਚ ਦੱਸ ਦਿੱਤਾ। "ਮੇਰਾ ਨਾਮ ਹਰੀ ਸਿੰਘ ਹੈ, ਪਿੰਡ ਮਾਝੇ ਵਿਚ ਹੈ, ਜੰਬਰ। ਫਿਰ ਬੋਲਿਆ ਜੀ ਜਿੰਨੇ ਮਾੜੇ ਕੰਮ ਸਭ ਕੀਤੇ ਹਨ। ਹੁਣ ਅਖੀਰ ਨੂੰ ਘਰ ਛੱਡਣਾ ਹੀ ਪਿਆ। ਘਰ ਵਾਲੇ ਪਿੰਡ ਵਾਲੇ ਸਭ ਨੇ ਧੱਕ ਦਿੱਤਾ। ਕੋਈ ਥਾਂ ਨਹੀਂ ਰਹੀ। ਬਾਹਰ ਫਿਰ ਤੁਰਕੇ ਗੁਜਾਰਾ ਕਰਦਾ ਹਾਂ।" ਬਾਬਾ ਜੀ ਸੁਣ ਕੇ ਬੋਲੇ "ਇਥੋਂ ਚਲਾ ਜਾ।" ਉਸ ਦਿਨ ਤਾਂ ਉਹ ਚਲਾ ਗਿਆ। ਅਗਲੇ ਦਿਨ ਫਿਰ ਆ ਗਿਆ ਬਾਬਾ ਜੀ ਵੇਖ ਕੇ ਕਹਿਣ ਲੱਗੇ "ਬਈ ਤੂੰ ਫਿਰ ਆ ਗਿਆ ਹੈ ?" ਉਸ ਨੇ ਕਿਹਾ "ਮਹਾਰਾਜ। ਕੱਲ੍ਹ ਮੈਂ ਜਿਤਨੀ ਦੇਰ ਤੁਹਾਡੇ ਕੋਲ ਬੈਠ ਰਿਹਾ ਹਾਂ, ਮੇਰੇ ਮਨ ਨੂੰ ਕੁਝ ਸ਼ਾਂਤੀ ਰਹੀ। ਪਰ ਜਿਸ ਵੇਲੇ ਚਲਾ ਗਿਆ ਉਹੀ ਭਟਕਣ ਫਿਕਰ ਚਿੰਤਾ ਨੇ ਘੇਰਾ ਪਾ ਲਿਆ।" ਮਜ਼ਬੂਰ ਹੋ ਕੇ ਫਿਰ ਇਧਰ ਨੂੰ ਆਉਣ ਪਿਆ। ਸੁਣ ਕੇ ਬਾਬਾ ਜੀ ਕਹਿਣ ਲੱਗੇ "ਤੂੰ ਇਥੇ ਰਹਿਣਾ ਨਹੀਂ। ਇਕ ਵਾਰ ਦਰਸ਼ਨ ਕਰਕੇ ਮੁੜ ਜਾਇਆ ਕਰ।" ਕਈ ਦਿਨ ਤਾਂ ਦਰਸ਼ਨ ਕਰਕੇ ਮੁੜ ਜਾਂਦਾ ਰਿਹਾ। ਹੌਲੀ-ਹੌਲੀ ਜਿਵੇਂ-ਜਿਵੇਂ ਦਰਸ਼ਨ ਕਰਦਾ ਰਿਹਾ ਤਿਵੇਂ-ਤਿਵੇਂ ਮਨ ਕੁਝ ਸੁਖ ਮਹਿਸੂਸ ਕਰਦਾ ਰਿਹਾ। ਅਖ਼ੀਰ ਨੂੰ ਇਕ ਦਿਨ ਦਰਸ਼ਨ ਕਰਨ ਆਇਆ ਅਤੇ ਰੋਣ ਲੱਗ ਪਿਆ। ਬੇਨਤੀ ਕੀਤੀ "ਮਹਾਰਾਜ ! ਮੇਰੇ ਤੇ ਕ੍ਰਿਪਾ ਕਰੋ ਮਨ ਨੂੰ ਸ਼ਾਂਤੀ ਬਖਸ਼ੋ। ਮੇਰੇ ਦੁਖ ਦਾ ਇਲਾਜ ਤੁਹਾਡੇ ਪਾਸ ਹੈ। ਜਿੰਨਾਂ ਚਿਰ ਮੈਂ ਇਥੇ ਰਹਿੰਦਾ ਹਾਂ ਠੀਕ ਹੈ। ਦੂਰ ਜਾ ਕੇ ਫਿਰ ਉਹੀ ਹਾਲਤ ਹੁੰਦੀ ਹੈ।" ਫਿਰ ਉਸਨੇ ਆਪਣੀ ਸਾਰੀ ਜਿੰਦਗੀ ਜਿਤਨੀ ਪਿੱਛੇ

ਜਿਵੇਂ ਜਿਵੇਂ ਗੁਜਾਰੀ, ਜੋ ਜੋ ਕੁਝ ਕੀਤਾ, ਸਭ ਸੱਚੋ ਸੱਚ ਦੱਸ ਦਿੱਤਾ। ਅਖੀਰ ਰੋਂਦੇ ਹੋਏ ਨੇ ਬੇਨਤੀ ਕੀਤੀ "ਜੀ ਹੁਣ ਚਾਹੇ ਮਾਰੋ, ਚਾਹੇ ਛੱਡੋ, ਮੈਂ ਕਿਤੇ ਨਹੀਂ ਜਾਣਾ?" ਮਹਾਂਪੁਰਖਾਂ ਦਾ ਦਰਸ਼ਨ ਹੀ ਐਸਾ ਹੈ। ਜਦੋਂ ਦਰਸ਼ਨ ਹੁੰਦਾ ਹੈ ਉਸ ਵਕਤ ਮਨ ਉਹ ਨਹੀਂ ਰਹਿੰਦਾ ਹੈ, ਜੋ ਪਹਿਲਾਂ ਹੁੰਦਾ ਹੈ। ਮਨ ਬਦਲ ਜਾਂਦਾ ਹੈ। ਇਹੀ ਨਿਸ਼ਾਨੀ ਹੈ ਮਹਾਂਪੁਰਖਾਂ ਦੀ:

**"ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ।"**

ਮਨ ਨਿਰਮਲ ਹੋ ਜਾਂਦਾ ਹੈ। ਫਿਰ ਮਨ ਆਪਣੇ ਕੀਤੇ ਪਾਪਾਂ ਨੂੰ ਯਾਦ ਕਰਕੇ ਪਛਤਾਵਾ ਕਰਦਾ ਹੈ। ਅਰਦਾਸ ਵਿਚ ਜੁੜਦਾ ਹੈ, ਸਿਮਰਨ ਕਰਦਾ ਹੈ। ਬੁਰਾਈਆਂ ਨੂੰ ਛੱਡਦਾ ਹੈ। ਨਾਮ ਜਪ ਜਪ ਕੇ ਆਪਣੇ ਅੰਦਰੋਂ ਸਾਰੇ ਪਾਪਾਂ ਨੂੰ ਧੋ ਸੁੱਟਦਾ ਹੈ। ਮਹਾਂਪੁਰਖ ਦੀ ਸੰਗਤ ਦੀ ਮਹਿਮਾ ਇਹੋ ਹੈ। ਸਤਿਗੁਰ ਕਥਨ ਕਰਦੇ ਹਨ:

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥**
**ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥**
**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥**
**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥**

ਇਸ ਤੋਂ ਅੱਗੇ ਭਗਤੀ ਕਰਨ ਦਾ ਫਲ ਦਸਦੇ ਹਨ :

**ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥**
**ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥**
**ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥**
**ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩॥**
**ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥**
**ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥**

**ਬਿਲਾਵਲੁ ਮ: ੫-੮੦੯**

ਤੁਲਸੀ ਦਾਸ ਜੀ ਨੇ ਭੀ ਕਥਨ ਕੀਤਾ ਹੈ :

**ਮੁਦ ਮੰਗਲ ਮਯ ਸੰਤ ਸਮਾਜੂ॥ ਜੋ ਜੜ ਜੰਗਮ ਤੀਰਥ ਰਾਜੂ॥**
**ਮਜਨ ਫਲ ਦੇਖੀਏ ਤਤਕਾਲਾ॥ ਕਾਕ ਹੋਇ ਪਿਕ ਬਕਹੁਮਰਾਲਾ॥**

ਸਤਸੰਗ ਰੂਪ ਤੀਰਥ ਵਿਚ ਇਸ਼ਨਾਨ ਕਰਕੇ ਤਤਕਾਲ ਹੀ ਫਲ ਮਿਲਦਾ ਹੈ। ਕਾਂ ਵਾਂਗ ਕੌੜੇ ਬਚਨ ਵਾਲੇ, ਕੋਇਲ ਸਮਾਨ ਮਿੱਠੇ ਬਚਨ ਕਰਨ

ਲੱਗ ਜਾਂਦੇ ਹਨ। ਬਗਲੇ ਸਮਾਨ ਪਖੰਡੀ ਲੋਕ ਨਿਰਮਲ ਮਨ, ਹੰਸਾਂ ਵਰਗੇ ਹੋ ਜਾਂਦੇ ਹਨ। ਜਿਵੇਂ ਹੰਸ ਮੋਤੀ ਚੁਗਦਾ ਹੈ ਇਸੇ ਤਰ੍ਹਾਂ ਉਹ ਵੀ ਅਵਗੁਣ ਛੱਡ ਕੇ ਨੇਕ ਬਣ ਜਾਂਦੇ ਹਨ।

**ਸੁਨ ਅਚਰਜ ਕਰਹਿ ਜਿ ਨਾ ਕੋਈ॥**
**ਸਤ ਸੰਗਮ ਮਹਿਮਾ ਨਹ ਗੋਈ॥**[੧]

**ਤੁਲਸੀ ਦਾਸ ਜੀ**

ਬਾਲਮੀਕ ਨਾਦਰ ਘਟ[੨] ਯੋਨੀ। ਨਿਜਿ ਨਿਜ ਮੁਖਨ ਕਹੀ ਨਿਜ ਹੋਨੀ।
ਜਲ[੩] ਚਰ ਥਲ[੪] ਚਰ ਨਭ[੫] ਦਰ ਨਾਨਾ। ਜੇ ਜੜ ਚੇਤਨ ਜੀਵ ਮਹਾਨਾ॥
ਮਤ ਕੀਰਤ ਗਦਿਤ ਭੂਤਿ ਭੁਲਾਈ। ਜਬ ਮਹਿ ਯਤਨ ਜਹਾਂ ਜਹਿ ਪਾਈ॥
ਜੋ ਜਾਨਤ ਸਤਸੰਤ ਪ੍ਰਭਾਊ। ਲੌਕਹੁ ਵੇਦ ਨਾ ਆਨ ਉਪਾਊ॥

ਸੋ ਮਹਾਂ ਪੁਰਖ ਦੀ ਸੰਗਤ ਦਾ ਪ੍ਰਭਾਵ ਹੋਇਆ। ਉਸ ਦਾ ਮਨ ਵੀ ਬਦਲ ਗਿਆ। ਬੇਨਤੀ ਕਰਨ ਲੱਗਾ "ਮੈਨੂੰ ਬਖਸ਼ ਲਉ। ਮੈਂ ਬੜੇ ਪਾਪ ਕੀਤੇ ਹਨ।" ਕਹਿ ਕੇ ਹੱਥ ਜੋੜ ਕੇ ਲੰਮਾ ਪੈ ਗਿਆ। ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥ਕਰਿ ਡੰਡਉਤ ਪੁਨੁ ਵਡਾ ਹੈ।

**ਗਉੜੀ ਮ: ੪**

ਤਦਿਧਿ ਪ੍ਰਾਨਿ ਪਾਤੇਨ ਪਰਿ ਪ੍ਰਿਰ ਪ੍ਰਸ਼ੇਨ ਸੇਵਯਾ॥

ਉਪਦੇਸ਼ਿਯੰਤਿ ਤੇ ਗਿਆਨੰ ਗਯਨਿਨ ਤਤ ਦਰਸ਼ਿਨ।

ਅਰਥ-ਹੇ ਅਰਜਨ ਜਿਨਾਂ ਸੱਤ ਪੁਰਸ਼ਾਂ ਨੇ ਇਸ ਤੱਤ ਨੂੰ ਜਾਣਿਆ ਹੈ ਉਹਨਾਂ ਨੂੰ ਭਲੀ ਪ੍ਰਕਾਰ ਡੰਡੌਤ ਪ੍ਰਣਾਮ ਕਰਕੇ ਉਨ੍ਹਾਂ ਅੱਗੇ ਬੇਨਤੀ ਕਰਨ ਨਾਲ, ਉਹ ਸੰਤ ਜਨ ਪ੍ਰਸੰਨ ਹੋ ਕੇ ਗਿਆਨ ਉਪਦੇਸ਼ ਕਰਦੇ ਹਨ। ਜਿਸ ਦੇ ਨਾਲ ਜੀਵ ਨੂੰ ਪਰਮ ਤੱਤ ਦੀ ਪ੍ਰਾਪਤੀ ਹੁੰਦੀ ਹੈ।

ਤਰਸ ਆ ਗਿਆ ਕਹਿਣ ਲੱਗੇ 'ਕੁਛ ਪੜਿਆ ਹੈਂ?' ਉਹ ਬੋਲਿਆ "ਜੀ, ਮਾੜੀ ਮੋਟੀ ਗੁਰਮੁਖੀ ਆਉਂਦੀ ਹੈ। ਹੋਰ ਕੁਛ ਨਹੀਂ।" ਫਿਰ ਉਸ ਨੂੰ ਪਹਿਲੀ ਪਉੜੀ ਦਾ ਪਾਠ ਸਿਖਾ ਕੇ ਬੋਲੇ "ਇਸ ਨੂੰ ਜਪਿਆ ਕਰ ਹਰ ਵੇਲੇ। ਜਿਨ੍ਹਾਂ ਜਪੇਂਗਾ ਉਤਨਾ ਹੀ ਮਨ ਨੂੰ ਸੁਖ ਮਿਲੇਗਾ। ਇਸੇ ਵਿਚ

**੧. ਲੁਕੀ ਹੋਈ। ੨. ਅਗਸਤ ਮੁਨੀ। ੩. ਜਲ ਵਿਚ ਰਹਿਣ ਵਾਲੇ। ੪. ਖੁਸ਼ਕ ਥਾਂ ਵਿਚ ਰਹਿਣ ਵਾਲਾ। ੫. ਅਕਾਸ਼ ਵਿਚ ਰਹਿਣ ਵਾਲੇ।**

ਹੀ ਸਭ ਕੁਛ ਹੈ ਅਤੇ ਜਿਹੜੀ ਤੇਰੇ ਮਨ ਦੀ ਭਟਕਣ ਹੈ ਇਹ ਵੀ ਮੁੱਕ ਜਾਏਗੀ। ਉਜਾਲਾ ਹੋ ਜਾਵੇਗਾ, ਪਾਪ ਪੁੰਨ ਦੀ ਤਮੀਜ਼ ਹੋ ਜਾਵੇਗੀ। ਜਿਉਂ ਹੀ ਮਨ ਨੂੰ ਵਿਚਾਰ ਆਏਗਾ ਮਨ ਬੁਰੇ ਕੰਮ ਛੱਡ ਜਾਵੇਗਾ।"

ਇਕ ਤਨ ਦੀ ਮੈਲ ਹੈ। ਇਕ ਮਨ ਦੀ ਮੈਲ ਹੈ। ਤਨ ਦੀ ਮੈਲ ਉਤਰਦੀ ਹੈ। ਪਾਣੀ ਅਤੇ ਸਾਬਣ ਆਦਿਕ ਨਾਲ।

**ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥**
**ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥**

**(ਜਪੁਜੀ ਸਾਹਿਬ)**

ਜੋ ਮਨ ਦੀ ਮੈਲ ਹੈ ਉਸਨੂੰ ਨਾਮ ਦੁਆਰਾ ਸਾਫ ਕੀਤਾ ਜਾਂਦਾ ਹੈ। ਮਨ ਅਤੀ ਸੂਖਮ ਹੈ ਤੇ ਨਾਮ ਸੂਖਮ ਬਰੀਕ ਵੀ ਹੈ ਅਸਥੂਲ ਮੋਟਾ ਵੀ ਹੈ।

**ਆਪਹਿ ਸੂਖਮ ਆਪਹਿ ਅਸਥੂਲਾ ॥**

ਸੋ ਮਨ ਦੀ ਮੈਲ ਨਾਲ ਨਾਲ ਧੋਤੀ ਜਾਏਗੀ।

**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥**

**(ਜਪੁਜੀ ਸਾਹਿਬ)**

ਨਾਮ ਜਪੀ ਚੱਲ ਇਸਨੂੰ ਨਹੀਂ ਭੁਲਣਾ। ਜਿਥੇ ਮਰਜੀ ਹੋਵੇ ਰਹੋ। ਉਸਨੇ ਪਾਸ ਰਹਿਣ ਦੀ ਬੇਨਤੀ ਕੀਤੀ। ਆਪ ਬੋਲੇ ਅਜੇ ਅਸੀਂ ਕਿਤੇ ਟਿਕਣਾ ਨਹੀਂ। ਕੋਈ ਸਮਾਂ ਆਇਆ ਤਾਂ ਫਿਰ ਮੇਲ ਹੋ ਜਾਏਗਾ। ਮੇਲ ਹੋਏਗਾ ਜ਼ਰੂਰ ਪਰ ਅਜੇ ਨਹੀਂ। ਫਿਰ ਉਸਨੂੰ ਖੁਸ਼ੀ ਨਾਲ ਤੋਰ ਦਿੱਤਾ। ਜਿਸ ਸਮੇਂ ਬਾਬਾ ਅਨੰਦ ਸਿੰਘ ਜੀ ਭੁੱਚੋ ਆਉਣ ਜਾਣ ਲੱਗੇ ਤੇ ਮਾਝੇ ਚੱਕਰ ਲਾਇਆ, ਉਸ ਸਮੇਂ ਉਹ ਪ੍ਰੇਮੀ ਵੀ ਬਾਬਾ ਜੀ ਨਾਲ ਭੁਚੋ ਦਰਸ਼ਨ ਕਰਨ ਆਇਆ ਤੇ ਫਿਰ ਕੁਝ ਸਮਾਂ ਇਥੇ ਹੀ ਰਿਹਾ। ਲੰਗਰ ਦੀ ਸੇਵਾ ਕਰਦਾ ਰਿਹਾ। ਇਸ ਦਾ ਅਗਲਾ ਪ੍ਰਸੰਗ ਉਥੇ ਹੀ ਦਿੱਤਾ ਜਾਏਗਾ।

# ਸੇਵਕੁ ਕੀਨੋ ਸਦਾ ਨਿਹਾਲੁ ॥
# ਜੰਡਾਂ ਵਾਲੇ ਤੋਂ ਤੁਰਨਾ

ਸੋ ਮਹਾਂਪੁਰਖ ਇਕ ਮਹੀਨਾ ਇਥੇ ਹੀ ਰਹੇ। ਜਦੋਂ ਤੁਰਨ ਦਾ ਸਮਾਂ ਆਇਆ ਤਾਂ ਮਾਲ੍ਹਾਂ ਸਿੰਘ ਨੂੰ ਬੋਲੇ "ਸਿੰਘ ਸਾਡੀ ਹੁਣ ਤਿਆਰੀ ਹੈ।" ਮਾਲ੍ਹਾ ਸਿੰਘ ਨੇ ਬੇਨਤੀ ਕੀਤੀ "ਮਹਾਰਾਜ! ਮੈਨੂੰ ਤਾਂ ਸੇਵਾ ਕਰਨ ਦਾ, ਸੰਗਤ ਕਰਨ ਦਾ ਪਤਾ ਹੀ ਹੁਣ ਲੱਗਾ ਹੈ। ਤੁਸੀਂ ਤਿਆਰ ਵੀ ਹੋ ਗਏ।" ਬਾਬਾ ਜੀ ਨੇ ਬਚਨ ਕੀਤਾ "ਮਾਲ੍ਹਾ ਸਿੰਘ, ਤੇਰੀ ਸੇਵਾ ਮਨਜ਼ੂਰ ਹੈ। ਅਸੀਂ ਤੇਰੇ ਤੇ ਪ੍ਰਸੰਨ ਹਾਂ। ਜੋ ਇੱਛਾ ਹੈ ਮੰਗ ਲੈ।" ਉਸ ਨੇ ਬੇਨਤੀ ਕੀਤੀ ਚਿੱਤ ਤਾਂ ਸੇਵਾ ਕਰਨ ਨੂੰ ਹੀ ਕਰਦਾ ਹੈ।" ਕਿਉਂਕਿ ਸੇਵਕ ਕਦੇ ਵਿਛੜਨਾ ਨਹੀਂ ਚਾਹੁੰਦਾ। ਅੰਤਰਯਾਮੀ ਉਸਦੇ ਮਨ ਨੂੰ ਸਮਝ ਕੇ ਕਹਿਣ ਲੱਗੇ "ਤੇਰੇ ਪੁੱਤਰ ਕੋਈ ਹੈ ਕਿ ਨਹੀਂ?" ਉਹ ਚੁੱਪ ਰਿਹਾ ਕਿਉਂਕਿ ਵੱਡੀ ਉਮਰ ਹੋਣ ਕਰਕੇ ਸ਼ਰਮ ਕਰਦਾ ਸੀ। ਬਾਬਾ ਜੀ ਨੇ ਆਪ ਬਚਨ ਕੀਤਾ ਤੇਰੇ ਘਰ ਦੋ ਪੁੱਤਰ ਹੋਣਗੇ। ਇਕ ਦਾ ਨਾਮ ਬਚਨ ਸਿੰਘ ਅਤੇ ਦੂਜੇ ਦਾ ਨਾਮ ਰਤਨ ਸਿੰਘ ਰੱਖੀਂ।" ਇਹ ਬਚਨ ਸੱਤ ਹੋਇਆ ਦੋ ਹੀ ਪੁੱਤਰ ਹੋਏ ਅਤੇ ਇਕ ਲੜਕੀ ਜਿਸ ਦਾ ਨਾਮ ਇੰਦ ਕੌਰ ਸੀ।

**ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥** **(ਬਿਲਾਵਲੁ ਮਃ ੫)**

ਨਾਲ ਹੀ ਬਚਨ ਕੀਤਾ "ਜਿਹੜੀ ਤੂੰ ਸਾਡੀ ਸੇਵਾ ਮੰਗੀ ਹੈ ਇਹ ਤੇਰੀ ਨੂੰਹ ਅਤੇ ਪੋਤਰਾ ਪੋਤਰੀ ਕਰਨਗੇ। ਉਨ੍ਹਾਂ ਨੂੰ ਵਕਤ ਮਿਲੇਗਾ ਅਤੇ ਤੈਨੂੰ ਜੋ ਵਾਹਿਗੁਰੂ ਸ਼ਬਦ ਦੱਸਿਆ ਹੈ ਤੂੰ ਉਸਦਾ ਪਾਠ ਭਜਨ ਕਰਦਾ ਰਹੀਂ। ਤੇਰਾ ਲੋਕ ਪਰਲੋਕ ਵਿਚ ਗੁਰੂ ਨਾਨਕ ਸਹਾਈ ਹੋਵੇਗਾ। ਤੈਨੂੰ ਸਭ ਕੁਝ ਮਿਲ ਗਿਆ ਹੈ, ਹੁਣ ਕੋਈ ਫਿਕਰ ਚਿੰਤਾ ਨਾ ਕਰ।" ਇਉਂ ਬਚਨ ਕਰਕੇ ਆਪਣੇ ਮਾਲਕ ਦੀ ਰਜਾ ਵਿਚ ਕਿਸੇ ਹੋਰ ਦਿਸ਼ਾ ਨੂੰ ਚਲੇ ਗਏ।

# ਭੋਲੂ ਵਾਲਾ

ਇਥੋਂ ਚਲ ਕੇ ਦੂਸਰੀ ਜਗ੍ਹਾ ਜੰਡਾ ਵਾਲੇ ਖਿਆਲੀ ਵਾਲੇ ਪਾਸੇ ਭੋਲੂਆਣਾ ਨਾਮ ਦਾ ਛੱਪੜ ਸੀ। ਉਥੇ ਜੰਡ ਹੇਠ ਨਿਵਾਸ ਕੀਤਾ ਅਤੇ ਇਕ ਸਿੰਘ ਜਿਸ ਦਾ ਨਾਮ ਗੁਰਦਿਆਲ ਸਿੰਘ ਸੀ। ਉਹ ਦੁੱਧ ਆਦਿਕ ਛਕਾਉਣ ਦੀ ਸੇਵਾ ਕਰਦਾ ਰਿਹਾ। ਇਕ ਦਿਨ ਬਾਬਾ ਜੀ ਨੇ ਬਚਨ ਕੀਤਾ "ਗੁਰਦਿਆਲ ਸਿੰਘ, ਕਿਸੇ ਚੀਜ਼ ਦੀ ਇੱਛਾ ਹੈ ਤਾਂ ਮੰਗ ਲੈ।" ਉਸ ਨੇ ਬੇਨਤੀ ਕੀਤੀ "ਮਹਾਰਾਜ ਕੋਈ ਇੱਛਾ ਨਹੀਂ ਹੈ। ਮੈਂ ਤਾਂ ਤੁਹਾਡਾ ਦਰਸ਼ਨ ਕਰਕੇ ਹੀ ਅਨੰਦ ਹੋ ਜਾਂਦਾ ਹਾਂ। ਕੁਝ ਮੰਗਣ ਨੂੰ ਦਿਲ ਹੀ ਨਹੀਂ ਕਰਦਾ।" ਸੋ ਇਸ ਤਰ੍ਹਾਂ ਉਸਨੂੰ ਕਈ ਵਾਰ ਬਚਨ ਕੀਤਾ। ਪਰ ਉਸਨੇ ਮੰਗਿਆ ਕੁਝ ਨਹੀਂ। ਅਖੀਰ ਨੂੰ ਬਾਬਾ ਜੀ ਕਹਿਣ ਲੱਗੇ "ਗੁਰਦਿਆਲ ਸਿੰਘ, ਤੂੰ ਨਾਮ ਜਪਿਆ ਕਰ।" ਉਹ ਬੋਲਿਆ "ਜੀ, ਮੈਂ ਪੜ੍ਹਿਆ ਕੁਝ ਵੀ ਨਹੀਂ।" ਬਚਨ ਹੋਇਆ ਕਿ "ਬਹੁਤੇ ਪੜ੍ਹੇ ਹੋਏ ਦੀ ਲੋੜ ਨਹੀਂ।" ਉਸ ਨੂੰ ਮੂਲ ਮੰਤਰ ਦਾ ਉਪਦੇਸ਼ ਦੇ ਕੇ ਬੋਲੇ "ਇਸਨੂੰ ਜਪਿਆ ਕਰ, ਉਠਦਾ ਬੈਠਦਾ, ਸੌਂਦਾ, ਜਾਗਦਾ, ਸਦਾ ਜਪਿਆ ਕਰ। ਇਹੋ ਨਾਮ ਹੈ, ਅਤੇ ਇਸ ਨੂੰ ਜਪਣ ਨਾਲ ਸਭ ਫਲ ਮਿਲਦੇ ਹਨ। ਜਿਸ ਵਕਤ ਜੀਵ ਦੇ ਪੁੰਨ ਜਾਗਦੇ ਹਨ ਤਾਂ ਮਹਾਂਪੁਰਖ ਦੀ ਸੰਗਤ ਮਿਲਦੀ ਹੈ। ਉਸ ਤੋਂ ਵੀ ਵੱਡੇ ਪੁੰਨ ਹੋਵਨ ਤਾਂ ਫਿਰ ਮਹਾਂਪੁਰਖ ਤੋਂ ਦੁਨਿਆਵੀਂ ਪਦਾਰਥ ਜੀਵ ਨਹੀਂ ਮੰਗਦਾ। ਫਿਰ ਉਸ ਨੂੰ ਪ੍ਰਾਪਤੀ ਹੁੰਦੀ ਹੈ ਅਸਲੀ ਧੰਨ ਦੀ। ਪ੍ਰਮੇਸ਼ਵਰ ਦਾ ਨਾਮ ਇਹ ਵੱਡੇ ਭਾਗਾਂ ਵਾਲੇ ਕਿਸੇ ਵਿਰਲੇ ਨੂੰ ਪ੍ਰਾਪਤ ਹੁੰਦਾ ਹੈ।

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ**

**(ਦੇਵਗੰਧਾਰੀ ਮ:੫ ੫੩੪)**

ਭਗਤ ਬੇਨਤੀ ਕਰਦਾ ਹੈ ਪ੍ਰਭੂ !

ਨਾ ਮੈਨੂੰ ਰਾਜ ਦੀ ਲੋੜ ਹੈ ਨ ਇਸਤ੍ਰੀ ਆਦਿਕ ਸੁਖ ਦੀ ਲੋੜ ਹੈ।

ਮੈਨੂੰ ਕੇਵਲ ਤੇਰੀ ਭਗਤੀ ਦੀ ਜ਼ਰੂਰਤ ਹੈ ਜਿਸ ਨਾਲ ਮੇਰੇ ਬੰਧਨ ਕੱਟੇ ਜਾਣ। ਸੋ ਇਸ ਤਰ੍ਹਾਂ ਕਰਕੇ ਬਾਬਾ ਜੀ ਨੇ ਉਸ ਦੇ ਮਨ ਨੂੰ ਵੇਖ ਕੇ ਨਾਮ ਜਪਣ ਵਿਚ ਲਾ ਦਿੱਤਾ। ਉਸ ਦਾ ਜਨਮ ਸਫਲ ਹੈ ਜਿਨ੍ਹਾਂ ਨਾਮ ਜਪਿਆ ਹੈ। ਨਾਮ ਤੋਂ ਬੇ-ਮੁੱਖ ਪੁਰਸ਼ਾਂ ਨੇ ਸੰਸਾਰ ਵਿਚ ਆ ਕੇ ਕੁਝ ਨਹੀਂ ਖੱਟਿਆ। ਜਿਨ੍ਹਾਂ ਰੱਬ ਪਛਾਤਾ ਨਾਹੀ ਓਹ ਅੱਖੀਆਂ ਤੋਂ ਅੰਨੇ ਆਏ/ਗਫਲਤ ਵਿਚ ਵੰਞਾਈ ਉਮ੍ਰਾ ਬਿਰਥੇ ਸਾਸ ਗਵਾਏ/ਰੋਂਦੇ ਆਏ ਪਿਟਦੇ ਮੋਏ ਮਿਲਦੀ ਤਿਨਾ ਸਜਾਏ/ਆਪਨਾਂ ਕੰਮ ਨਾ ਕੀਤਾ ਗੋਯਾ ਆਏ ਗਏ ਅਜਾਏ।

**(ਭਾਈ ਨੰਦ ਲਾਲ ਜੀ)**

# ਡੇਰਾ ਬਾਬਾ ਰੂਮੀ ਵਾਲਾ ਭੁਚੋ ਕਲਾਂ

ਇਹ ਅਸਥਾਨ ਪਿੰਡ ਭੁਚੋ ਕਲਾਂ ਵਿਖੇ ਹੈ, ਜੋ ਕਿ ਭੁਚੋ ਮੰਡੀ ਤੋਂ ਭਗਤੇ ਵਾਲੀ ਸੜਕ ਤੇ ਭੁਚੋ ਮੰਡੀ ਤੋਂ ਤਿੰਨ ਕੁ ਕਿਲੋਮੀਟਰ ਦੇ ਫਾਸਲੇ ਤੇ ਹੈ। ਪਿੰਡ ਭੁਚੋ ਕਲਾਂ ਬਠਿੰਡਾ ਤੋਂ ਦਸ ਕਿਲੋਮੀਟਰ ਦੇ ਫਾਸਲੇ ਤੇ ਹੈ। ਬਠਿੰਡਾ ਬਰਨਾਲਾ ਸੜਕ ਤੇ ਭੁਚੋ ਕੈਂਚੀਆਂ ਤੋਂ ਦੋ ਕੁ ਫਰਲਾਂਗ ਦੇ ਫਾਸਲੇ ਤੇ ਹੇ। ਜਿਹੜੀਆਂ ਬੱਸਾਂ ਮੋਗੇ ਤੋਂ ਬਠਿੰਡੇ ਨੂੰ ਭਗਤੇ ਵਿਚ ਦੀ ਜਾਂਦੀਆਂ ਹਨ, ਉਹ ਪਿੰਡ ਭੁਚੋ ਕਲਾਂ ਹੋ ਕੇ ਜਾਂਦੀਆ ਹਨ। ਲੁਧਿਆਣਾ ਜਾਂ ਪਟਿਆਲਾ ਵਲੋਂ ਬੱਸਾਂ ਰਾਹੀਂ ਆਉਣ ਵਾਲੇ ਯਾਤਰੂ ਭੁਚੋ ਕੈਂਚੀਆਂ ਤੇ ਉਤਰ ਕੇ, ਸੌਖ ਨਾਲ ਹੀ ਡੇਰਾਰੂਮੀ ਵਾਲਾ ਭੁਚੋ ਕਲਾਂ ਪਹੁੰਚ ਸਕਦੇ ਹਨ।

ਜਿੰਨ੍ਹਾਂ ਜਿੰਨ੍ਹਾਂ ਵਿਦਵਾਨਾਂ ਦੇ ਗ੍ਰੰਥਾਂ ਵਿਚੋਂ ਅਤੇ ਉਨ੍ਹਾਂ ਦੇ ਨਿੱਜੀ ਸਹਿਯੋਗ ਨਾਲ ਸਹਾਇਤਾ ਮਿਲੀ, ਦਾਸ ਉਨ੍ਹਾਂ ਦਾ ਧੰਨਵਾਦੀ ਹੈ।

# ਸੰਤ ਬਾਬਾ ਸੁਖਦੇਵ ਸਿੰਘ ਜੀ

## ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜਿਲ੍ਹਾ ਫਿਰੋਜਪੁਰ ਵਿਖੇ ਮਾਤਾ ਸੋਮਾਵੰਤੀ ਕੋਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ ’ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ ’ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਉਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ ’ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ

ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾ ਪੂਰੀਆਂ ਕੀਤੀਆਂ ਕਾਫੀ ਅਜੇ ਚਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ ’ਤੇ ਪੂਰੇ ਉਤਰਦੇ ਸਨ। ਸੰਤ ਬਾਬਾਂ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾਂ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾ ਅਤੇ ਸੰਗਤਾ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-2 ਵਾਲੇ ਮਹਾਂ ਸੰਪਟ ਪਾਠ ਨਾਨਕ ਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾ, ਬੱਸ ਯਾਤਰਾ, ਜਹਾਜ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਂਵਾ) 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ ’ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ ’ਤੇ ਕਿੰਨੇ ਖੁਸ਼ ਹਾ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੌਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਲੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂਹਰਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਦੀ ਸੇਵਾ ਕਰਵਾ ਰਹੇ ਹਨ।

## ਬਾਬਾ ਜੀ ਵਲੋਂ ਹੋ ਚੁਕੀਆਂ ਅਤੇ ਹੋ ਰਹੀਆਂ ਸੇਵਾਵਾਂ ਇਸ ਤਰ੍ਹਾਂ ਹਨ ।

1.ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਯਾਤਰੀ ਨਿਵਾਸ ਗੇਟ ਨੰ:2 ਸ੍ਰੀ ਹਜ਼ੁਰ ਸਾਹਿਬ ਲੰਗਰ ਅਸਥਾਨ ਬਾਬਾਮਹਾਂਹਰਨਾਮ ਸਿੰਘ ਜੀ ਡੇਰਾ ਰੂੰਮੀ । ਬਾਬਾ ਰੂੰਮੀ ਵਾਲਾ ਗੇਟ ਨੰ:2 ਸ੍ਰੀ ਹਜ਼ੁਰ ਸਾਹਿਬ,ਫੋਨ 094228-70313,02462-6440313
2.ਗੁਰੂ ਰਾਮਦਾਸ ਯਾਤਰੀ ਨਿਵਾਸ 250 ਕਮਰੇ ਸ੍ਰੀ ਹਜ਼ੁਰ ਸਾਹਿਬ ਸਚਖੰਡ ਬੋਰਡ ਨੂੰ ਸੋਂਪੇ
3.ਲੰਗਰ ਅਸਥਾਨ ਬਾਬਾ ਮਹਾਂਹਰਨਾਮ ਸਿੰਘ ਜੀ ਡੇਰਾ ਰੂੰਮੀ ਵਾਲਾ ਆਸਨਾ ਨਦੀ ਸ੍ਰੀ ਹਜ਼ੁਰ ਸਾਹਿਬ ਫੋਨ:0249428-70313,02462-640313
4.ਬਾਬਾ ਕੁੰਦਨ ਸਿੰਘ ਜੀ ਨਾਨਕਸਰ ਭਵਨ ਗੇਟ ਨੰ:6 ਸ੍ਰੀ ਹਜ਼ੁਰ ਸਾਹਿਬ ਫੋਨ:099232-51313
5.ਠਾਠ ਨਾਨਕਸਰ ਲੰਗਰ ਹਾਲ ਆਉਂਡਾਂ ਨਾਗ ਨਾਥ ਦੇਹਰਾ ਭਗਤ ਨਾਮਦੇਵ ਜੀ ਮਹਾਂਰਾਸ਼ਟਰ ਫੋਨ:94228-70313,092251-20213
6.ਠਾਠ ਨਾਨਕਸਰ ਲੰਗਰ ਹਾਲ ਪਿੰਡ ਅਮੰਠਾਂ ਔਰਗਾਂਬਾਦ ਤੋਂ ਸ੍ਰੀ ਹਜ਼ੁਰ ਸਾਹਿਬ ਰੋਡ ਮਹਾਂਰਾਸ਼ਟਰ, ਫੋਨ:094228-70313,092251-20213
7.ਪੁਰਾਤਨ ਮੰਦਰ ਭਗਤ ਨਾਮਦੇਵ ਜੀ ਦੀ ਕਾਰ ਸੇਵਾ ਆਉਂਡਾਂ ਨਾਗ ਨਾਥ ਮਹਾਂਰਾਸ਼ਟਰ, ਫੋਨ:094228-70713,092251-20213
8.ਠਾਠ ਨਾਨਕਸਰ ਲੰਗਰ ਬਾਬਾ ਮਹਾਂ ਹਰਨਾਮ ਸਿੰਘ ਜੀ ਡੇਰਾ ਰੂਮੀ ਵਾਲਾ ਵਾਸਿਮ ਮਹਾਰਾਸ਼ਟਰ, ਫੋਨ:097194-71313,094228-70313,092251-20313
9.ਠਾਠ ਨਾਨਕਸਰ ਲੰਗਰ ਬਾਬਾ ਮਹਾਂਹਰਨਾਮ ਸਿੰਘ ਜੀ ਡੇਰਾ ਰੂਮੀ ਵਾਲਾ ਮਾਲਤਵੇ ਤੋਂ ਅੱਗੇ ਵਾਕਾਂ ਹੈਦਰਾਬਾਦ **A.P** ਫੋਨ:094228-70313,092251-20313
10.ਠਾਠ ਨਾਨਕਸਰ ਲੰਗਰ ਬਾਬਾ ਮਹਾਂ ਹਰਨਾਮ ਸਿੰਘ ਜੀ ਡੇਰਾ ਰੂਮੀ ਵਾਲਾ ਪਿੰਡ ਖੰਡਵਾ ਨੇੜੇ ਦੁਲਾਰ ਫਾਟਾ **M.P** ਫੋਨ:094228-70313
11.ਠਾਠ ਨਾਨਕਸਰ ਲੰਗਰ ਬਾਬਾ ਮਹਾਂ ਹਰਨਾਮ ਸਿੰਘ ਜੀ ਡੇਰਾ ਰੂਮੀ ਵਾਲਾ ਪਿੰਡ ਡਬਰਾਂ **M.P**
12.ਠਾਠ ਨਾਨਕਸਰ ਲੰਗਰ ਬਾਬਾ ਮਹਾਂ ਹਰਨਾਮ ਸਿੰਘ ਜੀ ਯਾਦਗਾਰ ਭਗਤ ਪੀਪਾ ਜੀ ਨੇੜੇ ਸਕੇਤ ਝਾਲਾ ਵਾੜ ਜਿਲ੍ਹਾਂ ਕੋਟਾ ਰਾਜਸਥਾਨ 097840-22713,097841-56213
13.ਬਾਬਾ ਨੰਦ ਸਿੰਘ ਜੀ ਸੰਤ ਆਸ਼ਰਮ ਮੇਨਰੋਡ ਸ੍ਰੀ ਹਜ਼ੁਰ ਸਾਹਿਬ ਸੇਵਾਦਾਰ ਕੁਲਦੀਪ ਸਿੰਘ ਜੀ ਵਿਰਕ
14.ਠਾਠ ਨਾਨਕਸਰ ਪਿੰਡ ਸੇਰਗੜ ਹਨੂਮਾਨਗੜ ਤੋਂ ਰਤਨਗੜ ਰੋਡ ਉਪਰ ਬਾਬਾ ਜੱਸਾ ਸਿੰਘ ਜੀ ਫੋਨ:092992-70537
15.ਠਾਠ ਨਾਨਕਸਰ ਪਿੰਡ ਪਦਮਪੁਰ ਰਾਜਸਥਾਨ ਫੋਨ:092992-70537
16.ਈਕਾਤ ਭਗਤੀ ਅਸਥਾਨ ਚੁਰੂ ਤੋਂ ਰਤਨਗੜ ਰੋਡ ਉਪਰ ਰਾਜਸਥਾਨ ਫੋਨ:092998-70537
17.ਠਾਠ ਨਾਨਕਸਰ ਗੁਰ ਤੇਗ ਬਹਾਦਰ ਜੀ ਜਲ ਮਹੱਲ ਜੈ ਪੁਰ ਦਿਲੀ ਬਾਈਪਾਸ ਰਾਮਗੜ ਮੋੜ ਫੋਨ:093515-13013,098290-56139
18.ਠਾਠ ਨਾਨਕਸਰ ਪਿੰਡ ਗਜਰੋਲਾ ਬਾਜਪੁਰ ਉਤਰਾਚਲ ਪ੍ਰਦੇਸ਼ ਫੋਨ:099279-93387,098371-01338
19.ਠਾਠ ਨਾਨਕਸਰ ਪਿੰਡ ਗੈਣੀ ਪਟੜੀਏ ਤੁਲਾ ਲਖੀਮਪੁਰ ਖੀਵੀ **U.P** ਫੋਨ:099195-06374
20.ਠਾਠ ਨਾਨਕਸਰ ਪੀਲੀ ਭੀਤ ਬਾਈ ਪਾਸ ਬਰੇਲੀ **U.P** ਫੋਨ:097597-31313,092195 51326
21.ਠਾਠ ਨਾਨਕਸਰ ਕਾਸ਼ੀਪੁਰ ਮੁਰਾਦਾਬਾਦ ਰੋਡ ਨਜਦੀਕ ਸੂਰੀਆ ਬਲਬ ਫੈਕਟਰੀ ਉਤਰਾਚਲ ਪ੍ਰਦੇਸ਼ ਫੋਨ:099273-25159,094104-61205
22.ਠਾਠ ਨਾਨਕਸਰ ਲਾਲਪੁਰ ਉਤਰਾਚਲ ਫੋਨ:099171-06670
23.ਠਾਠ ਨਾਨਕਸਰ ਰੁਦਰਪੁਰ,ਸ਼ਹੀਦ ਉਧਮ ਸਿੰਘ ਨਗਰ ਉਤਰਾਚਲ ਪ੍ਰਦੇਸ਼
24.ਠਾਠ ਨਾਨਕਸਰ ਗੁ:ਬਾਬਾ ਦੀਪ ਸਿੰਘ ਜੀ ਸ਼ਹੀਦ ਗੰਗਾ ਨਗਰ ਰਾਜਸਥਾਨ 0154-3108073,098761-91813
25.ਠਾਠ ਨਾਨਕਸਰ ਕੰਧਵਾਲੀ ਰੋਡ ਅਬੋਹਰ ਫੋਨ:01634-232355,094639-83413
26.ਠਾਠ ਨਾਨਕਸਰ ਅਕਾਂ ਵਾਲੀ ਫੋਨ:01501-266340
27.ਠਾਠ ਨਾਨਕਸਰ ਢਿਪਾ ਵਾਲੀ ਫੋਨ:094635-50108

28.ਬਾਬਾ ਈਸ਼ਰ ਸਿੰਘ ਜੀ ਨਾਨਕਸਰ ਸਕੂਲ ਟਿਪਾ ਵਾਲੀ
29.ਠਾਠ ਨਾਨਕਸਰ ਕਟਿਆ ਵਾਲੀ ਫੋਨ:094716-68594,092172-90958
30.ਠਾਠ ਨਾਨਕਸਰ ਟਿੰਡਾ ਵਾਲੀ
31.ਠਾਠ ਗੋਬਿੰਦਸਰ ਨਾਨਕਸਰ ਪਿੰਡ ਸ਼ੇਰਪੁਰ ਮੁਹੰਮਦ ਜਲਾਲਾਬਾਦ ਫੋਨ:01638-251524,ਮੋਬਾ:94176-71565
32.ਠਾਠ ਨਾਨਕਸਰ ਡਬਵਾਲੀ
33.ਠਾਠ ਨਾਨਕਸਰ ਪਿੰਡ ਖਾਈ ਫਿਰੋਜਪੁਰ ਫੋਨ:099148-67135
34.ਨਾਨਕਸਰ ਮਸੀਤਾਂ ਜਿਲ੍ਹਾਂ ਫਿਰੋਜਪੁਰ ਫੋਨ:94174-18126
35.ਠਾਠ ਗੁਰੂ ਨਾਨਕਸਰ ਮੰਦਰ ਮੁਹਾਰ ਕੋਟ ਈਸੇ ਖਾਂ ਫਿਰੋਜਪੁਰ ਫੋਨ:98146-40752
36.ਠਾਠ ਨਾਨਕਸਰ ਕੁਰਾਲੀ ਚੰਡੀਗੜ,ਫੋਨ:098149-01326
37.ਠਾਠ ਨਾਨਕਸਰ ਮਜਾਰੀ, ਚੰਡੀਗੜ੍ਹ ਰੋਡ ਉਪਰ
38.ਠਾਠ ਨਾਨਕਸਰ ਬੁੜਾ ਆਸ਼ਰਮ ਸੈਕਟਰ **A 55** ਚੰਡੀਗੜ੍ਹ,ਸਾਹਮਣੇ **S.S.P** ਦਫਤਰ ਫੋਨ:094172-13824,098761-91813,69872-2992361
39.ਲੰਗਰ ਹਾਲ ਡੇਰਾ ਰੂੰਮੀ ਵਾਲਾ ਨਾਨਕਸਰ ਖਾਸ ਨਜਦੀਕ ਰੇਲਵੇ ਫਾਟਕ,ਫੋਨ:094177-43423,094632-75631
40.ਲੰਗਰ ਹਾਲ ਬਾਬਾ ਮਹਾਂ ਹਰਨਾਮ ਸਿੰਘ ਡੇਰਾ ਰੂੰਮੀ ਵਾਲਾ ਸ੍ਰੀ ਅੰਮ੍ਰਿਤਸਰ ਵਿਖੇ ਦਰਸਨ ਕਰਨ ਆਈਆ ਸੰਗਤਾਂ,ਗਲੀ ਸੰਗਲ ਵਾਲੀ ਨੇੜੇ ਗੁ:ਬਾਬਾ ਅਟਲ ਰਾਏ ਜੀ ਅੰਮ੍ਰਿਤਸਰ,ਫੋਨ:013569-33100
41.ਬਾਬਾ ਨੰਦ ਸਿੰਘ ਜੀ ਯਾਤਰੀ ਨਿਵਾਸ ਨੇੜੇ ਆਟਾ ਮੰਡੀ ਦਰਬਾਰ ਸਾਹਿਬ ਅੰਮ੍ਰਿਤਸਰ, ਫੋਨ:093575-26026,093570-02169,093161-11213
42.ਬਾਬਾ ਕੁੰਦਨ ਸਿੰਘ ਯਾਤਰੀ ਨਿਵਾਸ ਲੰਗਰ ਅਸਥਾਨ ਗਲੀ ਕਬੋਆਂ ਵਾਲੀ ਚੌਂਕ ਲਸ਼ਮਣਸਰ ਨੇੜੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਫੋਨ:093561-81313,093164-1213,093570-02169
43.ਠਾਠ ਗੁਰੂ ਹਰਗੋਬਿੰਦ ਸਾਹਿਬ ਮਾਤਾ ਸੁਲਖਣੀ ਨਾਨਕਸਰ ਠਾਠ ਪਿੰਡ ਚੋਬਾ ਤਰਨਤਾਰਨ ਰੋਡ ਅੰਮ੍ਰਿਤਸਰ ਫੋਨ:093726-47213,093577-26026
44.ਸਰਕਾਰੀ ਸਕੂਲ ਪਿੰਡ ਚੋਬਾ ਤਰਨਤਾਰਨ ਰੋਡ ਅੰਮ੍ਰਿਤਸਰ,ਫੋਨ:098736-47213,93577-26026
45.ਗੁਰੂ ਹਰਗੋਬਿੰਦ ਸਾਹਿਬ ਮਾਤਾ ਸੁਲਖਣੀ ਚੇਰੀਟੇਬਲ ਆਈ ਹਸਪਤਾਲ ਕਨੇਡੀਅਨ ਆਈ ਸਾਈਟ ਸੁਸਾਇਟੀ ਫੋਨ:98726-47213,093577-26026
46.ਠਾਠ ਨਾਨਕਸਰ ਸਕੂਲ ਬਾਬਾ ਈਸ਼ਰ ਸਿੰਘ ਜੀ ਰਣਜੀਤ ਐਵੀਨਿਊ **D**-ਬਲਾਕ ਅੰਮ੍ਰਿਤਸਰ, ਫੋਨ:93575-26626,0183-2500995
47.ਲੰਗਰ ਸੱਚਖੰਡ ਟਰੇਨ ਸ੍ਰੀ ਅੰਤ੍ਰਿਸਰ ਵਿਖੇ ਸਟੇਸ਼ਨ ਡੇਰਾ ਰੂਮੀ ਵਾਲਾ ਫੋਨ:0183-2500995,097811-77617, 98550-99680
48.ਠਾਠ ਨਾਨਕਸਰ ਹਦੈਤ ਪੁਰਾ ਅੰਮ੍ਰਿਤਸਰ ਫੋਨ:98726-47213,093577-26026
49.ਗੁਰੂ ਨਾਨਕ ਧਾਮ ਰਾਮੇਸ਼ਵਰਮ ਮਦਰਾਸ ਸੁਨਾਮੀ ਪੀੜਤਾ ਲਈ ਗੁਰੂ ਨਾਨਕ ਨਗਰ ਕਦਲੂਰ ਮਦਰਾਸ
50.ਠਾਠ ਨਾਨਕਸਰ ਕਰਨਪੁਰ ਰਾਜਸਥਾਨ
51.ਗੋਰਮਿੰਟ ਹਾਈ ਸਕੂਲ ਪਿੰਡ ਫਤਿਹਗੜ੍ਹ,ਪੰਜਤੂਰ ਫਿਰੋਜਪੁਰ ਫੋਨ:94177-24274
52.ਨਾਨਕਸਰ ਬੁਢਲਾਡਾ
53.ਠਾਠ ਨਾਨਕਸਰ ਧਰਮਕੋਟ,ਕੋਟ ਈਸੇ ਖਾਂ ਨਾਨਕਸਰ ਕੀਰਤਨ ਸਿਖਲਾਈ ਕੇਂਦਰ ਝਾਂਗਾ ਕੇਰੀ ਗੇਟ ਜੈਪੁਰ ਸ਼ਹਿਰ ਫੋਨ:093513-27659
54.ਠਾਠ ਨਾਨਕਸਰ ਨੂਰ ਵਾਲਾਂ ਲੁਧਿਆਣਾ,ਫੋਨ:98765-00513
55.ਠਾਠ ਨਾਨਕਸਰ ਲੁਧਿ:ਯੂਨੀਵਰਸਿਟੀ ਸਾਹਮਣੇਜਗਰਾਉਂ ਰੋਡ,ਫੋਨ:0161-2451213
56.ਠਾਠ ਨਾਨਕਸਰ ਪੰਨੀਵਾਲਾ
57.ਡੇਰਾ ਬਾਬਾ ਰੂੰਮੀਵਾਲਾ ਸੰਗੀਤ ਅਕੈਡਮੀ ਗਲੀ ਸੰਗਲ ਵਾਲੀ ਬਾਬਾ ਅਟਲ ਰਾਏ 93161-11213,93570-02169
58.ਗੁਰਸਿੱਖ ਪ੍ਰੀਵਾਰ ਦੀਆਂ ਬਚੀਆਂ ਦੇ ਅਨੰਦ ਕਾਰਜ ਲਈ ਸ੍ਰੀ ਗੁਰੂ ਰਾਮਦਾਸ ਜੀ ਲੋਕ ਭਲਾਈ ਟਰੱਸਟ,ਫੋਨ:98157-83000,93570-03913 93560-00055,93560-00373